# ਜੀਵਨ - ਗਾਥਾ
## (ਸ਼੍ਰੀ ਮਾਨ ਭਗਤ ਉਜਾਗਰ ਸਿੰਘ ਜੀ)

ਸ਼ਬਦ

ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥
ਪਰਵਾਣੁ ਗਣੀ ਸੇਈ ਇਹ ਆਏ ਸਫ਼ਲ ਤਿਨਾ ਕੇ ਕਾਮਾ॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥
ਕੇਸਾ ਕਾ ਕਰਿ ਚਵਰ ਢੁਲਾਵਾਂ ਚਰਣ ਧੂੜਿ ਮੁਖਿ ਲਾਈ॥

॥ਰਹਾਉ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥
ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥
ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣ ਪਾਵਾ॥



# ਸ਼੍ਰੀ ਮਾਨ ਭਗਤ ਉਜਾਗਰ ਸਿੰਘ ਜੀ

(15 ਜੇਠ 1914– 16 ਹਾੜ 1970)

# ਜਨਮ ਤੇ ਬਚਪਨ

ਭਗਤ ਉਜਾਗਰ ਸਿੰਘ ਜੀ ਦਾ ਜਨਮ ਜ਼ਿਲ੍ਹਾ ਲਾਹੌਰ ਦੇ ਪਿੰਡ ਕਾਹਨਾ ਕਾਛਾ ਵਿੱਚ 15 ਜੇਠ ਸੰਮਤ 1971 ਦਿਨ ਐਤਵਾਰ ਸੰਨ 28 ਜੂਨ 1914 ਈਸਵੀ ਵਿੱਚ ਪਿਤਾ ਸ: ਦਾਨ ਸਿੰਘ ਜੀ ਦੇ ਘਰ ਮਾਤਾ ਮਹਾ ਕੌਰ ਦੀ ਕੁੱਖ ਵਿੱਚੋਂ ਹੋਇਆ। ਆਪ ਜੀ ਦੇ ਦਾਦਾ ਸ੍ਰ: ਮੱਖਣ ਸਿੰਘ ਜੀ ਆਪ ਜੀ ਦੇ ਜਨਮ ਲੈਣ ਤੋਂ ਪਹਿਲਾਂ ਮਹਾਰਾਜ ਅੱਗੇ ਅਰਦਾਸਾ ਕਰਦੇ ਅਤੇ ਕਰਾਉਂਦੇ ਰਹਿੰਦੇ ਕਿ ਸਾਡੇ ਘਰ ਕੋਈ ਭਗਤ ਜੋ ਪ੍ਰਮੇਸ਼ਰ ਦੀ ਬੰਦਗੀ ਕਰਨ ਵਾਲਾ ਹੋਵੇ। ਉਸਦੀ ਪੈਦਇਸ਼ ਹੋਵੇ ਸੋ ਦਾਦਾ ਜੀ ਦੀ ਭਾਵਨਾ ਨੂੰ ਭਾਗ ਲੱਗੇ ਅਤੇ ਭਗਤ ਜੀ ਦਾ ਜਨਮ ਹੋਇਆ। ਭਗਤ ਜੀ ਦੇ ਦਾਦਾ ਜੀ ਦਾ ਕਈ ਪਿੰਡਾਂ ਵਿੱਚ ਸ਼ਾਹੂਕਾਰਾ ਚੱਲਦਾ ਸੀ ਅਤੇ ਉਨ੍ਹਾਂ ਨੇ ਇਕ ਲੱਖ ਰੁਪਏ ਦੀ ਜਮੀਨ ਉਸ ਸਮੇਂ ਖਰੀਦ ਕੇ ਘਰ ਵਾਲਿਆਂ ਨੂੰ ਦਿੱਤੀ ਸੀ ਅਤੇ ਤੀਹ ਕਿਲੇ, ਜਮੀਨ ਸਿਰਫ ਮਾਲ-ਡੰਗ ਚਾਰਨ ਵਾਸਤੇ ਛੱਡੀ ਹੋਈ ਸੀ। ਆਪ ਜੀ ਦੇ ਪਿਤਾ ਸ੍ਰ. ਦਾਨ ਸਿੰਘ ਖੇਤਬਾੜੀ ਦਾ ਕੰਮ ਕਰਦੇ ਸਨ। ਭਗਤ ਉਜਾਗਰ ਸਿੰਘ ਜੀ ਦੋ ਭਰਾ ਸਨ ਦੂਜੇ ਭਰਾ ਦਾ ਨਾਮ ਸ੍ਰ. ਸੁਦਾਗਰ ਸਿੰਘ ਸੀ।

ਆਪ ਜੀ ਦਾ ਪਿੰਡ ਕਾਹਨਾਂ ਕਾਛਾ ਸੀ ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਫਿਰੋਜਪੁਰ ਦੇ ਕੋਲ ਜਿੱਥੇ ਅੱਜਕੱਲ ਬਾਜੀਦਪੁਰ ਵਿਖੇ ਗੁਰਦੁਆਰਾ ਜਾਮਨੀ ਸਾਹਿਬ ਹੈ ਅਤੇ ਜਿਥੇ ਇੱਕ ਤਿੱਤਰ ਨੂੰ ਬਾਜ ਤੋਂ ਤੜਵਾਇਆ ਸੀ ਅਤੇ ਪਿਛਲੇ ਜਨਮ ਦਾ ਉਸਦਾ ਲੈਣ-ਦੇਣ ਪੂਰਾ ਕਰਵਾਇਆ ਕਿਉਂਕਿ ਉਹਨਾਂ ਦੋਨਾਂ ਵਿੱਚ ਤਿੱਤਰ ਅਤੇ ਬਾਜ ਵਿੱਚ ਆਪ ਜੀ ਜਾਮਨ ਸਨ ਅਤੇ ਉਹਨਾਂ ਦਾ ਉਧਾਰ ਕੀਤਾ। ਉਸ ਵਕਤ ਇੱਥੇ ਸ਼ਾਮ ਨੂੰ ਕਸੂਰ ਤੋਂ ਮੁਸਲਮਾਨਾਂ ਦੇ ਨਗਾਰਿਆਂ ਦੀ ਅਵਾਜ਼ ਸੁਣੀ ਤਾਂ ਸਿੰਘਾਂ ਨੇ ਆਖਿਆ ਕਿ ਮਹਾਰਾਜ ਜੀ ਤੁਸੀਂ ਇੰਨੇ ਮੁਸਲਮਾਨ ਮਾਰੇ ਹਨ ਪਰ ਅਜੇ ਵੀ ਇਹਨਾਂ ਦੇ ਨਗਾਰੇ ਵਜਦੇ ਹਨ ਤਾਂ ਉਸ ਸਮੇਂ ਗੁਰੂ ਜੀ ਨੇ ਬਚਨ ਕੀਤਾ ਸੀ ਕਿ ਸਾਡੇ ਕਾਹਨੇ ਕਾਛੇ ਦੇ ਬੜੇ ਭਾਰੀ ਸਿੰਘ ਸੂਰਬੀਰ ਹੋਣਗੇ ਜੋ ਇਹਨਾਂ ਮੁਸਲਮਾਨਾਂ ਨੂੰ ਦਬਾ ਕੇ ਰੱਖਿਆ ਕਰਨਗੇ। ਸੋ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਕਾਹਨੇ ਕਾਛੇ ਦੇ ਸਿੰਘ ਬੜੇ ਭਾਰੀ ਸੂਰਬੀਰ ਸਨ ਅਤੇ ਜਿਨ੍ਹਾਂ ਵਿੱਚੋਂ ਭਗਤ ਉਜਾਗਰ ਸਿੰਘ ਜੀ ਸਭ ਤੋਂ ਸ਼੍ਰੋਮਣੀ ਸਨ।

ਭਗਤ ਉਜਾਗਰ ਸਿੰਘ ਜੀ ਨੂੰ ਘਰਦਿਆਂ ਵੱਲੋਂ ਇਹ ਖੁੱਲ ਦਿੱਤੀ ਗਈ ਸੀ ਕਿ ਖੁਰਾਕ ਜਿੰਨੀ ਮਰਜੀ ਖਾਉ ਅਤੇ ਖੁਆਓ ਅਤੇ ਤਕੜੇ ਹੋਵੋ। ਇਸ ਲਈ ਆਪ ਜੀ ਦਾ ਕੱਦ ਬਹੁਤ ਲੰਮਾ ਸੀ ਅਤੇ ਸਰੀਰ ਬਹੁਤ ਤਾਕਤਵਾਰ ਸੀ।

ਆਪ ਜੀ ਨੇ ਗਿਆਰਾਂ ਸਾਲ ਦੀ ਉਮਰ ਤੱਕ ਪੰਜ ਜਮਾਤਾਂ ਪੜ੍ਹੀਆਂ। ਭਗਤ ਜੀ ਦੇ ਮਾਤਾ ਜੀ ਬੜੀ ਸੁੱਚ ਰੱਖਣ ਵਾਲੇ ਸਨ ਅਤੇ ਬਾਣੀ ਪੜ੍ਹਦੇ ਰਹਿੰਦੇ ਸਨ। ਭਗਤ ਜੀ ਦੇ ਮਾਤਾ ਜੀ ਨੂੰ ਪੰਜ ਬਾਣੀਆਂ ਨਿਤਨੇਮ ਸੁਖਮਨੀ ਸਾਹਿਬ, ਆਸਾ ਕੀ ਵਾਰ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ ਜ਼ਬਾਨੀ ਕੰਠ ਸੀ। ਇਕ ਸਿੰਘ ਜੋ ਸੰਤਾਂ ਦੇ ਜਥੇ ਵਿੱਚ ਰਹਿੰਦਾ ਸੀ ਜਿਸਦਾ ਨਾਮ ਭਗਵਾਨ ਸਿੰਘ ਅਤੇ ਡਾਲੀ ਕਰਦਾ ਹੁੰਦਾ ਸੀ ਜਦੋਂ ਦੁੱਧ ਲੈਣ ਲਈ

ਆਉਂਦਾ ਤਾਂ ਮਾਤਾ ਜੀ ਉਸ ਕੋਲੋ ਗੁਰਬਾਣੀ ਦੀ ਇੱਕ-ਇੱਕ ਤੁੱਕ ਪੁੱਛ ਕੇ ਪਕਾਇਆ ਕਰਦੇ। ਇਸ ਤਰ੍ਹਾਂ ਭਗਤ ਉਜਾਗਰ ਸਿੰਘ ਜੀ ਦੀ ਮਾਤਾ ਜੀ ਨੇ ਜੀ ਨੇ ਗੁਰਬਾਣੀ ਜ਼ਬਾਨੀ ਕੰਠ ਕੀਤੀ ਸੀ। ਆਪ ਜੀ ਦੇ ਪਿਤਾ ਸ੍ਰ. ਦਾਨ ਸਿੰਘ ਜੀ ਬੜੇ ਦਾਨੇ ਸੁਭਾਅ ਦੇ ਮਾਲਕ ਸਨ ਅਤੇ ਧਰਮ ਕਿਰਤ ਕਰਨ ਵਾਲੇ ਜੋ ਛਿਆਨਵੇਂ ਸਾਲ ਦੀ ਉਮਰ ਵਿੱਚ ਵੀ ਚਾਰ ਪੰਜ ਮੀਲ ਤੁਰ ਲਿਆ ਕਰਦੇ ਸਨ।

ਫਿਰ ਆਪ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਜਨਮ ਸਾਖੀ ਪੜ੍ਹ ਕੇ ਸੁਪਨੇ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕੀਤੇ ਜਿਸ ਤਰ੍ਹਾਂ ਕਬੀਰ ਸਾਹਿਬ ਜੀ ਦਾ ਬਚਨ

- **ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥**
- **ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ ॥**
- **ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ**
  **ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ**
  **ਸੋ ਤਨੁ ਜਾਣੁ ਮਸਾਨੁ ॥**
- **ਮਨਿ ਬੈਰਾਗ ਭਇਆ**
  **ਦਰਸ਼ਨ ਦੇਖਣੈ ਕਾ ਚਾਉ ॥**

ਆਪ ਜੀ ਦੇ ਦਾਦਾ ਜੀ ਸਿਮਰਨ ਕਰਿਆ ਕਰਦੇ ਅਤੇ ਬਹੁਤ ਘੱਟ ਸੌਂਦੇ ਅਤੇ ਥੋੜ੍ਹਾ ਜਿਹਾ ਖੜਾਕ ਹੋਣ ਤੇ ਉਠ ਖਲੋਇਆ ਕਰਦੇ ਅਤੇ ਘਰ ਵਿੱਚ ਬਹੁਤ ਨਿਗਰਾਨੀ ਰੱਖਦੇ ਅਤੇ ਆਪ ਜੀ ਦਾ ਮੰਜਾ ਆਪਣੇ ਕੋਲ ਡੁਹਾਇਆ ਕਰਦੇ ਅਤੇ ਘਰ ਦਾ ਹਿਸਾਬ ਕਿਤਾਬ ਵੀ ਆਪ ਤੋਂ ਹੀ ਕਰਵਾਇਆ ਜਾਂਦਾ। ਵੀਹ ਸਾਲ ਦੀ ਉਮਰ ਤੱਕ ਆਪ ਜੀ ਨੇ ਹਰ ਤਰ੍ਹਾਂ ਦੇ ਦੁਨਿਆਵੀ ਅਤੇ ਖੇਤੀਬਾੜੀ ਦੇ ਕੰਮ ਕੀਤੇ।

ਭਗਤ ਜੀ ਜਨਮ ਸਾਖੀ ਦੇ ਨਾਲ-ਨਾਲ ਗੁਰਬਾਣੀ ਵੀ ਪੜ੍ਹਦੇ ਜਪੁਜੀ ਸਾਹਿਬ ਦਾ ਪਾਠ ਆਪ ਜੀ ਦੇ ਜੁਬਾਨੀ ਕੰਠ ਸੀ। ਆਪ ਜਪੁਜੀ ਸਾਹਿਬ ਦੇ ਪਾਠ ਕਰਦੇ ਸਨ ਅਤੇ ਫੁਰਨਾ ਵੀ ਕਰ ਲੈਂਦੇ ਕਿ ਜਪੁਜੀ ਸਾਹਿਬ ਦੇ ਪਾਠ ਵਿੱਚ ਕਿੰਨੀ ਕੁ ਤਾਕਤ ਹੈ। ਇਸ ਲਈ ਇਕ ਤਾਂ ਆਪ ਜੀ ਦਾ ਸਰੀਰ ਬਹੁਤ ਤਕੜਾ ਸੀ। ਦੋ-ਤਿੰਨ ਜਣੇ ਆਪ ਜੀ ਨੂੰ ਜੋਰ ਕਰਵਾਉਂਦੇ ਹੁੰਦੇ ਸਨ ਅਤੇ ਉਹਨਾਂ ਨੂੰ ਵੀ ਆਪਣੇ ਘਰੋ ਖੁਰਾਕ ਅਤੇ ਕੱਪੜੇ ਵਗੈਰਾ ਦਿੱਤੇ ਜਾਂਦੇ। ਦੂਜੀ ਜਪੁਜੀ ਸਾਹਿਬ ਦੀ ਤਾਕਤ ਨਾਲ ਰਲ ਜਾਂਦੀ। ਇਸ ਲਈ ਪਿੰਡ ਵਿੱਚ ਜਾਂ ਇਰਦ ਗਿਰਦ ਦੇ ਇਲਾਕੇ ਵਿੱਚ ਆਪ ਜੀ ਦੇ ਨਾਲ ਨਾ ਤਾਂ ਕਹੀ ਚਲਾਉਣ ਵਿੱਚ, ਨਾ ਹੀ ਘੁਲਣ ਵਿੱਚ, ਨਾ ਹੀ ਵਾਹੀ ਵਿੱਚ, ਨਾ ਹੀ ਗੋਡੀ ਕਰਨ ਵਿੱਚ, ਨਾ ਹੀ ਹਾੜੀ ਵੱਢਣ ਵਿੱਚ ਜਿਦ ਕੇ ਕੋਈ ਕੰਮ ਕਰ ਸਕਦਾ ਸੀ।

ਇਸ ਲਈ ਭਗਤ ਜੀ ਦਾ ਕੋਈ ਵੀ ਕਿਸੇ ਵੀ ਕੰਮ ਵਿੱਚ ਮੁਕਾਬਲਾ ਨਹੀਂ ਸੀ ਕਰ ਸਕਦਾ। ਇਸ ਵਕਤ ਆਪ ਜੀ ਦੀ ਖੁਰਾਕ ਅੱਧ ਸੇਰ ਘਿਉ ਤਿੰਨ ਪਾ ਬਦਾਮ ਅਤੇ

ਅੱਠ ਸੇਰ ਦੁੱਧ ਹਰ ਰੋਜ ਦੀ ਖ਼ੁਰਾਕ ਹੁੰਦੀ ਸੀ।

ਇਕ ਵਾਰ ਦੋ ਜੁਆਨ ਆਪ ਜੀ ਨਾਲ ਲੜ ਪਏ। ਭਗਤ ਜੀ ਨੇ ਉਹਨਾਂ ਦੋਨਾਂ ਨੂੰ ਡਾਂਗ ਨਾਲ ਲੜ ਕੇ ਭਜਾਇਆ। ਉਸ ਵਕਤ ਆਪ ਜੀ ਦੀ ਉਮਰ ਵੀਹ ਸਾਲ ਦੀ ਸੀ। ਦੂਜੀ ਵਾਰ ਆਪ ਜੀ ਨੇ ਚਾਰ ਨੌਜੁਆਨਾਂ ਨੂੰ ਫੱਟ ਲਾ ਕੇ ਭਜਾਇਆ। ਤੀਜੀ ਵਾਰ ਇਕ ਅਰਜਨ ਸਿੰਘ ਨਾਮੀ ਨੌਜੁਆਨ ਨੂੰ ਕੁੱਟ ਕੇ ਭਜਾਇਆ। ਚੌਥੀ ਵਾਰ ਆਪ ਜੀ ਵੀਹ ਇੱਕੀ ਬੰਦਿਆਂ ਨਾਲ ਲੜੇ। ਆਪ ਜੀ ਦੇ ਕੋਲ ਕੇਵਲ ਇਕ ਬਰਛੀ ਹੀ ਸੀ। ਉਸ ਵਕਤ ਆਪ ਜੀ ਨੂੰ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਗੁਰੂ ਸਾਹਿਬ ਜੀ ਵੱਲੋਂ ਹੁਕਮ ਹੁੰਦਾ ਸੀ ਕਿ ਹੁਣ ਟਾਕੂਏ ਵਾਲੇ ਨੂੰ ਰੋਕੋ। ਹੁਣ ਬਰਛੀ ਵਾਲੇ ਨੂੰ ਰੋਕੋ। ਇਸ ਤਰ੍ਹਾਂ ਆਪ ਜੀ ਨੇ ਸਾਰਿਆਂ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਡਰਦੇ ਹੋਏ ਸਾਰੇ ਭੱਜ ਗਏ। ਉਸ ਤੋਂ ਬਾਅਦ ਇਹ ਲੋਕ ਕਦੀ ਵੀ ਆਪ ਜੀ ਨਾਲ ਲੜਨ ਨਾ ਆਏ। ਇਸ ਤੋਂ ਬਾਅਦ ਆਪ ਜੀ ਨੇ ਵੀ ਕੋਈ ਲੜਾਈ ਨਾ ਕੀਤੀ ਤੇ ਵੈਰਾਗ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ, ਪਰੰਤੂ ਬੀਰ ਰਸ ਫਿਰ ਵੀ ਠਾਠਾਂ ਮਾਰਦਾ ਰਹਿੰਦਾ।

ਜਿਸ ਤਰ੍ਹਾਂ ਗੁਰੂ ਸਾਹਿਬ ਜੀ ਦਾ ਕਥਨ –

– **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ**
**ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ॥**

ਭਗਤ ਜੀ ਗੁਰਬਾਣੀ ਅਨੁਸਾਰ ਨਾ ਹੀ ਕਿਸੇ ਤੋਂ ਡਰਦੇ ਅਤੇ ਨਾ ਹੀ ਕਿਸੇ ਨੂੰ ਡਰਾਉਂਦੇ ਅਤੇ ਹਮੇਸ਼ਾ ਹੀ ਲੋੜਵੰਦ ਦੀ ਹਰ ਪੱਖ ਤੋਂ ਸਹਾਇਤਾ ਕਰਦੇ।

– **ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭ ਗਵਾਸੀ॥**

ਵੀਹ ਸਾਲ ਤੱਕ ਆਪ ਜੀ ਨੇ ਹਰ ਤਰ੍ਹਾਂ ਦੇ ਦੁਨਿਆਵੀ ਕੰਮ ਕੀਤੇ ਅਤੇ ਪਿੰਡ ਦੇ ਗਰੰਥੀ ਗਿ: ਨਿਰੰਜਨ ਸਿੰਘ ਦੇ ਕਹਿਣ ਤੇ ਕਿ ਇਸ ਤਰ੍ਹਾਂ ਦੁਨਿਆਵੀ ਕੰਮ ਧੰਦਿਆਂ ਵਿੱਚ ਜੀਵਨ ਵਿਅਰਥ ਚਲਾ ਜਾਂਦਾ ਹੈ–

– **ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲ ਸਾਧ ਸੰਗਤਿ ਭਜੁ ਕੇਵਲ ਨਾਮ॥੧**
**ਸਰੰਜਾਮਿ ਲਾਗੁ ਭਵਜਲ ਤਰਨ ਕੈ॥**
**ਜਨਮ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਰਹਾਉ॥**

ਅਤੇ ਇਹਨਾਂ ਦੁਨਿਆਵੀ ਧੰਦਿਆਂ ਨਾਲ ਵੈਰਾਗ ਨਹੀਂ ਪੈਦਾ ਹੁੰਦਾ। ਉਸ ਦਿਨ ਤੋਂ ਹੀ ਆਪ ਜੀ ਨੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ ਅਤੇ ਜਪੁਜੀ ਸਾਹਿਬ ਦੇ

ਪੰਜਾਹ ਪਾਠ ਕਰਨੇ ਸ਼ੁਰੂ ਕਰ ਦਿੱਤੇ। ਅੰਮ੍ਰਿਤ ਛਕਣ ਤੋਂ ਇਕ ਸਾਲ ਪਹਿਲਾਂ ਆਪ ਜੀ ਨੇ ਪੰਜ ਕਕਾਰਾਂ ਦੀ ਰਹਿਤ ਰੱਖਣੀ ਸ਼ੁਰੂ ਕਰ ਦਿੱਤੀ ਅਤੇ ਰਹਿਤ ਵਿੱਚ ਪਰਪੱਕ ਹੋ ਗਏ। ਪਹਿਲੀ ਵਾਰ ਭਾਈ ਨਿਰੰਜਨ ਸਿੰਘ ਜੀ ਨੇ ਆਪ ਜੀ ਨੂੰ ਨਾਲ ਲੈ ਕੇ ਸੰਤ ਭਿੰਡਰਾਂਵਾਲੇ, ਸੰਤ ਗਿ: ਗੁਰਬਚਨ ਸਿੰਘ ਜੀ ਦੇ ਦਰਸ਼ਨ ਡੇਹਰਾ ਸਾਹਿਬ ਲਾਹੌਰ ਵਿਖੇ ਕੀਤੇ ਫਿਰ ਭਗਤ ਜੀ ਨੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ।

– **ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ**

– **ਜਿਸ ਜਲ ਨਿਧਿ ਕਾਰਣਿ ਤੁਮ ਜਗਿ ਆਏ**
**ਸੋ ਅੰਮ੍ਰਿਤ ਗੁਰ ਪਾਹੀ ਜੀਉ॥**

– **ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤ ਗੁਰ ਤੇ ਪਾਇਆ॥**

ਅੰਮ੍ਰਿਤ ਛਕਣ ਤੋਂ ਬਾਅਦ ਆਪ ਜੀ ਨੇ ਬਾਣੀ ਅਤੇ ਸਿਮਰਨ ਗੁਰਮੰਤਰ ਦਾ ਬਹੁਤ ਜਿਆਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ

– **ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜ ਹੈ ॥**

ਮਹਾਵਾਕ ਅਨੁਸਾਰ ਆਪ ਜੀ ਨੇ ਕਮਾਈ ਕਰਨੀ ਸ਼ੁਰੂ ਕਰ ਦਿੱਤੀ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਅਭਿਆਸ ਦੁਆਰਾ ਆਪ ਜੀ ਦੇ ਅੰਤਰਮੁਖ ਬਾਣੀ ਚਲਣੀ ਸ਼ੁਰੂ ਹੋ ਗਈ। ਫਿਰ ਆਪ ਜੀ ਨੇ ਅੱਠਾ ਪਹਿਰਾ ਵਿੱਚ ਕੁਝ ਕੁ ਦੋਧੀ ਜਿਸ ਵਿੱਚ ਖਸਖਸ ਤੇ ਕਣਕ ਰਾਤ ਨੂੰ ਪਾਣੀ ਵਿੱਚ ਭਿਉ ਕਿ ਫਿਰ ਸਵੇਰੇ ਉਸ ਨੂੰ ਪੀਸ ਕੇ ਦੁੱਧ ਅਤੇ ਘਿਉ ਪਾ ਕੇ ਬਣਵਾਉਂਦੇ ਜਾਂ ਇਕ ਪਰਸ਼ਾਦਾ ਛਕ ਲੈਂਦੇ ਅਤੇ ਰਾਤ ਨੂੰ ਤਕਰੀਬਨ ਇਕ ਘੰਟਾ ਹੀ ਸੌਂਦੇ ਅਤੇ ਉਸ ਵਿੱਚ ਵੀ ਜਪੁਜੀ ਸਾਹਿਬ ਦੇ ਪਾਠ ਹੁੰਦੇ ਰਹਿੰਦੇ ਜਿਸ ਤਰ੍ਹਾਂ ਗੁਰਬਾਣੀ ਦਾ ਫੁਰਮਾਨ–

– **ਉਠਤ ਬੈਠਤ ਸੋਵਤ ਧਿਆਈਐ॥**
**ਮਾਰਗ ਚਲਤ ਹਰੇ ਹਰਿ ਗਾਈਐ॥**

– **ਆਠ ਪਹਰ ਜਿਸੁ ਵਿਸਰਹਿ ਨਾਹੀ॥**
**ਗਤਿ ਹੋਵੈ ਨਾਨਕ ਤਿਸੁ ਲਗਿ ਪਾਈ॥**

– **ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ॥**
**ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥**
**ਕਰਮੀ ਸਤਿਗੁਰ ਪਾਈਐ ਅਨਦਿਨ ਲਗੈ ਧਿਆਨੁ॥**
**ਤਿਨ ਕੀ ਸੰਗਤਿ ਮਿਲ ਰਹਾ ਦਰਗਹ ਪਾਈ ਮਾਨੁ॥**
**ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥**

**ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ॥**

ਅਤੇ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਗਿਣਤੀ ਦਾ ਵੀ ਪਤਾ ਲੱਗ ਜਾਂਦਾ ਅਤੇ ਜਦੋਂ ਜਾਗ ਆਉਂਦੀ ਤਾਂ ਆਪ ਜੀ ਉੱਚੀ ਉੱਚੀ ਪਹਿਲੀ ਤੁਕ ਨੂੰ ਪੜ੍ਹਦੇ ਅਤੇ ਪਾਠ ਜਾਰੀ ਰਹਿੰਦਾ ਅਤੇ ਹਰ ਵੇਲੇ ਵੈਰਾਗ ਵਿੱਚ ਰਹਿੰਦੇ ਅਤੇ ਹਰ ਵੇਲੇ ਦਰਸ਼ਨਾ ਦੀ ਤਾਂਘ ਵਿੱਚ ਸਮਾਂ ਬਤੀਤ ਕਰਦੇ-

– **ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ॥**
**ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥**
**ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈਂ ਤੇਰਾ ਭਰਵਾਸਾ॥**
**ਦਰਸਨ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥**

– **ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥**
**ਮੈਂ ਲਖ ਵਿੜਤੇ ਸਾਹਿਬਾਂ ਜੇ ਬਿੰਦ ਬੋੁਲਾਈਆ॥**

ਇਹਨਾਂ ਦਿਨਾਂ ਵਿੱਚ ਭਗਤ ਜੀ ਉਸ ਝਿੜੀ ਵਿੱਚ ਜੋ ਆਪ ਜੀ ਦੇ ਦਾਦਾ ਜੀ ਨੇ ਇਕ ਲੱਖ ਰੁਪਏ ਦੀ ਜਮੀਨ ਗਹਿਣੇ ਬੈਅ ਖਰੀਦ ਕੇ ਘਰ ਵਾਲਿਆਂ ਨੂੰ ਦਿੱਤੀ ਸੀ ਅਤੇ ਜਿਸ ਵਿੱਚੋਂ ਤੀਹ ਕਿਲੇ ਜਮੀਨ ਮਾਲ ਡੰਗਰ ਚਾਰਨ ਲਈ ਹੀ ਰੱਖੀ ਹੋਈ ਸੀ। ਉਸ ਵਿੱਚ ਆਪ ਬਹੁਤ ਹੀ ਭਜਨ ਬੰਦਗੀ ਕਰਦੇ ਤਾਂ ਭਗਤ ਜੀ ਨੂੰ ਦੇਖ ਕੇ ਇਕ ਸਿੰਘ ਨੇ ਆਖਿਆ ਕਿ ਜਦੋਂ ਮਹਾਰਾਜ ਨੂੰ ਮਿਲਣ ਦਾ ਵੇਲਾ ਹੁੰਦਾ ਹੈ ਤਾਂ ਉਦੋਂ ਤੁਸੀ਼ ਪਰਸ਼ਾਦਾ ਛਕਣ ਚਲੇ ਜਾਂਦੇ ਹੋ ਤਾਂ ਇਹ ਸੁਣ ਕੇ ਆਪ ਜੀ ਨੇ ਅੱਠ ਦਿਨ ਪਰਸ਼ਾਦਾ ਬਿਲਕੁਲ ਵੀ ਨਾ ਛਕਿਆ ਤੇ ਆਪ ਜੀ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ। ਹੱਡੀਆਂ ਹੀ ਹੱਡੀਆਂ ਪ੍ਰਤੀਤ ਹੋਣ ਲਗ ਪਈਆਂ ਸਨ। ਆਪ ਜੀ ਦੇ ਦਾਦਾ ਜੀ ਸ੍ਰ. ਮੱਖਣ ਸਿੰਘ ਜਦੋਂ ਇਹ ਵੇਖਦਾ ਕਿ ਆਪ ਨੇ ਅਭਿਆਸ ਸ਼ੁਰੂ ਕੀਤਾ ਹੈ ਤਾਂ ਬਹੁਤ ਹੀ ਦੁਖੀ ਹੋ ਜਾਂਦਾ ਤੇ ਸੋਚਦਾ ਕਿ ਕੇਵਲ ਆਪ ਹੀ ਸਨ ਜੋ ਸੰਸਾਰੀ ਕੰਮ ਧੰਦਾ ਸਭ ਤੋਂ ਚੰਗਾ ਕਰਦੇ ਸਨ। ਤਾਂ ਉਹ ਆਪ ਜੀ ਨੂੰ ਕਈ ਵਾਰ ਨਾਮ ਸਿਮਰਣ ਤੋਂ ਹਟਾਉਣ ਲਈ ਬੜਾ ਸਮਝਾਉਂਦਾ। ਪਰ ਆਪ ਜੀ ਉਸਦੇ ਸਮਝਾਉਣ ਦੇ ਬਾਵਜੂਦ ਵੀ ਨਾਮ ਸਿਮਰਨ ਦਾ ਅਭਿਆਸ ਨਾ ਛੱਡਦੇ।

– **ਆਖਾ ਜੀਵਾ ਵਿਸਰੈ ਮਰਿ ਜਾਉ॥**
**ਹਰਿ ਬਿਸਰਤ ਸਦਾ ਖੁਆਰੀ॥**

– **ਤਾ ਕਉ ਧੋਖਾ ਕਹਾ ਬਿਆਪੈ ॥**
**ਜਾ ਕਉ ਓਟ ਤੁਹਾਰੀ॥**

– **ਮੋਹਿ ਲਾਗਤੀ ਤਾਲਾ ਬੇਲੀ ਬਛਰੇ ਬਿਨੁ ਗਾਇ ਇਕੇਲੀ**
**ਪਾਨੀਆ ਬਿਨੁ ਮੀਨ ਤਲਫੈ ਐਸੇ ਰਾਮ ਨਾਮਾ ਬਿਨ ਬਾਪਰੋ ਨਾਮਾ। ।**

ਇਕ ਵਾਰੀ ਆਪ ਜੀ ਦੇ ਦਾਦਾ ਜੀ ਨੇ ਆਪ ਨੂੰ ਬੜਾ ਸਮਝਾਇਆ ਪਰ ਆਪ ਨਾ ਮੰਨੇ

ਤਾਂ ਸ੍ਰ. ਮੱਖਣ ਸਿੰਘ ਜੀ ਨੇ ਆਪ ਜੀ ਦੇ ਕੋਲ ਹੀ ਸੰਤਾਂ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿੱਤੀ। ਤਾਂ ਰਾਤ ਨੂੰ ਦਾਦਾ ਜੀ ਨੂੰ ਜਮਾ ਨੇ ਆ ਕੇ ਦਿਖਾਈ ਦਿੱਤੀ ਤਾਂ ਬਹੁਤ ਔਖੇ ਹੋਏ ਤੇ ਨੇੜੇ ਪਏ ਭਾਈ ਸੁਦਾਗਰ ਸਿੰਘ ਨੂੰ ਅਵਾਜ ਮਾਰੀ ਤੇ ਆਖਿਆ ਕਿ ਮੈਨੂੰ ਜਮ ਦਿਖਾਈ ਦਿੰਦੇ ਹਨ ਕਿਉਂ ਕਿ ਮੈਂ ਭਗਤ ਜੀ ਨੂੰ ਕੁਝ ਬਚਨ ਆਖ ਬੈਠਾ ਸਾਂ ਤਾਂ ਭਾਈ ਸੁਦਾਗਰ ਸਿੰਘ ਜੀ ਨੇ ਕਿਹਾ ਕਿ ਚੰਗਾ ਉਨ੍ਹਾਂ ਕੋਲ ਹੀ ਜਾ ਕੇ ਬੇਨਤੀ ਕਰੋ ਤਾਂ ਆਪ ਜੀ ਕੋਲ ਦਾਦਾ ਜੀ ਦਿਨ ਸਮੇਂ ਆਏ ਅਤੇ ਬੇਨਤੀ ਕੀਤੀ ਤਾਂ ਆਪ ਜੀ ਨੇ ਕਿਹਾ ਕਿ ਚੰਗਾ ਹੁਣ ਸਾਰੇ ਪਿੰਡ ਨੂੰ ਲੰਗਰ ਕਰੋ ਤਾਂ ਦਾਦਾ ਮੱਖਣ ਸਿੰਘ ਜੀ ਨੇ ਕੜਾਹਿ ਪ੍ਰਸਾਦਿ ਬਣਾ ਕੇ ਸਾਰੇ ਪਿੰਡ ਨੂੰ ਲੰਗਰ ਕੀਤਾ ਤਾਂ ਸੁਖੀ ਹੋਏ। ਆਪ ਜੀ ਦੇ ਭਰਾ ਭਾਈ ਸੁਦਾਗਰ ਸਿੰਘ ਵੀ ਚੰਗਾ ਅਭਿਆਸ ਕਰਦੇ ਸਨ ਅਤੇ ਕਈ ਵਾਰ ਤਿੰਨ ਦਿਨਾਂ ਬਾਅਦ ਰੋਟੀ ਖਾਇਆ ਕਰਦੇ ਸਨ ਅਤੇ ਕਈ ਫੁਰਨੇ ਅਭਿਆਸ ਨਾਲ ਹੀ ਪੂਰੇ ਕਰ ਲੈਂਦੇ ਸਨ ਅਤੇ ਮੂਲ ਮੰਤਰ ਦਾ ਅਭਿਆਸ ਕਰਦੇ ਰਹਿੰਦੇ ਸਨ।

ਜਦੋਂ ਆਪ ਜੀ ਨੇ ਅੱਠ ਦਿਨ ਪ੍ਰਸਾਦਾ ਨਾ ਛਕਿਆ ਤਾਂ ਪਿੰਡ ਦੇ ਗ੍ਰੰਥੀ ਨਾਲ ਤੇ ਹੋਰਨਾ ਨਾਲ ਸ੍ਰ. ਮੱਖਣ ਸਿੰਘ ਜੀ ਲੜਨ ਲੱਗ ਗਏ ਤਾਂ ਪਿੰਡ ਦੇ ਗ੍ਰੰਥੀ ਭਾਈ ਨਿਰੰਜਨ ਸਿੰਘ ਜੀ ਦੇ ਕਹਿਣ ਤੇ ਆਪ ਜੀ ਦੇ ਅੱਗੇ ਬੇਨਤੀਆਂ ਕਰਨ ਤੇ ਭਗਤ ਜੀ ਨੇ ਪ੍ਰਸਾਦਾ ਛਕਿਆ। ਜਦੋਂ ਆਪ ਜੀ ਨੇ ਤਿੰਨ ਸਾਲ ਭਾਰੀ ਕਠਨ ਕਮਾਈ ਕਰਦੇ ਸਨ ਅਤੇ ਆਪਣੇ ਪਿੰਡ ਦੇ ਖੂਹ ਤੋਂ ਸਵੇਰੇ ਦੋ ਵਜੇ ਤੋਂ ਹੀ ਪਾਣੀ ਦੇ ਡੋਲ ਕੱਢਣ ਲੱਗ ਜਾਂਦੇ ਤੇ ਪਿੰਡ ਦੇ ਲੋਕ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ'

– **ਵਿਚਿ ਦੁਨੀਆ ਸੇਵ ਕਮਾਈਐ**
**ਤਾ ਦਰਗਹ ਬੈਸਣੁ ਪਾਈਐ,**
**ਕਹੁ ਨਾਨਕ ਬਾਹ ਲੁਡਾਈਐ**

– **ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ**
**ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ**

ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਸੰਤਾਂ ਦੇ ਬਾਰੇ ਆਪ ਜੀ ਨੇ ਸੁਣਿਆ ਕਿ ਸੰਤ ਰਾਤ ਨੂੰ ਕੇਵਲ ਇਕ ਘੰਟਾ ਹੀ ਬਿਰਾਜਦੇ ਹਨ। ਇਹ ਸੁਣ ਕੇ ਆਪ ਜੀ ਨੇ ਵੀ ਇਰਾਦਾ ਕੀਤਾ ਕਿ ਇਕ ਘੰਟਾ ਹੀ ਬਿਰਾਜਣਾ ਚਾਹੀਦਾ ਹੈ। ਫਿਰ ਆਪ ਜੀ ਕਦੇ ਪੌੜੀਆ ਵਿਚ ਬੈਠ ਕੇ ਅਤੇ ਕਦੇ ਦਰਖਤਾਂ ਦੀਆਂ ਟਹਿਣੀਆਂ ਤੇ ਬੈਠ ਕੇ ਨੀਂਦ ਘਟਾਉਣ ਦੇ ਯਤਨ ਕਰਨ ਲੱਗ ਪਏ ਭਗਤ ਜੀ ਨੀਂਦ ਘਟਾਉਣ ਦੇ ਲਈ ਬੋਹੜ ਦੇ ਦਰੱਖਤ ਦੀ ਟਹਿਣੀ ਤੇ ਬੈਠ ਜਾਂਦੇ ਅਤੇ ਥੱਲੇ ਛੱਪੜ ਹੁੰਦਾ ਸੀ ਜਦੋਂ ਨੀਂਦ ਆਉਂਦੀ ਤਾਂ ਪਾਣੀ ਵਿੱਚ ਡਿੱਗ ਪੈਂਦੇ ਤੇ ਫਿਰ ਬੋਹੜ ਦੇ ਦਰਖ਼ਤ ਤੇ ਚੜ੍ਹ ਜਾਂਦੇ। ਇਸ ਤਰ੍ਹਾਂ ਆਪ ਜੀ ਅਠਾਰਾਂ ਸਾਲ ਇਕ ਘੰਟਾ ਹੀ ਬਿਰਾਜਦੇ ਰਹੇ।

ਇਸਨੂੰ ਗੁਰਬਾਣੀ ਨੇ –

## ਭਗਤਾ ਕੀ ਚਾਲ ਨਿਰਾਲੀ ਚਾਲਹ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ

ਇਸ ਤਰ੍ਹਾਂ ਭਗਤੀ ਦਾ ਮਾਰਗ ਬਹੁਤ ਹੀ ਔਖਾ ਹੈ।

ਇਸੇ ਹਠ ਤਪ ਸ਼ੁਰੂ ਕਰਨ ਤੋਂ ਕੁਝ ਵਰੇ ਬਾਅਦ **"ਗੁਰਮੁਖ ਰੋਮ-ਰੋਮ ਹਰਿ ਧਿਆਵੈ"** ਵਾਲੀ ਅਵਸਥਾ ਆਪ ਜੀ ਨੂੰ ਪ੍ਰਾਪਤ ਹੋਈ। ਇਸ ਤੋਂ ਬਾਅਦ ਫਿਰ ਕੁਝ ਚਿਰ ਪਿੱਛੇ **ਧਰਤ ਪਾਤਾਲ ਅਕਾਸ਼ ਹੈ। ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ।**

ਆਪ ਦੱਸਿਆ ਕਰਦੇ ਸਨ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਦੁਆਰਾ ਵਾਹਿਗੁਰੂ ਮੰਤ੍ਰ ਅਤੇ ਮੂਲਮੰਤਰ ਅਤੇ ਗੁਰਬਾਣੀ ਤਿੰਨੇ ਇਕੱਠੇ ਹੀ ਪੜ੍ਹੇ ਜਾਂਦੇ ਹਨ ਜਿਸ ਤਰ੍ਹਾਂ ਇਕ ਇੰਜਣ ਦੇ ਕਈ ਪਟੇ ਚਲ ਪੈਂਦੇ ਹਨ। ਇੰਜਣ ਵਿੱਚ ਜਿੰਨੀ ਜਿਆਦਾ ਸ਼ਕਤੀ ਹੋਵੇ ਉਤਨੇ ਹੀ ਜਿਆਦਾ ਪਟੇ ਖਿੱਚਣ ਵਾਲਾ ਹੁੰਦਾ ਹੈ। ਇਸ ਤਰ੍ਹਾਂ ਜਿਸ ਉੱਤੇ ਗੁਰੂ ਜੀ ਦੀ ਜਿੰਨੀ ਜਿਆਦਾ ਕਿਰਪਾ ਹੋਵੇ ਉਤਨੀ ਹੀ ਗੁਰਬਾਣੀ ਸਿਮਰਨ ਵਿੱਚ ਮਦਦ ਮਿਲਦੀ ਹੈ।

ਤਿੰਨ ਸਾਲ ਦੀ ਕਮਾਈ ਤੋਂ ਪਿੱਛੋਂ ਜਦੋਂ ਆਪ ਸੰਤਾਂ ਕੋਲ ਭਿੰਡਰੀ ਗਏ ਤਾਂ ਆਪ ਜੀ ਜਿੰਨੀ ਕਮਾਈ ਵਾਲਾ ਇਕ ਬਾਬਾ ਸੰਤਾਂ ਕੋਲ ਭਿੰਡਰੀ ਆਇਆ ਤੇ ਉਸਨੇ ਆਪਣੀ ਕਮਾਈ ਦਾ ਫਲ ਪੁੱਛਿਆ ਤਾਂ ਪਹਿਲਾਂ ਤਾਂ ਸੰਤਾਂ ਨੇ ਤਿੰਨ ਵਾਰ ਕਿਹਾ ਚੰਗਾ ਤਾਂ ਬਾਬਾ ਜੀ ਫਿਰ ਵੀ ਪੁੱਛਦੇ ਹੀ ਰਹੇ ਤਾਂ ਸੰਤਾਂ ਨੇ ਕਿਹਾ ਕਿ ਬਾਬਾ ਜੀ ਚੰਗਾ ਫਿਰ ਸੁਣੋ ਕਿ ਆਪ ਜੀ ਦੀ ਕਮਾਈ ਇਸ ਤਰ੍ਹਾਂ ਹੈ ਜਿਵੇਂ ਇਕ ਲੱਕੜਹਾਰਾ ਲੱਕੜਾਂ ਦਾ ਭਾਰ ਚੁੱਕੀ ਆਉਂਦਾ ਹੋਵੇ ਤੇ ਉਹ ਭਾਰ ਚੁੱਕ ਕੇ ਬਹੁਤ ਥੱਕ ਜਾਵੇ ਅਤੇ ਨਾਲ ਹੀ ਪਿਆਸ ਵੀ ਬਹੁਤ ਲੱਗੀ ਹੋਵੇ ਅਤੇ ਇਕ ਖੂਹ ਦੇ ਕੋਲ ਆ ਕੇ ਬੈਠ ਜਾਵੇ। ਲੱਕੜਾਂ ਦੀ ਪੰਡ ਵੀ ਕੋਲ ਹੀ ਰੱਖ ਲਵੇ ਨਾ ਤਾਂ ਉਸ ਦੀ ਅਜੇ ਪਿਆਸ ਦੂਰ ਹੋਈ ਹੈ ਤੇ ਨਾ ਹੀ ਥਕੇਵਾਂ ਪਰ ਇੱਥੇ ਪ੍ਰਾਪਤੀ ਏਨੀ ਕੁ ਹੈ ਕਿ ਵਿਕਾਰਾ ਰੂਪੀ ਪੰਡ ਸਿਰ ਤੋਂ ਲਾਹ ਲਈ ਹੈ ਪਰ ਫਿਰ ਕੋਲ ਹੀ ਪਈ ਹੈ ਅਤੇ ਫਿਰ ਚੁੱਕਣੀ ਪੈਣੀ ਹੈ ਅਤੇ ਨਾ ਹੀ ਪ੍ਰਾਪਤੀ ਰੂਪੀ ਪਿਆਸ ਹੀ ਬੁਝੀ ਹੈ। ਜਦੋਂ ਭਗਤ ਜੀ ਨੇ ਸੰਤਾਂ ਦੀ ਇਹ ਗੱਲ ਸੁਣੀ ਤਾਂ ਆਪ ਜੀ ਨੇ ਆਪਣੀ ਹਾਲਤ ਵੱਲ ਵੇਖਿਆ ਤੇ ਆਪ ਜੀ ਨੂੰ ਬੜੀ ਚਿੰਤਾ ਲੱਗ ਗਈ ਅਤੇ ਰਾਤ ਨੂੰ ਸੁੱਤੇ ਵੀ ਨਹੀਂ ਅਤੇ ਬੜੇ ਚਿੰਤਾ ਤੁਰ ਹੋ ਕੇ ਨਲਕੇ ਕੋਲ ਸਵੇਰੇ ਖੜ੍ਹੇ ਸਨ। ਉਧਰੋਂ ਜਦੋਂ ਸੰਤ ਆਏ ਤਾਂ ਆਪ ਜੀ ਨੂੰ ਪੁੱਛਿਆ ਤਾਂ ਭਗਤ ਜੀ ਨੇ ਸੰਤ: ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਸਾਰਾ ਹਾਲ ਸੁਣਾਇਆ ਕਿ ਹੁਣ ਇਸ ਤੋਂ ਅੱਗੇ ਮੇਰੀ ਕੋਈ ਵਾਹ ਨਹੀਂ ਕਿਉਂਕਿ ਇੱਥੇ ਕਮਾਈ ਦੀ ਹੱਦ ਹੋ ਗਈ ਹੈ। ਕੰਨ ਵੀ ਵਗਦੇ ਰਹਿੰਦੇ ਹਨ। ਦਿਮਾਗ ਤੇ ਵੀ ਬਹੁਤ ਅਸਰ ਰਹਿੰਦਾ ਹੈ। ਤਾਂ ਇਹ ਸੁਣ ਕੇ ਸੰਤਾਂ ਨੇ ਕਿਹਾ ਕਿ ਹੁਣ ਤਾਂ ਤੁਸੀਂ ਕੰਢੇ ਤੇ ਹੀ ਪਹੁੰਚ ਗਏ ਹੋ ਤਾਂ ਫਿਰ ਆਪ ਜੀ ਨੇ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ। ਫਿਰ ਸੰਤਾਂ ਨੇ ਦੱਸਿਆ ਕਿ ਹੁਣ ਅਭਿਆਸ ਅੱਗੇ ਨਾਲੋਂ ਚੌਥਾ ਹਿੱਸਾ ਕਰ ਦਿਉ।

ਇਕ ਵਾਰੀ ਜਦੋਂ ਆਪ ਜੀ ਭਾਈ ਨਿਰੰਜਨ ਸਿੰਘ ਨੂੰ ਹੱਸ ਰਹੇ ਸਨ ਕਿ ਕੀ ਤੁਹਾਨੂੰ ਇਹ ਪਤਾ ਨਹੀਂ **"ਪੁਹਪ ਮਧਿ ਜਿਉ ਬਾਸ ਬਸਤ ਹੈ ਮੁਕਰ ਮਾਹਿ ਜੈਸੇ ਛਾਈ"** ਤਾਂ ਉਸਨੇ ਕਿਹਾ ਕਿ ਇਸ ਅਵਸਥਾ ਦਾ ਸਾਨੂੰ ਪਤਾ ਨਹੀਂ ਤਾਂ ਆਪ ਹੱਸਣ ਲੱਗ ਪਏ। ਇਹ ਗੱਲ ਕਰਦਿਆਂ ਸੰਤਾਂ ਨੇ ਵੇਖ ਲਿਆ ਅਤੇ ਇਸ ਕਿਰਪਾ ਨੂੰ ਖਿੱਚ ਲਿਆ ਤਾਂ ਆਪ ਜੀ ਨੂੰ ਨਾਮ ਨਾਲ ਬਹੁਤ ਵਿਛੋੜਾ ਭਾਸਿਆ ਤਾਂ ਆਪ ਜੀ ਨੇ ਸੰਤਾਂ ਕੋਲ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਬੱਚਾ ਭੁੱਲ ਕਰ ਲੈਂਦਾ ਹੈ।

– **ਸੁਤ ਅਪਰਾਧ ਕਰਤ ਹੈ ਜੇਤੇ**
**ਜਨਨੀ ਚੀਤਿ ਨਾ ਰਾਖਸ ਤੇਤੇ॥**

– **ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥**
**ਕਰਿ ਉਪਦੇਸੁ ਝਿੜਕੇ ਬਹੁ ਭਾਂਤੀ ਬਹੁੜਿ ਪਿਤਾ ਗਲਿ ਲਾਵੈ॥**

ਇਸ ਤਰ੍ਹਾਂ ਗਲਤੀ ਨੂੰ ਮੁਆਫ ਕਰ ਦਿਉ ਤਾਂ ਸੰਤਾਂ ਨੇ ਭਗਤਾ ਨੂੰ ਲੱਕੜਾਂ ਪਾੜਨ ਲਈ ਆਖਿਆ ਤਾਂ ਆਪ ਜੀ ਨੇ ਜਦੋਂ ਸਾਰੀਆਂ ਲੱਕੜਾਂ ਪਾੜ ਦਿੱਤੀਆਂ ਤਾਂ ਫਿਰ ਆਪ ਜੀ ਤੇ ਪਹਿਲਾਂ ਵਾਂਗ ਕਿਰਪਾ ਹੋ ਗਈ

**ਤਿੰਨ ਸਾਲ ਬਾਅਦ ਪਹਿਲੇ ਹਿਰਦੇ ਵਿੱਚ ਫਿਰ ਪਰੇ ਬਾਣੀ ਦੁਆਰਾ ਗੁਰਮੰਤਰ ਦਾ ਜਾਪ ਸ਼ੁਰੂ ਹੋ ਗਿਆ। ਫਿਰ ਪਰੇ ਬਾਣੀ ਨਾਲ ਹੀ ਗੁਰਬਾਣੀ ਪੜਨ ਲੱਗ ਪਏ ਫਿਰ ਆਪ ਜੀ 110 ਸ੍ਰੀ ਜਪੁਜੀ ਸਾਹਿਬ ਦੇ ਪਾਠ ਤਕਰੀਬਨ ਪੰਜ ਗਰੰਥੀ ਦਾ ਨਿਤਨੇਮ 25 ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ ਹੋਰ ਮੂਲ ਮੰਤਰ ਤੇ ਗੁਰਮੰਤਰ ਦਾ ਜਾਪ ਰੋਜ਼ ਕਰਨ ਲੱਗ ਪਏ।**

ਇਕ ਵਾਰੀ ਜਦੋਂ ਸੰਤਾਂ ਕੋਲ ਚਾਰ ਵੱਡੇ ਅਭਿਆਸੀ ਸਿੰਘ ਬੈਠੇ ਸਨ, ਤਾਂ ਸੰਤਾਂ ਨੇ ਆਪ ਜੀ ਨੂੰ ਨਿਤਨੇਮ ਬਾਰੇ ਪੁੱਛਿਆ ਤਾਂ ਭਗਤ ਜੀ ਨੇ ਆਪਣੇ ਸਾਰੇ ਅਭਿਆਸ ਬਾਰੇ ਦੱਸ ਦਿੱਤਾ ਤਾਂ ਸੰਤਾਂ ਨੇ ਦੂਜੇ ਅਭਿਆਸੀਆਂ ਨੂੰ ਕਿਹਾ ਕੀ ਏਨਾਂ ਨਿਤਨੇਮ ਹੋ ਸਕਦਾ ਹੈ ? ਤਾਂ ਸੰਤਾਂ ਨੇ ਆਪ ਜੀ ਨੂੰ ਪੁੱਛਿਆ ਕਿ ਤੁਸੀਂ ਕਿਸ ਤਰ੍ਹਾਂ ਏਨਾਂ ਨਿਤਨੇਮ ਕਰਦੇ ਹੋ ? ਤਾਂ ਆਪ ਜੀ ਨੇ ਦੱਸਿਆ ਕਿ ਸਾਨੂੰ ਤਾਂ ਮਹਾਰਾਜ ਇਸ ਤਰ੍ਹਾਂ ਕਰਾਉਂਦੇ ਹਨ ਪਰੇ ਬਾਣੀ ਨਾਲ ਬਾਣੀ ਅਤੇ ਜਾਪ ਹੁੰਦਾ ਹੈ। ਜਿਸ ਤਰ੍ਹਾਂ ਬਿਜਲੀ ਦਾ ਬਟਨ ਦਬਾਇਆਂ ਪੱਖਾ ਚੱਲ ਪੈਂਦਾ ਹੈ ਇਸ ਤਰ੍ਹਾਂ ਹੀ ਬਾਣੀ ਚੱਲ ਪੈਂਦੀ ਹੈ। ਭਗਤਾ ਦੇ ਜਾਣ ਤੋਂ ਬਾਅਦ ਸੰਤਾਂ ਨੇ ਸਿੰਘਾਂ ਨੂੰ ਕਿਹਾ ਕਿ ਏਨਾਂ ਨਿਤਨੇਮ ਹੋ ਸਕਦਾ ਹੈ। ਸੰਗਤ ਜੀ ਭਗਤ ਜੀ ਦੋ ਮਿੰਟਾਂ ਵਿੱਚ ਪਰੇ ਬਾਣੀ ਨਾਲ ਜਪੁਜੀ ਸਾਹਿਬ ਦਾ ਪਾਠ ਕਰ ਲੈਂਦੇ ਸਨ।

ਇੱਕ ਵਾਰ ਜਦੋਂ ਆਪ ਜੀ ਘਰ ਤੋਂ ਖੇਤ ਨੂੰ ਗਏ ਅਤੇ ਖੇਤ ਵਾਲੇ ਕੋਠੇ ਕੋਲ ਜਦੋਂ ਆਪ ਜੀ ਨੇ ਸਮਾਧੀ ਲਾਈ ਤਾਂ ਆਪ ਜੀ ਸੂਖਮ ਸਰੀਰ ਰਾਹੀਂ ਸੰਤਾਂ ਕੋਲ ਨਨਕਾਣਾ ਸਾਹਿਬ ਪਹੁੰਚ ਗਏ। ਉਥੇ ਸੰਤ ਕਿਸੇ ਦਾ ਟਿਊਬਵੈਲ ਚਲਾਉਣ ਲਈ ਉਸ ਆਦਮੀ ਕੋਲ ਖੇਤ ਗਏ ਤਾਂ ਭਗਤ ਜੀ ਦੇ ਸੂਖਮ ਸਰੀਰ ਨੇ ਉਥੇ ਪਹੁੰਚ ਕੇ ਫਤਹਿ ਬੁਲਾਈ ਅਤੇ ਸੂਖਮ

ਸਰੀਰ ਜਿੱਥੇ ਪੱਖਾ ਚਲਦਾ ਸੀ ਵਿੱਚ ਡਿੱਗ ਪਿਆ ਤਾਂ ਛੇਤੀ ਨਾਲ ਇੰਜਨ ਨੂੰ ਬੰਦ ਕੀਤਾ ਗਿਆ ਤਾਂ ਆਪ ਜੀ ਦੇ ਸਿਰ ਵਿੱਚ ਕਾਫੀ ਸੱਟ ਲੱਗ ਕੇ ਚੀਰ ਆ ਗਿਆ ਤਾਂ ਸੰਤਾਂ ਨੇ ਭਗਤਾ ਨੂੰ ਕਿਹਾ ਕਿ ਤੁਸੀਂ ਮਾਲ ਜੀ ਸਾਹਿਬ ਗੁਰਦੁਆਰੇ ਚੱਲੋ ਅਤੇ ਅਸੀਂ ਆਉਂਦੇ ਹਾਂ। ਤਾਂ ਉਥੇ ਦੇ ਗ੍ਰੰਥੀ ਸਿੰਘ ਨੇ ਆਪ ਜੀ ਨੂੰ ਮੰਜੇ ਤੇ ਬਿਠਾਇਆ ਤੇ ਗਰਮ ਪਾਣੀ ਕਰਕੇ ਜ਼ਖ਼ਮ ਨੂੰ ਧੋਤਾ ਅਤੇ ਪੱਟੀ ਬੰਨੀ ਇੰਨੇ ਨੂੰ ਸੰਤ ਵੀ ਆ ਗਏ ਅਤੇ ਸੰਤਾਂ ਨੇ ਦੱਸਿਆ ਕਿ ਭਗਤ ਜੀ ਇੱਥੇ ਆਪ ਜੀ ਦੀ ਉਮਰ ਖਤਮ ਹੋ ਜਾਣੀ ਸੀ ਪਰ ਗੁਰੂ ਸਾਹਿਬ ਦੀ ਕਿਰਪਾ ਦੇ ਨਾਲ ਬਚਾਉ ਹੋ ਗਿਆ ਪਰ ਬਿਮਾਰੀ ਸਰੀਰ ਉਤੇ ਆਵੇਗੀ ਇਧਰ ਆਪ ਜਦੋਂ ਅਸਥੂਲ ਸਰੀਰ ਵਿੱਚ ਆਏ ਤਾਂ ਸਰੀਰ ਬਿਮਾਰ ਹੋ ਗਿਆ ਅਤੇ ਮਸਾ ਹੀ ਭਾਈ ਸੁਦਾਗਰ ਸਿੰਘ ਜੀ ਦੇ ਨਾਲ ਘਰ ਪਹੁੰਚੇ। ਇਸ ਤਰ੍ਹਾਂ ਆਪ ਜੀ ਦਾ ਸਰੀਰ ਨੌ ਮਹੀਨੇ ਬਿਮਾਰ ਰਿਹਾ ਅਤੇ ਆਪ ਜੀ ਦੀ ਉਮਰ ਵੀ ਗੰਢੀ ਗਈ।

ਇਕ ਵਾਰੀ ਆਪ ਜੀ ਭੂਰਿਆ ਨੂੰ ਜਾਣ ਲਈ ਆਪਣੇ ਪਿੰਡ ਤੋਂ ਇਕੱਲੇ ਪੈਦਲ ਹੀ ਚੱਲ ਪਏ। ਰਾਹ ਵਿੱਚ ਹਰੀਕੇ ਦਰਿਆ ਨੂੰ ਆਪ ਜੀ ਨੇ ਪਾਰ ਕਰਨਾ ਸੀ ਤਾਂ ਉਥੇ ਦਰਿਆ ਦੇ ਕਿਨਾਰੇ ਕੁਝ ਬੱਚੇ ਖੇਡ ਰਹੇ ਸਨ ਤਾਂ ਆਪ ਜੀ ਨੇ ਉਨ੍ਹਾਂ ਖੇਡਦਿਆਂ ਹੋਇਆਂ ਬੱਚਿਆਂ ਨੂੰ ਪੁੱਛਿਆ ਕਿ ਇੱਥੋਂ ਆਦਮੀ ਲੰਘ ਸਕਦੇ ਹਨ ਕਿ ਨਹੀਂ ਤਾਂ ਉਹਨਾਂ ਬੱਚਿਆਂ ਨੇ ਕਹਿ ਦਿੱਤਾ ਕਿ ਹਾਂ ਇੱਥੋਂ ਆਦਮੀ ਲੰਘ ਸਕਦੇ ਹਨ। ਪਰ ਉਥੋਂ ਭੇਤੀ ਆਦਮੀ ਹੀ ਲੰਘ ਸਕਦੇ ਸਨ ਅਤੇ ਨੇੜੇ ਕੋਈ ਬੇੜੀ ਵੀ ਨਹੀਂ ਸੀ ਇਸ ਲਈ ਭਗਤ ਜੀ ਨੇ ਆਪਣੇ ਕੱਪੜੇ ਅਤੇ ਸ੍ਰੀ ਸਾਹਿਬ ਸਿਰ ਉੱਤੇ ਬੰਨ ਕੇ ਦਰਿਆ ਵਿੱਚ ਦੀ ਲੰਘਣ ਲੱਗੇ ਪਾਣੀ ਦਾ ਵਹਾਅ ਬਹੁਤ ਜਿਆਦਾ ਸੀ ਇਸ ਲਈ ਜਿਹੜੀ ਸੇਧ ਦਾ ਨਿਸ਼ਾਨਾ ਰੱਖ ਕੇ ਭਗਤ ਜੀ ਲੰਘ ਰਹੇ ਸਨ ਉਸ ਸੇਧ ਤੋਂ ਪਾਣੀ ਭਗਤ ਜੀ ਨੂੰ ਕਾਫੀ ਅੱਗੇ ਵੱਲ ਧੱਕ ਕੇ ਲੈ ਗਿਆ ਭਗਤ ਜੀ ਨੇ ਪਾਰ ਲੰਘਣ ਦੇ ਲਈ ਬਹੁਤ ਜ਼ੋਰ ਲਗਾਇਆ ਪਰ ਕੋਈ ਪੇਸ਼ ਨਾ ਗਈ ਤੇ ਸਰੀਰ ਕਾਫੀ ਥੱਕ ਗਿਆ ਤਾਂ ਆਪ ਜੀ ਨੇ ਸਰੀਰ ਦਾ ਮੋਹ ਛੱਡ ਕੇ ੧ਓ ਵਿੱਚ ਧਿਆਨ ਜੋੜਿਆ ਤਾਂ ਉਸ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ:

– **ਜਿਵੇਂ ਕਿ ਭਗਤਾ ਦੀ ਸਦਾ ਤੂ ਰਖਦਾ ਹਰਿ**
**ਜੀਉ ਧੁਰਿ ਤੋਂ ਰਖਦਾ ਆਇਆ ---॥**
**ਹਰਿ ਜੁਗ ਜੁਗ ਭਗਤਿ ਉਪਾਇਆ ---॥**

ਤਾਂ ਗੁਰੂ ਨਾਨਕ ਸਾਹਿਬ ਜੀ ਨੇ ਭਗਤ ਨੂੰ ਜੱਫੀ ਪਾ ਕੇ ਪਾਣੀ ਉਪਰ ਇਸ ਤਰ੍ਹਾਂ ਬਿਠਾ ਦਿੱਤਾ ਜਿਵੇਂ ਕਿ ਭਗਤ ਜੀ ਚੌਕੜਾ ਮਾਰ ਕੇ ਧਰਤੀ ਤੇ ਬੈਠੇ ਹੋਣ।

**"ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ**
**ਮ੍ਰਿਗ ਛਾਲਾ ਪਰ ਬੈਠੇ ਕਬੀਰ।"**

ਇੰਨੇ ਨੂੰ ਛੋਟੀ ਬੇੜੀ ਆ ਗਈ ਤੇ ਗੁਰੂ ਨਾਨਕ ਸਾਹਿਬ ਜੀ

ਆਪ ਜੀ ਨੂੰ ਕਹਿਣ ਲੱਗੇ ਕਿ ਭਗਤ ਜੀ ਬੇੜੀ ਨੂੰ ਫੜ ਕੇ ਪਾਰ ਹੋ ਜਾਵੋ ਤਾਂ ਭਗਤ ਜੀ ਦਰਿਆ ਤੋਂ ਪਾਰ ਹੋ ਗਏ ਅਤੇ ਇਸ ਤਰ੍ਹਾਂ ਸਤਿਗੁਰੂ ਜੀ ਨੇ ਭਗਤ ਜੀ ਨੂੰ ਜ਼ਿੰਦਗੀ ਬਖਸ਼ੀ।

ਜਦੋਂ ਇਹ ਸਾਖੀ ਆਪ ਜੀ ਨੇ ਸੰਤਾਂ ਕੋਲ ਆ ਕੇ ਸੁਣਾਈ ਤਾਂ ਸੰਤ ਬਹੁਤ ਖੁਸ਼ ਹੋਏ ਅਤੇ ਸੰਤਾਂ ਨੇ ਸਿੰਘਾਂ ਨੂੰ ਕਿਹਾ ਕਿ ਭਗਤ ਜੀ ਵਾਸਤੇ ਛੇਤੀ ਪਲੰਘ ਲੈ ਕੇ ਆਉ ਤਾਂ ਭਗਤ ਜੀ ਵਾਸਤੇ ਪਲੰਘ ਲਿਆਂਦਾ ਗਿਆ ਤੇ ਸੰਤਾਂ ਨੇ ਭਗਤ ਜੀ ਨੂੰ ਪਲੰਘ ਤੇ ਬਿਠਾਇਆ ਤੇ ਸੰਤਾਂ ਨੇ ਕਿਹਾ ਕਿ ਭਗਤ ਜੀ ਠੀਕ ਹੈ ਕਿ ਆਪ ਜੀ ਨੇ ਦਰਸ਼ਨ ਕਰ ਲਏ ਹਨ।

**"ਅਗੰਮ ਅਗੋਚਰ ਦੇਖਿ ਦਿਖਾਏ"** ਤਾਂ ਭਗਤ ਜੀ ਬੜੇ ਟਿਕਾ ਵਿੱਚ ਸਨ ਤਾਂ ਆਪ ਜੀ ਨੇ ਸੰਤਾਂ ਨੂੰ ਉਤਰ ਦਿੱਤਾ ਕਿ ਆਪ ਜੀ ਦਾ ਹੁਕਮ ਚਾਹੀਦਾ ਹੈ ਸੋ ਉਸੇ ਤਰ੍ਹਾਂ ਹੀ ਹੋ ਜਾਵੇਗਾ ਤਾਂ ਸੰਤਾਂ ਨੇ ਕਿਹਾ ਕਿ ਹੋਰਨਾ ਨੂੰ ਵੀ ਇਸੇ ਤਰ੍ਹਾਂ ਦਰਸ਼ਨ ਕਰਵਾਉ ਉਸ ਦਿਨ ਤੋ ਜਦੋਂ ਵੀ ਭਗਤ ਜੀ ਸੰਤਾਂ ਕੋਲ ਦਰਸ਼ਨਾਂ ਲਈ ਜਾਂਦੇ ਤਾਂ ਸੰਤ ਜੀ ਭਗਤ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਆਪਣੇ ਕੋਲ ਮੰਜਾ ਡੁਹਾ ਕੇ ਬਿਠਾਉਂਦੇ। ਭਗਤ ਜੀ ਜਦੋਂ ਤੋਂ ਸੰਤਾਂ ਦੀ ਸੰਗਤ ਕਰਨ ਲੱਗੇ ਦੋ ਮਹੀਨੇ ਪਿੰਡ ਰਹਿੰਦੇ ਦਸ ਪੰਦਰਾਂ ਦਿਨ ਜੱਥੇ ਵਿੱਚ ਰਹਿੰਦੇ।

– **ਕਬੀਰ ਸੰਗਤਿ ਕਰੀਐ ਸਾਧ ਕੀ ---**

ਆਪ ਜੀ ਕਈ ਵਾਰ ਕਿਹਾ ਕਰਦੇ ਸਨ ਕਿ ਦਸਾਂ ਨੌਹਾਂ ਦੀ ਕਿਰਤ ਕਰਕੇ ਤੇ ਇਸ ਸੰਗਤ ਕਰਕੇ ਜਿਆਦਾ ਲਾਭ ਹੁੰਦਾ ਹੈ।

– **ਉਦਮੁ ਕਰੇਦਿਆਂ ਜੀਉ ਤੂੰ ਕਮਾਵਦਿਆ ਸੁਖ ਭੁੰਚੁ**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥**

ਜਦੋਂ ਆਪ ਜੀ ਕੋਲ ਸਿੰਘ ਆਇਆ ਕਰਦੇ ਤਾਂ ਆਪ ਜੀ ਨਾਲ ਵਾਹੀ ਦਾ ਸਾਰਾ ਕੰਮ ਕਰਵਾਇਆ ਕਰਦੇ ਤਾਂ ਆਪ ਜੀ ਦੇ ਮੁਕਾਬਲੇ ਵਿੱਚ ਕੋਈ ਵੀ ਕੰਮ ਨਾ ਕਰ ਸਕਦਾ। ਕਈ ਵਾਰ ਸਿੰਘ ਆਪ ਜੀ ਨੂੰ ਕੰਮ ਨਾ ਕਰਨ ਦਿਆ ਕਰਦੇ। ਇਕ ਵਾਰ ਸੰਤਾਂ ਨੇ ਸਿੰਘਾਂ ਤੋਂ ਪੁੱਛਿਆ ਕਿ ਭਗਤ ਹੋਰੀ ਘਰ ਜਾ ਕੇ ਕੰਮ ਵੀ ਕਰਦੇ ਹਨ ਤਾਂ ਸਿੰਘਾਂ ਨੇ ਦੱਸਿਆ ਕਿ ਸਾਨੂੰ ਕਿਸੇ ਕੰਮ ਵਿੱਚ ਅੱਗੇ ਨਹੀਂ ਲੰਘਣ ਦਿੰਦੇ।

– **ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ।**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥**

– **ਆਨੀਲੇ ਕਾਗਦੁ ਕਾਟੀਲੇ ਗੂਡੀ ਅਕਾਸ ਮਧੇ ਭਰਮੀਅਲੇ॥**
**ਪੰਚ ਜਨਾ ਸਿਉ ਬਾਤ ਬਤਾਊਆ ਚੀਤੁ ਸੁ ਡੋਰੀ ਰਾਖੀਅਲੇ॥**

ਇਹ ਸੁਣ ਕੇ ਸੰਤ ਹੈਰਾਨ ਹੁੰਦੇ ਸਨ। ਭਗਤ ਜੀ ਦਾ ਟਿਕਾਓ ਵੀ ਬਹੁਤ ਹੈ ਤੇ ਮਿਹਨਤ ਵੀ ਬਹੁਤ ਹੈ। ਕੰਮ ਕਰਦੇ ਹੋਏ ਵੀ ਆਪ ਸਿਮਰਨ

ਬਾਣੀ ਪਾਠ ਪੜ੍ਹਦੇ ਰਹਿੰਦੇ ਤੇ ਸਿੰਘਾਂ ਕੋਲੋਂ ਕਰਵਾਉਂਦੇ।

ਸੰਤਾਂ ਦੇ ਕਹਿਣ ਤੇ ਕਿ ਭਗਤ ਜੀ ਤੁਸੀਂ ਤਾਂ ਦਰਸ਼ਨ ਕਰ ਲਏ ਪਰ ਹੁਣ ਅੱਗੇ ਸਿੰਘਾਂ ਨੂੰ ਵੀ ਦਰਸ਼ਨ ਕਰਵਾਓ। ਉਸ ਦਿਨ ਤੋਂ ਹੀ ਭਗਤ ਜੀ ਨੇ ਸਿੰਘਾ ਨੂੰ ਜਿਆਦਾ ਅਭਿਆਸ ਕਰਨ ਦੀ ਪ੍ਰੇਰਣਾ ਕੀਤੀ ਅਤੇ ਇਸ ਬਚਨ ਨੂੰ ਪੂਰਾ ਕਰਨ ਦੇ ਲਈ ਧੀਰੇ ਪੱਤਰੇ, ਪੱਟੀ ਭੂਰਿਆ ਦੇ ਕਈ ਸਿੰਘਾਂ ਨੂੰ ਭਜਨ ਬੰਦਗੀ ਦੇ ਲਈ ਤਿਆਰ ਕੀਤਾ।

– **ਜਨ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥**

– **ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ**

– **ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ**

ਜਿੰਨਾ ਵਿੱਚ ਪਤਰਾਵਾ ਦੇ ਸਿੰਘ ਦਰਸ਼ਨ ਸਿੰਘ ਸ਼੍ਰੀ ਗੁਰਬਚਨ ਸਿੰਘ, ਅਨੂਪ ਸਿੰਘ, ਗੁਰਦੀਪ ਸਿੰਘ, ਬਾਬਾ ਰਿਖੀ ਪੱਟੀ ਵਾਲਾ ਆਪ ਜੀ ਦੀਆਂ ਦੋਨੋਂ ਬੀਬੀਆਂ, ਨੂੰ ਸ਼ਾਇਦ ਹੋਰਨਾ ਨੂੰ ਵੀ ਜਾਪ ਕਰਵਾ ਕੇ ਦਰਸ਼ਨ ਹੋਣ ਲੱਗ ਪਏ। ਆਪ ਜੀ ਨੇ ਸਿੰਘਾਂ ਕੋਲੋਂ ਘੱਟੋ ਘੱਟ ਤੇਤੀ ਮਾਲਾ ਮੂਲਮੰਤਰ ਦੀਆਂ ਰੋਜ਼ ਦੀਆਂ ਕਰਵਾਉਣੀਆਂ ਅਤੇ ਕਈ ਚੰਗੇ ਸਿੰਘਾਂ ਕੋਲੋ ਸੌ-ਸੌ ਮਾਲਾ ਮੂਲਮੰਤਰ ਦੀਆਂ ਜਾਂ ਸੌ-ਸੌ ਜਪਜੀ ਸਾਹਿਬ ਦੇ ਪਾਠ ਕਰਵਾਉਂਦੇ ਰਹੇ ਅਤੇ ਜਿੰਨ੍ਹਾਂ ਸਿੰਘਾਂ ਦੇ ਉਪਰ ਨਾਮ ਦਿੱਤੇ ਗਏ ਹਨ ਇੰਨ੍ਹਾਂ ਨੂੰ ਦਰਸ਼ਨ ਹੋਣ ਲੱਗ ਪਏ। ਆਪ ਜੀ ਨੇ ਜਦੋਂ ਸਾਲ ਮਗਰੋਂ ਪਤਰਾਵੀ ਪ੍ਰੋਗਰਾਮ ਬਣਾਇਆ ਤਾਂ ਆਪ ਜੀ ਸਿੰਘਾਂ ਨੂੰ ਕਹਿਣ ਲੱਗੇ ਕਿ ਅਸੀਂ ਇਸ ਬਾਗ ਦੇ ਮਾਲੀ ਹਾਂ ਤੇ ਤੁਸੀਂ ਬਾਗ ਦੇ ਬੂਟੇ ਹੋ ਤੇ ਹੁਣ ਬਾਗ ਦੇ ਮਾਲਕ ਸੰਤ ਆ ਰਹੇ ਹਨ। ਤੁਸੀਂ ਆਪਣੇ-ਆਪਣੇ ਨਜਾਰੇ ਸੰਤਾਂ ਨੂੰ ਦੱਸਣੇ ਹਨ ਜ਼ੋ ਆਨੰਦ ਨਜਾਰੇ ਤੁਸੀਂ ਮਾਣਦੇ ਹੋ ਤਾਂ ਸਿੰਘਾਂ ਨੇ ਕਿਹਾ ਕਿ ਸਾਡੇ ਕੋਲੋ ਸੰਤਾਂ ਪਾਸ ਗੱਲ ਨਹੀਂ ਕੀਤੀ ਜਾਣੀ ਤਾਂ ਆਪ ਜੀ ਨੇ ਕਿਹਾ ਕਿ ਅਸੀ ਕੋਲ ਹੋਵਾਂਗੇ ਤੇ ਆਪ ਜੀ ਦੇ ਬਚਨ ਕਰਵਾਂਵਗੇ ਤਾਂ ਸਿੰਘਾਂ ਨੇ ਸੰਤਾਂ ਤੇ ਆਉਣ ਤੇ ਆਪਣੇ ਆਪਣੇ ਨਜਾਰੇ ਸੰਤਾਂ ਨੂੰ ਦੱਸੇ ਤਾਂ ਸੰਤਾਂ ਨੇ ਕਿਹਾ ਕਿ ਇੰਨ੍ਹਾਂ ਸਿੰਘਾਂ ਦੀ ਸੋਅ ਪ੍ਰਸਿੱਧੀ ਸਮੁੰਦਰਾਂ ਤੱਕ ਜਾਵੇਗੀ ਸੋ ਇਸ ਤਰ੍ਹਾਂ ਹੀ ਹੋਇਆ।

ਭਗਤ ਉਜਾਗਰ ਸਿੰਘ ਜੀ ਨੇ ਸਿੰਘਾਂ ਨੂੰ ਹਜੂਰ ਸਾਹਿਬ ਜਾਣ ਲਈ ਪ੍ਰੇਰਿਆ ਜਿਸ ਵਿੱਚ ਅਠਾਰਾਂ ਉੱਨੀ ਸਿੰਘ ਅਤੇ ਦੋ ਬੀਬੀਆਂ ਸਨ। ਸ੍ਰ. ਗੁਰਦੀਪ ਸਿੰਘ ਜ਼ੋ ਧਰਮਕੋਟ ਦਾ ਗਿ: ਪ੍ਰੀਤਮ ਸਿੰਘ ਹਡਿਆਰੇ ਵਾਲਾ, ਜਥੇਦਾਰ ਜੰਗੀਰ ਸਿੰਘ, ਸ੍ਰ. ਦਰਸ਼ਨ ਸਿੰਘ, ਭਾਈ ਅਨੂਪ ਸਿੰਘ, ਭਾਈ ਹਰਨਾਮ ਸਿੰਘ, ਭਾਹੀ ਕਰਤਾਰ ਸਿੰਘ ਜੋ ਛੋਟਾ ਗੜਵਈ ਅਤੇ ਬਾਬਾ ਕੁਲਵੰਤ ਸਿੰਘ ਜੀ ਜੋ ਵੱਡਾ-ਗੜਵਈ ਸੀ ਆਦਿ ਸਿੰਘ ਨਾਲ ਸਨ।

ਆਪ ਜੀ ਸਾਰੇ ਸਿੰਘ ਇਕੱਠੇ ਕਰਕੇ ਪਹਿਲਾਂ ਸੰਤਾਂ ਕੋਲ ਗਏ ਅਤੇ ਫਿਰ ਦਿੱਲੀ ਤੋਂ ਪ੍ਰੀਤਮ ਸਿੰਘ ਹੁਡਿਆਰੇ ਵਾਲਾ ਰਲਿਆ ਇਹਨਾਂ ਨੇ ਖਜਾਨਚੀ ਭਾਈ ਕਰਤਾਰ ਸਿੰਘ

ਨੂੰ ਬਣਾਇਆ ਸੀ। ਤੁਰਨ ਲੱਗੇ ਢੋਲਕੀ ਅਤੇ ਛੈਣੇ ਵੀ ਨਾਲ ਲੈ ਲਏ ਸਨ ਅਤੇ ਰਾਹ ਵਿੱਚ ਗੱਡੀ ਵਿੱਚ ਜਾ ਕੇ ਕੀਰਤਨ ਤੇ ਜਾ ਆਪਣਾ ਨਿਤਨੇਮ ਕੀਤਾ ਜਾਂਦਾ ਸੀ। ਆਪ ਜੀ ਦੱਸਦੇ ਸਨ ਕਿ ਦਸਵੇਂ ਪਾਤਸ਼ਾਹ ਜੀ ਦਿੱਲੀ ਤੋਂ ਹੀ ਦਰਸ਼ਨ ਦੇਣ ਲੱਗ ਪਏ ਸਨ ਕਿ ਅਸੀਂ ਤੁਹਾਡੇ ਨਾਲ ਹਾਂ।

– **ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ**
**ਸਤਿਗੁਰ ਕੋਟਿ ਪੈਡਾ ਆਗੈ ਹੁਇ ਲੇਤ ਹੈ**

ਹਜ਼ੂਰ ਸਾਹਿਬ ਪਹੁੰਚ ਕੇ ਆਪ ਜੀ ਨੇ ਬਾਬਾ ਨਿਧਾਨ ਸਿੰਘ ਦੇ ਬੁੰਗੇ ਲੰਗਰ ਸਾਹਿਬ ਵਿੱਚ ਆਸਣ ਲਗਾਏ ਅਤੇ ਆਪ ਜੀ ਨੇ ਸਿੰਘਾਂ ਨੂੰ ਕਿਹਾ ਕਿ ਵੇਖੋ ਸਿੰਘੋ ਆਪਾ ਸਾਰੇ ਯਾਤਰਾ ਤੇ ਆਏ ਹਾਂ ਕੋਈ ਖੇਤੀ ਦਾ ਕੰਮ ਛੱਡ ਕੇ ਆਇਆ ਅਤੇ ਕੋਈ ਘਰਵਾਲੀ ਦੀ ਟੂਮਾਂ ਵੇਚ ਕੇ ਆਇਆ ਹੈ, ਕੋਈ ਘਰ ਵਾਲਿਆਂ ਨਾਲ ਲੜ ਕੇ ਆਇਆ ਹੈ। ਇਸ ਲਈ ਸਾਨੂੰ ਯਾਤਰਾ ਦਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਹੈ ਅਤੇ ਡਟ ਕੇ ਸਿਮਰਨ ਕਰੋ ਅਤੇ ਕਿਰਿਆ ਕਰਨ ਤੋਂ ਬਾਅਦ ਸਾਰੇ ਸੱਚਖੰਡ ਦੇ ਗੁਰਦੁਆਰੇ ਵਿੱਚ ਪਹੁੰਚ ਜਾਂਦੇ। ਇੱਕ ਵਾਰ ਚੌਕੜਾ ਮਾਰ ਲੈਂਦੇ ਤਾਂ ਟਿਕੇ ਹੀ ਰਹਿੰਦੇ । ਸਿੰਘ ਚੌਕੜੇ ਵਿੱਚ ਉੱਠ ਕੇ ਕਿਰਿਆ ਕਰ ਲੈਂਦੇ ਪਰ ਭਗਤ ਜੀ ਨਾ ਉਠਦੇ ਭਗਤ ਜੀ ਨੇ ਚਾਲੀ ਦਿਨ ਹਜ਼ੂਰ ਸਾਹਿਬ ਵਿਖੇ ਨੌ-ਨੌ ਘੰਟੇ ਆਪ ਹਾਜਰੀ ਭਰੀ ਅਤੇ ਸਿੰਘਾਂ ਤੋਂ ਹਾਜਰੀ ਭਰਵਾਈ ਇਹ ਵੇਖ ਕੇ ਸ਼ਹਿਰ ਵਾਲਿਆ ਨੇ ਆਪਣੇ ਘਰਾਂ ਵਿੱਚ ਸਾਰੇ ਸਿੰਘਾਂ ਦੇ ਪ੍ਰਸ਼ਾਦੇ ਵਰਜਣੇ ਸ਼ੁਰੂ ਕਰ ਦਿੱਤੇ। ਪੁਜਾਰੀ ਅਤੇ ਪਹਿਰੇਦਾਰ ਇਹ ਵੇਖ ਕੇ ਕਿ ਇੰਨਾ ਚਿਰ ਸਿੰਘ ਸਿਮਰਨ ਕਰਦੇ ਹਨ ਤਾਂ ਉਹ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ ਅਤੇ ਸਰਦਾਰ ਪ੍ਰੀਤਮ ਸਿੰਘ ਦੇ ਕਹਿਣ ਉਤੇ ਪੰਜ ਸ਼ਬਦ ਪਿੱਛੋਂ ਵਾਜੇ ਉੱਤੇ ਵੀ ਭਗਤ ਜੀ ਪੜਿਆ ਕਰਦੇ ਸਨ। ਜਦੋਂ ਆਪ ਜੀ ਸਾਰੇ ਰਲ ਮਿਲ ਕੇ ਮਹਾਰਾਜ ਦੀ ਹਾਜਰੀ ਕੀਰਤਨ ਰੂਪ ਵਿੱਚ ਭਰਦੇ ਹੁੰਦੇ ਤਾਂ ਮਾਤਾ ਭਾਗੋ ਜੀ ਜੋ ਗੁਪਤ ਰੂਪ ਵਿੱਚ ਉਥੇ ਰਹਿੰਦੇ ਸਨ ਉਹਨਾਂ ਨੇ ਇਕ ਦਿਨ ਆਪ ਜੀ ਨੂੰ ਸਮਾਧੀ ਵਿੱਚ ਸੂਖਮ ਸਰੀਰ ਨਾਲ ਆ ਕੇ ਆਖਿਆ ਕਿ ਬੱਚਾ ਸਾਡੇ ਅਸਥਾਨ ਤੇ ਹਾਜਰੀ ਨਹੀਂ ਭਰਨੀ ਤਾਂ ਆਪ ਜੀ ਨੇ ਕਿਹਾ ਕਿ ਜਰੂਰ ਮਾਤਾ ਜੀ ਹਾਜਰੀ ਭਰਾਂਗੇ ਤਾਂ ਆਪ ਜੀ ਨੇ ਸਾਮਧੀ ਤੋਂ ਉੱਠ ਕੇ ਪੁੱਛਿਆ ਕਿ ਇੱਥੇ ਮਾਤਾ ਜੀ ਦਾ ਅਸਥਾਨ ਕਿਹੜਾ ਹੈ। ਤਾਂ ਸਿੰਘ ਉਸ ਸਥਾਨ ਤੇ ਆਪ ਜੀ ਨੂੰ ਲੈ ਕੇ ਗਏ ਅਤੇ ਭਗਤ ਜੀ ਨੇ ਪੰਜ ਸ਼ਬਦ ਕੀਰਤਨ ਰੂਪ ਵਿੱਚ ਪੜ੍ਹੇ ਤਾਂ ਮਾਤਾ ਜੀ ਉਥੇ ਵੀ ਪ੍ਰਗਟ ਹੋ ਕੇ ਆਪ ਜੀ ਨੂੰ ਕਹਿਣ ਲੱਗੇ ਕਿ ਮੰਗੋ ਜੋ ਕੁਝ ਮੰਗਣਾ ਚਾਹੁੰਦੇ ਹੋ। ਤਾਂ ਆਪ ਜੀ ਨੇ ਕਿਹਾ, ਕਿ ਸਾਨੂੰ ਤਾਂ ਹੁਣ ਸੰਸਾਰੀ ਕਿਸੇ ਚੀਜ ਦੀ ਲੋੜ ਨਹੀਂ ਹੈ।

– **ਕਿਆ ਮਾਗਉ ਕਿਛੁ ਥਿਰੁ ਨ ਰਹਾਈ**
**ਦੇਖਤ ਨੈਨ ਚਲਿਓ ਜਗੁ ਜਾਈ॥**

– **ਕਿਆ ਮਾਗਉ ਕਿਛੁ ਥਿਰੁ ਨਾਹੀ॥**

**ਰਾਮ ਨਾਮ ਰਖੁ ਮਨ ਮਾਹੀ॥**

– **ਮਾਂਗਨਾ ਮਾਂਗਨੁ ਨੀਕਾ ਹਰਿ ਜਸੁ ਗੁਰ ਤੇ ਮਾਂਗਨਾ॥**

ਦਾਸ ਨੂੰ ਤਾਂ ਹੁਣ ਬ੍ਰਹਮ ਗਿਆਨ ਦੀ ਲੋੜ ਹੈ। ਇਹ ਸੁਣ ਕੇ ਮਾਤਾ ਜੀ ਚੁੱਪ ਕਰ ਗਏ ਤਾਂ ਆਪ ਜੀ ਨੇ ਆਖਿਆ ਕਿ ਮਾਤਾ ਜੀ ਅਸੀਂ ਤਾਂ ਪੱਕੇ ਢੀਠ ਹਾਂ ਤੇ ਆਪਣੀ ਮੰਗ ਲੈ ਕੇ ਹੀ ਜਾਵਾਂਗੇ। ਇਸੇ ਤਰ੍ਹਾਂ ਇੱਕ ਵਾਰ ਫਿਰ ਆਖਿਆ ਤਾਂ ਮਾਤਾ ਜੀ ਨੇ ਆਖਿਆ ਕਿ ਇਕ ਗਿਲਾਸ ਪਾਣੀ ਦਾ ਮੇਰੇ ਕੋਲ ਹੈ ਤੇ ਜੇ ਮੈਂ ਉਹ ਵੀ ਤੁਹਾਨੂੰ ਦੇ ਦਿਆ ਤਾਂ ਮੇਰੇ ਕੋਲ ਕੀ ਰਹਿ ਜਾਵੇਗਾ ਤਾਂ ਆਪ ਜੀ ਨੇ ਕਿਹਾ ਮਾਤਾ ਜੀ ਮਹਾਰਾਜ ਕੋਲੋ ਲੈ ਦਿਓ ਤਾਂ ਮਾਤਾ ਜੀ ਦਸਵੇਂ ਪਾਤਸ਼ਾਹ ਨੂੰ ਬੇਨਤੀ ਕਰਕੇ ਬੁਲਾ ਲਿਆਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਕਿਸ ਚੀਜ਼ ਦੀ ਚਾਹਨਾ ਹੈ ਤਾਂ ਆਪ ਜੀ ਨੇ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਫਿਰ ਬੇਨਤੀ ਕੀਤੀ ਕਿ ਐਸੀ ਬ੍ਰਹਮ ਗਿਆਨ ਦੀ ਬਖਸ਼ਿਸ਼ ਕਰੋ ਕਿ ਦਾਸ ਨੂੰ ਪੂਰਾ ਪਤਾ ਲੱਗੇ ਕਿ ਜਿਸ ਤਰ੍ਹਾਂ ਆਪ ਪ੍ਰਵੇਸ਼ ਕਰੋਗੇ ਉਸੇ ਤਰ੍ਹਾਂ ਹੀ ਬਖਸ਼ਿਸ਼ ਕੀਤੀ ਤੇ ਸਦਾ ਲਈ ਆਪਣਾ ਧਿਆਨ ਤੇ ਪ੍ਰਕਾਸ਼ ਬਖਸ਼ਿਆ। ਇਸ ਤਰ੍ਹਾਂ ਭਗਤ ਜੀ ਨੂੰ ਸ਼੍ਰੀ ਹਜੂਰ ਸਾਹਿਬ ਨੰਦੇੜ ਵਿਖੇ ਬ੍ਰਹਮਗਿਆਨ ਦੀ ਪ੍ਰਾਪਤੀ ਹੋਈ।

– **ਹਠ ਮੰਝਾਹੂ ਮੈਂ ਮਾਣਕੁ ਲਧਾ ਮੁਲਿ ਨਾ ਘਿਧਾ ਮੈ ਕੂ ਸਤਿਗੁਰਿ ਦਿੱਤਾ॥**

– **ਸਫਲ ਜਨਮ ਮੋ ਕਉ ਗੁਰ ਕੀਨਾ॥**
**ਦੁਖ ਬਿਸਾਰਿ ਸੁਖ ਅੰਤਰਿ ਲੀਨਾ॥**

– **ਮੇਰੈ ਹੀਅਰੈ ਰਤਨ ਨਾਮੁ ਹਰਿ ਬਸਿਆ**
**ਗੁਰਿ ਹਾਥੁ ਧਰਿਓ ਮੇਰੈ ਮਾਥਾ ---॥**

– **ਆਇਆ ਸਫਲ ਤਾਹੂ ਕੋ ਗਨੀਐ---॥**

– **ਜੋ ਜਾਨੈ ਤਿਸੁ ਸਦਾ ਸੁਖੁ ਹੋਇ---॥**

– **ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ---॥**

ਆਪ ਜੀ ਦੇ ਹਜੂਰ ਸਾਹਿਬ ਰਹਿੰਦਿਆਂ ਹੋਇਆ ਹੀ ਪੋਹ ਸੁਦੀ ਸਪਤਮੀ ਤੇ ਦਸਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ ਆ ਗਿਆ ਤਾਂ ਗਿਆਨੀ ਪ੍ਰੀਤਮ ਸਿੰਘ ਜੀ ਨੇ ਆਪ ਜੀ ਨੂੰ ਬੇਨਤੀ ਕੀਤੀ ਦਾਸ ਇੱਥੇ ਕਥਾ ਕਰਨੀ ਚਾਹੁੰਦਾ ਹੈ। ਤਾਂ ਆਪ ਜੀ ਨੇ ਬੇਪਰਵਾਹੀ ਵਿੱਚ ਆਖਿਆ ਕਿ ਬੜੀ ਖੁਸ਼ੀ ਨਾਲ ਕਰੋ ਤਾਂ ਫਿਰ ਗਿਆਨੀ ਜੀ ਨੇ ਕਿਹਾ ਕਿ ਦਾਸ ਤਾਂ ਇੰਨ੍ਹਾਂ ਪੜਿਆ ਨਹੀਂ ਹੈ ਤਾਂ ਆਪ ਜੀ ਨੇ ਖੁਸ਼ ਹੋ ਕੇ ਆਖਿਆ ਕਿ ਜਦੋਂ ਕਥਾ ਸ਼ੁਰੂ ਕਰੇਗਾ ਤਾਂ ਇੱਕ ਪਾਸੇ ਤੇਰੇ ਸਾਖੀਆ ਖੜੀਆਂ ਹੋਣਗੀਆਂ ਤੇ ਇਕ ਪਾਸੇ ਅਰਥ ਹੋਣਗੇ। ਸੋ ਇਸੇ ਤਰ੍ਹਾਂ ਹੀ ਹੋਇਆ। ਗਿਆਨੀ ਜੀ ਨੇ ਕਥਾ ਸ਼ੁਰੂ ਕਰਨ ਤੋਂ ਪਹਿਲਾਂ ਆਪ ਜੀ ਨੂੰ ਆਪਣੇ ਸੱਜੇ ਪਾਸੇ ਬਿਠਾ ਲਿਆ ਕਿਉਂਕਿ ਉਸਦਾ ਹੌਂਸਲਾ ਨਹੀਂ ਸੀ ਪੈਂਦਾ। ਇਸ ਤਰ੍ਹਾਂ ਸੰਗਤ ਬਹੁਤ ਸਾਰੀ ਜੁੜੀ ਬੈਠੀ ਰਹੀ ਅਤੇ

ਗਿਆਨੀ ਜੀ ਨੇ ਤਿੰਨ ਘੰਟੇ ਕਥਾ ਬੜੇ ਅਰਥ ਕਰਕੇ ਅਤੇ ਸਾਖੀਆ ਸੁਣਾ ਕੇ ਕੀਤੀ। ਕਥਾ ਪਿੱਛੋਂ ਪੁਜਾਰੀ ਸਾਹਿਬ ਜੀ ਨੇ ਬੜੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਇਥੇ ਜਾਂ ਤਾਂ ਕਥਾ ਗਿਆਨੀ ਗੁਰਬਚਨ ਜੀ ਕਰ ਗਏ ਹਨ ਜਾਂ ਹੁਣ ਗਿ: ਪ੍ਰੀਤਮ ਸਿੰਘ ਜੀ ਨੇ ਕੀਤੀ ਹੈ ਜਦੋਂ ਇਸ ਗੱਲ ਦਾ ਪਤਾ ਸੰਤਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਬੜੀ ਨਰਾਜਗੀ ਮਨਾਈ ਸੀ ਕਿ ਆਪ ਜੀ ਨੇ ਇਸ ਤਰ੍ਹਾਂ ਕਥਾ ਕਿਉ ਕਰਵਾਈ ਸੀ ਉਥੇ ਹਜ਼ੂਰ ਸਾਹਿਬ ਲੰਗਰ ਕਰਨ ਵਾਲਾ ਇਕ ਸਹਿਜਧਾਰੀ ਸੀ। ਉਹ ਵੀ ਆਪ ਜੀ ਤੋਂ ਪ੍ਰਭਾਵਿਤ ਹੋ ਕੇ ਗੁਰੂ ਨਾਨਕ ਸਾਹਿਬ ਜੀ ਦੀ ਵੱਡੀ ਫੋਟੋ ਬਣਵਾ ਕੇ ਧਿਆਨ ਕਰਨ ਲੱਗ ਪਿਆ ਸੀ। ਭਗਤ ਜੀ ਸ਼੍ਰੀ ਹਜ਼ੂਰ ਸਾਹਿਬ ਵਿਖੇ ਚਾਲੀ ਦਿਨ ਰਹੇ ਸਨ ਗਿਆਨੀ ਪ੍ਰੀਤਮ ਸਿੰਘ ਜੀ ਆਪ ਜੀ ਦੇ ਬਿਲਕੁਲ ਨੇੜੇ ਰਹਿੰਦਾ ਸੀ ਅਤੇ ਕਿਸੇ ਸਿੰਘ ਨੂੰ ਆਪ ਜੀ ਦੇ ਕੋਲ ਨਹੀਂ ਸੀ ਆਉਣ ਦਿੰਦਾ ਕਿਉਂਕਿ ਆਪ ਜੀ ਦੇ ਜਿੰਨਾ ਕੋਈ ਕੋਲ ਹੁੰਦਾ ਸੀ ਉਨ੍ਹਾਂ ਹੀ ਆਨੰਦ ਜਿਆਦਾ ਆਉਂਦਾ ਸੀ ਇਕ ਵਾਰੀ ਸਿੰਘਾਂ ਨੇ ਗਿਆਨੀ ਪ੍ਰੀਤਮ ਸਿੰਘ ਦਾ ਆਸਣ ਚੁੱਕ ਕੇ ਦੂਰ ਕਰ ਦਿੱਤਾ ਅਤੇ ਸ਼੍ਰੀਮਾਨ ਗੁਰਬਚਨ ਸਿੰਘ ਜੀ ਨੇ ਉਸ ਜਗ੍ਹਾ ਤੇ ਆਸਣ ਲੱਗਾ ਲਿਆ। ਸਿੰਘ ਦੱਸਦੇ ਸਨ ਕਿ ਇੰਨਾ ਆਨੰਦ ਸਾਨੂੰ ਸਾਰੀ ਉਮਰ ਵਿੱਚ ਨਹੀਂ ਆਇਆ ਜਿੰਨਾ ਕਿ ਇਸ ਯਾਤਰਾ ਸਮੇਂ ਆਇਆ ਸੀ।

ਸ਼੍ਰੀਮਾਨ ਜੀ ਜਿਸਦਾ ਨਾਂ ਗੁਰਬਚਨ ਸਿੰਘ ਸੀ ਜੋ ਪਤਰਾਵਾ ਦਾ ਸੀ ਉਸਨੂੰ ਸੰਤਾਂ ਦੇ ਸਤਿਕਾਰ ਕਰਕੇ ਸ਼੍ਰੀਮਾਨ ਹੀ ਸੱਦਿਆ ਕਰਦੇ ਸਨ ਉਹ ਪਹਿਲੇ ਜਨਮ ਵਿੱਚ ਸ਼ਿਵਜੀ ਦਾ ਉਪਾਸ਼ਕ ਸੀ ਅਤੇ ਉਸਨੂੰ ਹਲ ਵਾਹੁੰਦੇ ਨੂੰ ਸੱਪ ਘੇਰ ਲੈਂਦਾ ਸੀ ਅਤੇ ਕਈ ਵਾਰੀ ਰੋਟੀ ਵੀ ਖਾਣ ਨਹੀਂ ਦਿੰਦਾ ਸੀ। ਇਹ ਸਾਰੀ ਗੱਲ ਆਪ ਜੀ ਨੂੰ ਪਿੰਡ ਆ ਕੇ ਦੱਸੀ ਤਾਂ ਆਪ ਜੀ ਨੇ ਕਿਹਾ ਸ਼ਿਵਜੀ ਪਿਛਲੇ ਜਨਮ ਕਰਕੇ ਈਰਖਾ ਕਰਦਾ ਹੈ ਕਿ ਤੂੰ ਸਿੰਘ ਕਿਉ ਸਜ਼ ਗਿਆ ਹੈ। ਉਸ ਵਕਤ ਸ਼ਿਵਜੀ ਨੇ ਆਪਣੀ ਪੁਰੀ ਵਿਚੋਂ ਹੀ ਆਪ ਜੀ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਤਾਂ ਆਪ ਜੀ ਨੇ ਕਿਹਾ ਕਿ ਜਦੋਂ ਦਸਾ ਪਾਤਸ਼ਾਹੀਆ ਨੇ ਸਰੂਪ ਧਾਰਿਆ ਹੈ ਤਾਂ ਤੇਰੀ ਕੀ ਮਜਾਲ ਹੈ ਕਿ ਤੂੰ ਰੋਕ ਪਾਏ ਤਾਂ ਉਸਨੇ ਆਪ ਜੀ ਵੱਲ ਭੈਰੋ ਭੇਜਿਆ ਤਾਂ ਆਪ ਜੀ ਦੀ ਮਦਦ ਵਾਸਤੇ ਇਕ ਤੀਰ ਦਸਵੇਂ ਪਾਤਸ਼ਾਹ ਵੱਲੋਂ ਆਇਆ ਤਾਂ ਆਪ ਜੀ ਨੇ ਕਿਹਾ ਕਿ ਜੇ ਹੁਣ ਆਇਆ ਤਾਂ ਇਹ ਤੀਰ ਅੱਠ ਦਿਨ ਪਿੱਛੇ ਲੱਗਿਆ ਰਹੇਗਾ। ਜੇ ਫੇਰ ਆਇਆ ਤਾਂ ਇੱਕ ਮਹੀਨੇ ਪਿੱਛੇ ਲੱਗਿਆ ਰਹੇਗਾ ਜੇ ਫੇਰ ਆਵੇਗਾ ਤਾਂ ਛੇ ਮਹੀਨੇ ਪਿੱਛੇ ਲੱਗਿਆ ਰਹੇਗਾ। ਉਸ ਤੋਂ ਬਾਅਦ ਤਾਂ ਆਪ ਜੀ ਨੂੰ ਨਾ ਹੀ ਪਰਿਵਾਰ ਨੂੰ ਅਤੇ ਨਾ ਹੀ ਕਿਸੇ ਸਿੰਘ ਨੂੰ ਦਿਖਾਈ ਦਿੱਤੀ ਅਤੇ ਨਾ ਹੀ ਸ਼੍ਰੀਮਾਨ ਨੂੰ ਕਿਸੇ ਨੇ ਤੰਗ ਕੀਤਾ।

– **ਆਪਨੇ ਸੇਵਕ ਕੀ ਆਪੇ ਰਾਖੈ ਆਪੇ ਨਾਮ ਜਪਾਵੈ---**
**ਅਪਨੇ ਜਨ ਕਾ ਪਰਦਾ ਢਾਕੈ ਆਪਨੇ ਸੇਵਕ ਕੀ**
– **ਸਰਪਰ ਰਾਖੈ ---॥**

ਭਗਤਾਂ ਨੇ ਸਿੰਘਾਂ ਨੂੰ ਪਟਨਾ ਸਾਹਿਬ ਅਤੇ ਹੋਰ ਵੀ ਕਈ ਅਸਥਾਨਾਂ ਦੇ ਦਰਸ਼ਨ ਕਰਵਾਏ। ਆਪ ਜੀ ਜਦੋਂ ਅਸਥਾਨਾਂ ਤੇ ਜਾਂਦੇ ਸਨ ਤਾਂ ਸਾਰਿਆਂ ਨੂੰ ਸਮਾਧੀ ਲਵਾ ਦਿੰਦੇ ਸਨ ਅਤੇ ਬਹੁਤੇ ਸਿੰਘਾਂ ਨੂੰ ਜਿਸ ਅਸਥਾਨ ਦਾ ਜੈਸਾ ਇਤਿਹਾਸ ਹੁੰਦਾ ਵੈਸੇ ਕੌਤਕ ਦਰਸ਼ਨ ਕਰਵਾ ਦਿੰਦੇ ਸਨ। ਹਜੂਰ ਸਾਹਿਬ ਤੋਂ ਮੁੜਦੇ ਜਦੋਂ ਆਪ ਦਿੱਲੀ ਪਹੁੰਚੇ ਤਾਂ ਦਿੱਲੀ ਵਿੱਚ ਸ਼ੀਸ਼ ਗੰਜ ਸਾਹਿਬ ਵਿਖੇ ਆਪ ਜੀ ਨੇ ਕਿਸੇ ਨਜਾਰੇ ਲਈ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪ੍ਰਗਟ ਹੋ ਕੇ ਐਸਾ ਕਰੰਟ ਮਾਰਿਆ ਜੋ ਕਿ ਅਸਲ ਸੀ। ਇਸ ਲਈ ਆਪ ਜੀ ਗੁਰੂ ਸਾਹਿਬ ਦੀ ਕਿਰਪਾ ਨਾਲ ਆਨੰਦ ਮਾਣ ਕੇ ਹੋਰ ਬੇਨਤੀ ਕੀਤੀ ਕਿ ਮਹਾਰਾਜ ਹੋਰ ਕਿਰਪਾ ਕਰੋ ਤਾਂ ਦਸਵੇਂ ਪਾਤਸ਼ਾਹ ਪ੍ਰਗਟ ਹੋਏ ਤਾਂ ਨੌਵੇ ਪਾਤਸ਼ਾਹ ਨੇ ਆਖਿਆ ਕਿ ਇਹ ਤੁਹਾਡੇ ਸਿੰਘ ਕੈਸੇ ਹਨ ਜੋ ਇਕ ਵਾਰੀ ਕਿਰਪਾ ਕੀਤੀ ਹੈ ਫੇਰ ਹੋਰ ਮੰਗ ਕਰਦੇ ਹਨ ਤਾਂ ਦਸਵੇਂ ਪਾਤਸ਼ਾਹ ਨੇ ਆਖਿਆ ਕਿ ਮਹਾਰਾਜ ਹੁਣ ਅਸੀਂ ਆ ਗਏ ਹਾਂ ਤੇ ਆਪ ਹੀ ਸਮਝ ਲਵਾਂਗੇ ਇਸ ਤੋਂ ਮਗਰੋਂ ਹੋਰ ਦਸਵੇਂ ਪਾਤਸ਼ਾਹ ਨੇ ਕਿਰਪਾ ਕੀਤੀ।

ਜਦੋਂ ਆਪ ਰੇਤਲੇ ਇਲਾਕੇ ਵਿੱਚ ਗਏ ਤਾਂ ਉਥੇ ਇਕ ਡਰਾਈਵਰ ਸੀ ਅਤੇ ਬਹੁਤ ਸਾਰਾ ਪੜਿਆ ਹੋਇਆ ਸੀ। ਅਰਬੀ ਫਾਰਸੀ ਸੰਸਕ੍ਰਿਤ ਵੀ ਪੜਿਆ ਸੀ। ਉਸ ਨੇ ਆਪ ਜੀ ਦੇ ਸਾਹਮਣੇ ਸੁਲਾਤਾਨਪੁਰ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦੇ ਵੱਟਿਆ ਉਪਰ ਸ਼ੰਕਾ ਕੀਤੀ ਤਾਂ ਭਗਤ ਜੀ ਨੂੰ ਬੜਾ ਗੁੱਸਾ ਆਇਆ ਤਾਂ ਆਪ ਜੀ ਨੇ ਇਕ ਗੱਲ ਬੜੀ ਬੀਰ ਰਸ ਵਿੱਚ ਕੀਤੀ ਤੇ ਆਖਿਆ ਕਿ ਹੁਣ ਬੋਲ ਕੇ ਵਿਖਾ ਤਾਂ ਆਪ ਜੀ ਨੂੰ ਵੇਖ ਕੇ ਬਹੁਤ ਡਰ ਗਿਆ ਅਤੇ ਮੁਆਫੀ ਮੰਗੀ ਤਾਂ ਆਪ ਜੀ ਨੇ ਕਿਹਾ ਕਿ ਅੱਜ ਤੋਂ ਬਾਅਦ ਤੂੰ ਕਿਸੇ ਸਿੰਘ ਨਾਲ ਝਗੜਨਾ ਨਹੀਂ ਹੈ ਅਤੇ ਨਾ ਹੀ ਗੁਰੂ ਸਾਹਿਬ ਦੀ ਨਿੰਦਿਆ ਕਰਨੀ ਹੈ ਤਾਂ ਉਸ ਨੇ ਚੰਗਾ ਕਹਿ ਕੇ ਮਸਾ ਹੀ ਖਹਿੜਾ ਛੁਡਾਇਆ।



**ਸ਼੍ਰੀ ਮਾਨ ਭਗਤ ਉਜਾਗਰ ਸਿੰਘ ਜੀ ਜੱਥੇ ਸਮੇਤ**

ਇੱਕ ਵਾਰੀ ਆਪ ਜੀ ਬਹੁਤ ਸਾਰੇ ਸਿੰਘਾਂ ਅਤੇ ਮਾਈਆਂ ਸਮੇਤ ਭਿੰਡਰੀ ਜੋੜ ਮੇਲੇ ਤੇ ਪਹੁੰਚੇ ਤਾਂ ਆਪ ਜੀ ਨੇ ਸੰਤਾਂ ਕੋਲੋ ਪੁੱਛਿਆ ਕਿ ਗੁਰੂ ਸਾਹਿਬ ਨੇ ਹੇਮਕੁੰਟ ਤੇ ਇੰਨੀ ਭਾਰੀ ਤਪੱਸਿਆ ਕਿਉਂ ਕੀਤੀ ਅਤੇ ਜਦੋਂ ਸੱਚਖੰਡ ਵਿੱਚ ਰੂਹ ਜਾਂਦੀ ਹੈ ਤਾਂ ਉਹ ਕਿਹੜੀ ਦੇਹ ਹੁੰਦੀ ਹੈ ਤਾਂ ਸੰਤਾਂ ਨੇ ਕਿਹਾ ਕਿ ਉਸ ਵੇਲੇ ਕੋਈ ਦੇਹ ਨਹੀਂ ਹੁੰਦੀ ਤਾਂ ਆਪ ਜੀ ਨੇ ਕਿਹਾ ਜਦੋਂ ਦਸਵੇਂ ਪਾਤਸ਼ਾਹ ਹਜ਼ੂਰ ਸਾਹਿਬ ਨੂੰ ਗਏ ਤਾਂ ਭਾਈ ਦਇਆ ਸਿੰਘ ਸਰੀਰ ਛੱਡ ਕੇ ਚਲਾ ਗਿਆ ਸੀ ਤਾਂ ਸਿੰਘਾਂ ਨੇ ਜਾ ਕੇ ਗੁਰੂ ਸਾਹਿਬ ਨੂੰ ਦੱਸਿਆ ਤਾਂ ਮਹਾਰਾਜ ਕਹਿਣ ਲੱਗੇ ਕਿ ਸਾਡੀ ਆਗਿਆ ਤੋਂ ਬਿਨਾ ਹੀ ਚਲਾ ਗਿਆ ਤਾਂ ਭਾਈ ਸਾਹਿਬ ਨੇ ਆਪਣੀ ਸਥੂਲ ਦੇਹ ਵਿੱਚ ਆ ਕੇ ਦੱਸਿਆ ਕਿ ਦਾਸ ਉਦੋਂ ਸੱਚਖੰਡ ਵਿੱਚ ਸੰਤਰੀ ਦੀ ਡਿਊਟੀ ਤੇ ਜਾਂਦਾ ਸੀ ਤਾਂ ਭਗਤ ਜੀ ਨੇ ਪੁੱਛਿਆ ਕਿ ਉਸ ਵਕਤ ਕੋਈ ਦੇਹ ਤਾਂ ਹੋਵੇਗੀ ਤਾਂ ਸੰਤ ਕਹਿਣ ਲੱਗੇ ਹਾਂ - ਅਖੰਡ ਚੇਤਨ ਦੇਹ ਸੀ ਅਤੇ ਗੁਰੂ ਸਾਹਿਬ ਨੇ ਦੂਜੇ ਰਿਸ਼ੀਆਂ ਮੁਨੀਆਂ ਦਾ ਮਾਨ ਮੇਟਣ ਲਈ ਹੇਮਕੁੰਟ ਤੇ ਇਨ੍ਹਾਂ ਤਪ ਕੀਤਾ ਸੀ।

ਭਗਤ ਜੀ ਦਾ ਪਹਿਲਾ ਵਿਆਹ ਸੁਰ ਸਿੰਘ ਵਾਲੇ ਜੈਲਦਾਰਾਂ ਦੇ ਘਰ ਹੋਇਆ ਸੀ ਅਤੇ ਆਪ ਜੀ ਸੰਸਾਰਕ ਪ੍ਰੇਮ ਤੋਂ ਬੜੇ ਉਪਰਾਮ ਰਹਿੰਦੇ ਸਨ ਅਤੇ ਆਪਣੇ ਬਾਹਰ ਘਰ ਹਵੇਲੀ ਵਿੱਚ ਸੌਂਦੇ ਸਨ। ਉਹ ਪਹਿਲੇ ਵਿਆਹ ਵਾਲੀ ਮਾਤਾ ਜਦੋਂ ਆਪ ਜੀ ਵੀਹਵੇਂ ਸਾਲ ਵਿੱਚ ਸਨ ਉਦੋਂ ਹੀ ਮਰ ਗਈ ਸੀ ਅਤੇ ਕੋਈ ਔਲਾਦ ਨਾ ਹੋਈ ਦੂਜਾ ਵਿਆਹ ਆਪ ਜੀ ਦਾ ਕਾਲੀਆ ਸੰਗਤਰੇ ਵਿਖੇ ਮਾਤਾ ਭਗਤਨੀ ਨਾਲ ਹੋਇਆ ਜੋ ਬੜੇ ਹੀ ਆਗਿਆਕਾਰੀ ਸਿਮਰਨ ਕਰਨ ਵਾਲੇ ਅਤੇ ਪਤੀਬਰਤ ਧਰਮ ਵਿੱਚ ਪੱਕੇ ਸਨ।

**ਧਨ ਪਿਰ ਏਹਿ ਆਖੀਅਹਿ ਬਹਨਿ ਇਕਠੇ ਹੋਇ**

**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥**

ਆਪ ਜੀ ਦੇ ਘਰ ਤਿੰਨ ਸਪੁੱਤਰ ਅਤੇ ਤਿੰਨ ਸਪੁੱਤਰੀਆਂ (ਬੀਬੀ ਬੀਰੋ, ਬੀਬੀ ਅਮਰੋ, ਬੀਬੀ ਪੂਰੋ) ਪੈਦਾ ਹੋਈਆਂ ਜਿਨ੍ਹਾਂ ਵਿੱਚੋਂ ਇਕ ਪੁੱਤਰ ਚਲਾਣਾ ਕਰ ਗਏ ਸਨ ਅਤੇ ਦੋ ਸਪੁੱਤਰ ਭਾਈ ਅਮਰ ਸਿੰਘ ਤੇ ਭਾਈ ਭਗਵਾਨ ਸਿੰਘ ਜਿਉਂਦੇ ਹਨ। ਆਪ ਜੀ ਨੇ ਬੀਬੀਆਂ ਕੋਲੋਂ ਬਹੁਤ ਜਿਆਦਾ ਅਭਿਆਸ ਕਰਵਾਇਆ ਅਤੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਵਾਏ ਅਤੇ ਨਾਮ ਬਾਣੀ ਦੀ ਪ੍ਰਾਪਤੀ ਵਾਲੀਆਂ ਹੋਈਆਂ ਹਨ। ਆਪ ਜੀ ਦੀ ਵੱਡੀ ਬੀਬੀ ਮਸਤ ਰਹਿੰਦੀ ਸੀ ਜਾਂ ਤਾਂ ਸੌ ਪਾਠ ਜਪੁਜੀ ਸਾਹਿਬ ਦੇ ਜਾਂ ਦੋ ਵਾਰ ਪੰਜ ਗਰੰਥੀ ਦਾ ਪਾਠ ਕਰ ਲੈਂਦੀ ਸੀ ਅਤੇ ਸਾਰੀ ਕਿਰਿਆ ਆਪ ਸਾਂਭ ਲੈਂਦੀ ਸੀ। ਉਸ ਦਾ ਇੱਕ ਪੁੱਤਰ ਸ਼ੇਰ ਸਿੰਘ ਹੋਇਆ ਅਤੇ ਫਿਰ ਬੀਬੀ ਸਰੀਰ ਤਿਆਗ ਕੇ ਮਾਤਾ ਭਗਤਨੀ ਜੀ ਕੋਲ ਸੱਚਖੰਡ ਪਹੁੰਚ ਗਈ।

ਇਕ ਛੋਟੀ ਬੀਬੀ ਪੂਰੋ ਜਿਸ ਦੇ ਨਾਮ ਚਲਦਾ ਸੀ ਉਸਨੇ ਵੀ ਸਰੀਰ ਛੱਡ ਕੇ ਪੋਤੀ ਸਿਮਰੋ ਦਾ ਜਨਮ ਧਾਰਿਆ। ਇਕ ਬੀਬੀ ਅਮਰੋ ਜੋ ਨਾਮ ਪ੍ਰਾਪਤੀ ਵਾਲੀ ਹੈ ਅਤੇ ਜ਼ਿਲ੍ਹਾ ਕਰਨਾਲ ਵਿਖੇ ਵਿਆਹੀ ਹੋਈ ਸੀ। ਭਗਤ ਜੀ ਦੇ ਭੁਜੰਗੀ ਵੀ ਕਾਫੀ ਮੂਲਮੰਤਰ ਦੇ

ਅਭਿਆਸੀ ਹਨ ਵੱਡੇ ਭੁਜੰਗੀ ਭਾਈ ਅਮਰ ਸਿੰਘ ਨੂੰ ਇਕ ਵਾਰ ਸਿਮਰਨ ਕਰਦੇ ਹੋਏ ਪ੍ਰਕਾਸ਼ ਵੀ ਹੋਇਆ।

ਭਗਤ ਜੀ ਅਭਿਆਸ ਕਰਦਿਆਂ ਹੋਇਆਂ ਸੰਤਾਂ ਦੇ ਜੱਥੇ ਦਾ ਪ੍ਰੋਗਰਾਮ ਤਕਰੀਬਨ ਸਾਲ ਵਿੱਚ ਦੋ ਮਹੀਨੇ ਬਣਾਉਂਦੇ ਸਨ। ਆਪ ਜੀ ਨੂੰ ਪ੍ਰੋਗਰਾਮ ਵੇਲੇ ਪ੍ਰਧਾਨ ਆਗੂ ਬਣਾਇਆ ਜਾਂਦਾ ਸੀ। ਆਪ ਜੀ ਦੇ ਪਿਤਾ ਜੀ ਕਹਿ ਦਿੰਦੇ ਸਨ ਕਿ ਜਿੰਨਾ ਮਰਜੀ ਸੰਗਤ ਨੂੰ ਛਕਾਉ ਅਤੇ ਆਪ ਜੀ ਦੇ ਘਰ ਕਈ ਪੀਪੇ ਘਿਉ ਦੇ ਜਮ੍ਹਾ ਰਹਿੰਦੇ ਸਨ। ਇਕ ਵਾਰੀ ਆਪ ਜੀ ਨੇ ਪੰਜਾਹ ਸੱਠ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਸੀ।

ਤਕਰੀਬਨ ਅਠਾਰਾਂ ਸਾਲ ਦੀ ਕਠਨ ਤਪੱਸਿਆ ਪਿੱਛੋਂ ਆਪ ਜੀ ਅੰਮ੍ਰਿਤ ਵੇਲੇ ਬੈਠਿਆਂ ਤਿੰਨ ਵਾਰ ਸੁਨਿਹਰੀ ਅੱਖ਼ਰਾਂ ਵਿੱਚ ਪ੍ਰਕਾਸ਼ ਨਾਲ ਨਜਾਰਾ ਹੋਇਆ। ਆਪ ਜੀ ਨੂੰ ਪਹਿਲੇ ਵੀ ਸੁਨਿਹਰੀ ਅੱਖਰਾਂ ਵਿੱਚ ਪ੍ਰਕਾਸ਼ ਹੁੰਦਾ ਸੀ ਅਤੇ ਵਾਹਿਗੁਰੂ ਮੰਤਰ ਸਾਰੇ ਬ੍ਰਹਿਮੰਡ ਵਿੱਚ ਦਿਸਣਾ ਸ਼ੁਰੂ ਹੋ ਜਾਂਦਾ। ਕਠਨ ਤਪੱਸਿਆ ਕਰਦੇ ਹੋਇਆਂ ਕਈ ਵਾਰ ਆਪ ਸੂਰਮਗਤੀ ਅਤੇ ਬੀਰ ਰਸ ਦੇ ਕੰਮ ਵੀ ਕਰ ਦਿੰਦੇ ਸਨ। ਜਦੋਂ ਪਾਕਿਸਤਾਨ ਬਣਿਆ ਸੀ ਤਾਂ ਆਪ ਜੀ ਨੇ ਪਿੰਡ ਦੀ ਰੱਖਿਆ ਲਈ ਬੰਦੇ ਇਕੱਠੇ ਕੀਤੇ। ਆਪ ਜੀ ਨੂੰ ਹੀ ਪ੍ਰਧਾਨ ਬਣਾਇਆ ਗਿਆ। ਆਪ ਜੀ ਨੇ ਪੰਜ ਟੋਲੀਆਂ ਬਣਾਈਆਂ। ਚਾਰ ਟੋਲੀਆਂ ਤਾਂ ਚਾਰੇ ਕੋਨਿਆਂ ਤੇ ਆਪ ਨਗਰ ਦੇ ਵਿਚਕਾਰ ਵਾਲੀ ਟੋਲੀ ਦੇ ਵੀ ਆਗੂ ਸਨ।

ਆਪ ਜੀ ਨੇ ਰੌਲਾ ਪੈਣ ਤੋਂ ਸੱਤ ਸਾਲ ਪਹਿਲੇ ਦੱਸ ਦਿੱਤਾ ਸੀ ਕਿ "ਜਿੰਨਾ ਖਾਣਾ ਪੀਣਾ ਹੈ ਖਾ ਪੀ ਲਉ ਅਤੇ ਘਰ ਨਾ ਬਣਾਉ ਰੌਲਾ ਪੈ ਜਾਣਾ ਅਤੇ ਕੇਵਲ ਨਕਦ ਨਾਵਾਂ ਹੀ ਲਿਜਾ ਸਕਦੇ ਹੋ। ਇਕ ਵਾਰੀ ਮੁਸਲਮਾਨਾਂ ਦੇ ਬੰਦਿਆਂ ਨੇ ਵਿਚਾਰ ਕੀਤੀ ਕਿ ਕਾਨੇ ਵਾਲਿਆਂ ਦਾ ਸਾਰੇ ਪਿੰਡਾਂ ਉੱਤੇ ਜ਼ੋਰ ਹੈ। ਉਹਨਾਂ ਪਿੰਡ ਦੇ ਨੇੜੇ ਆ ਕੇ ਕੁਝ ਫਾਇਰ ਕੀਤੇ ਅਤੇ ਮਿਲਟਰੀ ਫੌਜ ਉਸ ਵਿੱਚ ਜਾ ਵੜੇ। ਇਹ ਵੇਖ ਕੇ ਭਗਤ ਜੀ ਕੁਝ ਬੰਦਿਆਂ ਸਮੇਤ ਬਾਹਰ ਨਿਕਲ ਕੇ ਉਹਨਾਂ ਦੇ ਪਿੱਛੇ ਗਏ ਤਾਂ ਮਿਲਟਰੀ ਵਾਲਿਆਂ ਨੇ ਆਪ ਜੀ ਨੂੰ ਤੇ ਬੰਦਿਆਂ ਨੂੰ ਘੇਰ ਲਿਆ। ਇਸ ਤਰ੍ਹਾਂ ਨਾਲ ਦੇ ਬੰਦਿਆਂ ਦਾ ਦਿਲ ਟੁੱਟ ਗਿਆ। ਕੇਵਲ ਆਪ ਜੀ ਸਾਰਿਆਂ ਨੂੰ ਦਿਲਾਸਾ ਦਿੰਦੇ ਰਹੇ ਕਿ ਗੁਰੂ ਸਾਹਿਬ ਰੱਖਿਆ ਕਰਨਗੇ ਜੇ ਮਰਨਾ ਲਿਖਿਆ ਹੈ ਤਾਂ ਵੀ ਵਾਹਿਗੁਰੂ ਨੂੰ ਸਦਾ ਚੇਤੇ ਰੱਖੋ। ਆਪ ਜੀ ਦੇ ਜੱਥੇ ਨੂੰ ਕਈ ਵਾਰ ਦੋ-ਦੋ ਕਤਾਰਾਂ ਬਣਾ ਕੇ ਫਾਲਨ ਕੀਤਾ ਗਿਆ।

– **ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ॥**
**ਤਿਨ ਕਾ ਭਉ ਸਭੁ ਗਵਾਸੀ**

– **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**

ਆਪ ਜੀ ਪਿਛਲੇ ਪਾਸੇ ਜਿੱਥੋਂ ਗੋਲੀ ਚਲ ਸਕਦੀ ਸੀ ਉਥੇ ਜਾ ਕੇ ਖੜ੍ਹੇ ਸਨ। ਉਹ ਮਿਲਟਰੀ ਵਾਲੇ ਜਦੋਂ ਉਪਰ ਦੀ ਚੱਕਰ ਲਾ ਕੇ ਪਿੱਛੇ ਗੋਲੀ ਚਲਵਾਉਣ ਲਈ ਤਿਆਰ ਹੁੰਦਾ ਹੈ ਤਾਂ ਗੁਰੂ ਸਾਹਿਬ ਦੀ ਕਿਰਪਾ ਨਾਲ ਉਸ ਦੇ ਮਨ ਵਿੱਚ ਦਇਆ ਆ

ਜਾਂਦੀ ਤੇ ਕਹਿ ਦਿੰਦਾ "ਨੋ ਨੋ ਨੋ ਮਤ ਸੂਟ ਕਰੋ" ਭਾਵ ਕਿ ਗੋਲੀ ਨਾ ਮਾਰੋ ਕਦੇ ਸਾਰਿਆਂ ਤੋ ਹਥਿਆਰ ਥੱਲੇ ਰਖਵਾਏ ਜਾਂਦੇ ਸਨ ਕਦੇ ਫੇਰ ਚੁਕਵਾਏ ਜਾਂਦੇ ਸਨ। ਕਦੇ ਫੇਰ ਫਾਲਨ ਕੀਤਾ ਜਾਂਦਾ ਸੀ ਅਤੇ ਇਸ ਤਰ੍ਹਾਂ ਕਾਰਵਾਈ ਕੀਤੀ ਜਾਂਦੀ ਤੇ ਫਿਰ ਕੁਝ ਦਿਨਾਂ ਬਾਅਦ ਆਪ ਜੀ ਨੂੰ ਛੱਡਿਆ ਗਿਆ।

ਫਿਰ ਆਪ ਨੇ ਸਲਾਹ ਕੀਤੀ ਕਿ ਇੱਥੇ ਰਹਿਣਾ ਹੁਣ ਠੀਕ ਨਹੀਂ ਤਾਂ ਆਪ ਜੀ ਨੇ ਜੋ ਸੋਨਾ ਅਤੇ ਗਹਿਣੇ ਸਨ ਇਕੱਠੇ ਕਰਕੇ ਇਕ ਚਾਦਰ ਵਿੱਚ ਬੰਨ੍ਹ ਕੇ ਮੋਢੇ ਤੇ ਰੱਖ ਲਏ ਤੇ ਆਪਣੇ ਸਹੁਰੇ ਘਰ ਕਾਲੀ ਸੰਗਤਰੇ ਵੱਲ ਨੂੰ ਚਾਲੇ ਪਾ ਦਿੱਤੇ ਰਾਹ ਵਿੱਚ ਕਈ ਵਾਰ ਮੁਸਲਮਾਨ ਇਕੱਠੇ ਹੋ ਕੇ ਮਿਲੇ ਪਰ ਮਹਾਰਾਜ ਨੇ ਰੱਖਿਆ ਕੀਤੀ। ਫਿਰ ਆਪ ਆਪਣੇ ਮਾਮਾ ਜਗਤ ਸਿੰਘ ਜੀ ਨੂੰ ਨਾਲ ਲੈ ਕੇ ਇਕ ਘੋੜੀ ਤੇ ਅਸਵਾਰ ਹੋ ਗਏ। ਆਪ ਜੀ ਦਾ ਸਰੀਰ ਉਸ ਵਕਤ ਕਾਫੀ ਤਕੜਾ ਹੁੰਦਾ ਸੀ ਅਤੇ ਉਮਰ ਤਕਰੀਬਨ ਬੱਤੀ ਸਾਲ ਦੀ ਸੀ।

ਆਪ ਜੀ ਨੇ ਕਿਹਾ ਕਿ ਮਾਮਾ ਜੀ ਤੁਸੀਂ ਘੋੜੀ ਤੇ ਚੜ੍ਹ ਚੱਲੋ ਤੇ ਮੈਂ ਭੱਜਿਆ ਜਾਵਾਂਗਾ। ਇਸ ਤਰ੍ਹਾਂ ਆਪ ਜੀ ਜਦੋਂ ਦਸ ਮੀਲ ਭੱਜਦੇ ਗਏ ਤਾਂ ਆਪ ਜੀ ਨੂੰ ਭੁੱਖ ਲੱਗੀ ਤਾਂ ਬਿਰਧ ਮਾਤਾ ਦੁੱਧ ਦੀ ਭਰੀ ਚਾਟੀ ਲਈ ਆਉਂਦੀ ਸੀ। ਆਪ ਜੀ ਨੂੰ ਕਹਿਣ ਲੱਗੀ ਲੈ ਬੱਚਾ ਦੁੱਧ ਪੀ ਲੈ। ਆਪ ਜੀ ਨੇ ਕਿਹਾ ਲਿਆਉ ਮਾਤਾ ਜੀ। ਆਪ ਜੀ ਨੇ ਚਾਟੀ ਫੜ੍ਹ ਕੇ ਮੂੰਹ ਨੂੰ ਲਾ ਕੇ ਦੁੱਧ ਪੀ ਲਿਆ ਅਤੇ ਕੁਝ ਦੁੱਧ ਮਾਮਾ ਜੀ ਨੂੰ ਪਿਆਇਆ ਅਤੇ ਮਾਤਾ ਨੂੰ ਆਖਿਆ ਕਿ ਮਹਾਰਾਜ ਤੈਨੂੰ ਸੁੱਖ ਦੇਣ। ਜਦੋਂ ਆਪ ਜੀ ਪਿੰਡ ਗਏ ਤਾਂ ਅੱਗੋਂ ਘਰ ਵਾਲੇ ਗੱਡਿਆਂ ਵਿੱਚ ਸਮਾਨ ਲੈ ਕੇ ਵਾਪਸ ਚਲੇ ਗਏ ਸਨ। ਆਪ ਜੀ ਕਈ ਬੰਦਿਆਂ ਦੇ ਨਾਲ ਵਾਪਸ ਘੋੜੇ ਤੇ ਅਸਵਾਰ ਹੋ ਕੇ ਰਵਾਨਾ ਹੋਏ। ਰਾਹ ਵਿੱਚ ਇਕ ਪੁਲ ਉਤੇ ਡੇਢ ਦੋ ਸੋ ਲੁਟੇਰੇ ਬੈਠੇ ਸਨ। ਇਹ ਵੇਖ ਕੇ ਆਪ ਜੀ ਦੇ ਨਾਲ ਦੇ ਬੰਦੇ ਸਹਿਮ ਗਏ ਤੇ ਆਪ ਜੀ ਨੂੰ ਪੁੱਛਣ ਲੱਗੇ ਤਾਂ ਆਪ ਜੀ ਅੰਤਰ ਧਿਆਨ ਹੋ ਗਏ ਤੇ ਹੁਕਮ ਆਇਆ ਕਿ ਇਹ ਲੁਟੇਰੇ ਸਲਾਹ ਕਰਦੇ ਰਹਿ ਜਾਣਗੇ ਪਰ ਨੁਕਸਾਨ ਨਹੀਂ ਕਰ ਸਕਣਗੇ। ਇਹ ਸੁਣ ਕੇ ਆਪ ਜੀ ਅਤੇ ਨਾਲ ਦੇ ਮੇਲੂ ਅੱਗੇ ਵਧੇ। ਇਕ ਲੁਟੇਰੇ ਨੇ ਦੂਜੇ ਨੂੰ ਅਵਾਜ਼ ਮਾਰੀ ਅੱਲਾ ਬਖਸ਼ ਦੂਜੇ ਕਿਹਾ ਕਰੀਮ ਬਖਸ਼ ਤੀਜੇ ਕਿਹਾ ਹਾਂ ਠੀਕ ਹੈ। ਜਦੋਂ ਨੇੜੇ ਢੁੱਕਣ ਲੱਗੇ ਤਾਂ ਆਪ ਜੀ ਨੇ ਕਿਹਾ ਕਿ ਇਹ ਇਸ ਤੋਂ ਅੱਗੇ ਕਦਮ ਨਹੀਂ ਰੱਖ ਸਕਦੇ। ਇਹ ਸੁਣਦੇ ਹੀ ਸਾਰੇ ਦੇ ਸਾਰੇ ਮੇਲੂ ਅੱਗੇ ਲੰਘ ਗਏ। ਇਸ ਤੋਂ ਬਾਅਦ ਆਪ ਜੀ ਪਿੰਡ ਸੱਦੂਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪੱਕੇ ਟਿਕ ਗਏ।

ਜਦੋਂ ਆਪ ਪਾਕਿਸਤਾਨ ਵਿੱਚੋਂ ਆਏ ਤਾਂ ਆਪ ਜੀ ਦੀ ਜਮੀਨ ਘਰ ਤੋਂ ਕਾਫੀ ਦੂਰ ਅਤੇ ਬੰਜਰ ਜਿਹੀ ਮਿਲੀ। ਜਦੋਂ ਘਰ ਵਾਲਿਆਂ ਨੇ ਜਾ ਕੇ ਵੇਖੀ ਤਾਂ ਬੜੇ ਘਬਰਾਏ ਤਾਂ ਆਪ ਜੀ ਨੇ ਕਿਹਾ ਕਿ ਇਹਨਾਂ ਜੀਆਂ ਦੇ ਕਰਮਾਂ ਅਨੁਸਾਰ ਜਮੀਨ ਮਿਲੀ ਹੈ ਤਾਂ ਘਰ ਵਾਲਿਆਂ ਨੇ ਸੰਤਾਂ ਕੋਲ ਜਾ ਕੇ ਵੀ ਬੇਨਤੀ ਕੀਤੀ ਤਾਂ ਆਪ ਜੀ ਵੀ ਕੋਲ ਹੀ ਸਨ ਤਾਂ ਆਪ ਜੀ ਨੇ ਆਖਿਆ ਕਿ ਜੇਕਰ ਤੁਸੀਂ ਮੇਰੇ ਕੋਲੋਂ ਇਸ ਜਮੀਨ ਬਾਰੇ ਕੰਮ ਕਰਾਉਗੇ ਤਾਂ ਸਾਨੂੰ

ਇਕ ਸਾਲ ਲਈ ਮੰਜੀ ਉਤੇ ਪੈਣਾ ਪਵੇਗਾ ਤਾਂ ਘਰ ਵਾਲਿਆਂ ਦੇ ਸੰਤਾਂ ਨੂੰ ਬੇਨਤੀ ਕਰਨ ਤੇ ਸੰਤਾਂ ਨੇ ਕਿਹਾ ਕਿ ਭਗਤ ਜੀ ਹੁਣ ਇਹਨਾਂ ਦਾ ਕੰਮ ਜਰੂਰ ਕਰੋ। ਜਦੋਂ ਭਗਤ ਜੀ ਨੇ ਕੋਸ਼ਿਸ਼ ਕਰਕੇ ਜਮੀਨ ਦਿਵਾਈ ਤਾਂ ਬਚਨਾ ਅਨੁਸਾਰ ਠੀਕ ਇਕ ਸਾਲ ਲਈ ਮੰਜੀ ਤੇ ਪੈਣਾਂ ਪਿਆ ਜਿਸ ਵਿੱਚ ਲਹੂ ਦੇ ਦਸਤ ਆਉਂਦੇ ਸਨ ਅਤੇ ਆਪਣੀ ਕਿਰਿਆਂ ਆਪ ਕਰ ਲੈਂਦੇ ਸਨ ਅਤੇ ਬਾਣੀ ਦਾ ਸਾਰਾ ਨਿਤਨੇਮ ਵੀ ਕਰ ਲੈਂਦੇ ਸਨ।

ਜਦੋਂ ਭੂਰਿਆਂ ਵਾਲਿਆਂ ਦਾ ਪ੍ਰੋਗਰਾਮ ਸੰਤਾਂ ਦਾ ਬਣਿਆ ਤਾਂ ਉਹਨਾਂ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਭਗਤ ਜੀ ਜਰੂਰ ਇੱਥੇ ਆਉਣੇ ਚਾਹੀਂਦੇ ਹਨ ਤਾਂ ਸੰਤਾਂ ਨੇ ਉਥੇ ਹੀ ਸੂਖਮ ਸਰੀਰ ਨਾਲ ਹੁਕਮ ਕੀਤਾ ਕਿ ਛੇਤੀ ਪਹੁੰਚੋਂ ਤਾਂ ਆਪ ਜੀ ਝਟ ਤਿਆਰ ਹੋ ਕੇ ਚੱਲ ਪਏ ਅਤੇ ਤਕਰੀਬਨ ਪੈਂਤੀ ਚਾਲੀ ਮੀਲ ਪੰਧ ਤੈਅ ਕਰਕੇ ਸ਼ਾਮ ਤੱਕ ਪੈਦਲ ਹੀ ਉਥੇ ਪਹੁੰਚ ਗਏ। ਸਰੀਰ ਵੀ ਠੀਕ ਹੋ ਗਿਆ। ਉਥੇ ਜਾ ਕੇ ਆਪ ਜੀ ਨੇ ਸ਼ਰਧਾ ਅਤੇ ਪ੍ਰੇਮ ਨਾਲ ਸੇਵਾ ਅਤੇ ਪ੍ਰੋਗਰਾਮ ਨਿਭਾਉਣ ਦੇ ਲਈ ਪ੍ਰੇਰਿਆ। ਆਪ ਜੀ ਨੇ ਭਾਈ ਕਰਤਾਰ ਸਿੰਘ, ਸ਼ਿੰਗਾਰਾ ਸਿੰਘ, ਭਾਈ ਹਰਨਾਮ ਸਿੰਘ, ਭਾਈ ਸੁਰਜੀਤ ਸਿੰਘ ਅਤੇ ਬਾਬਾ ਕੁਲਵੰਤ ਸਿੰਘ ਜੀ ਕਾਲੀਏ ਸੰਗਤਰੇ ਵਾਲੇ ਇਹਨਾਂ ਨੂੰ ਅੰਮ੍ਰਿਤ ਛਕਾਇਆ। ਪ੍ਰੋਗਰਾਮ ਤੋਂ ਬਾਅਦ ਆਪ ਜੀ ਕਾਫੀ ਦਿਨ ਇਸ ਇਲਾਕੇ ਵਿੱਚ ਰਹਿ ਕੇ ਪ੍ਰਚਾਰ ਕਰਦੇ ਅਤੇ ਭਜਨ ਸਿਮਰਨ ਵਿੱਚ ਸੰਗਤਾਂ ਨੂੰ ਜ਼ੋੜਦੇ ਰਹਿੰਦੇ ਸਨ। ਜਦੋਂ ਆਪ ਜੀ ਪਿੰਡ ਆਉਂਦੇ ਤਾਂ ਸਿੰਘ ਆਪ ਜੀ ਕੋਲ ਪਿੰਡ ਆ ਕੇ ਬਾਣੀ ਅਤੇ ਸਿਮਰਨ ਦਾ ਆਨੰਦ ਮਾਣਦੇ ਪਤਰਾਵਾ ਭੂਰਿਆਂ ਅਤੇ ਪੱਟੀ ਦੇ ਸਿੰਘ ਆਪ ਜੀ ਦੀ ਸੰਗਤ ਕਰਕੇ ਬੜਾ ਆਨੰਦ ਪ੍ਰਾਪਤ ਕਰਦੇ।

ਬਾਬਾ ਕੁਲਵੰਤ ਸਿੰਘ ਜੀ ਜਦੋਂ ਸੱਤਵੀਂ ਜਮਾਤ ਵਿੱਚ ਪੜ੍ਹਦੇ ਸਨ ਉਸ ਵਕਤ ਤੋ ਆਪ ਜੀ ਦੀ ਸੰਗਤ ਕਰਨ ਲੱਗ ਪਏ ਸਨ। ਬਾਬਾ ਜੀ ਦਾ ਵਿਆਹ ਛੋਟੀ ਉਮਰ ਵਿੱਚ ਹੀ ਹੋ ਗਿਆ ਸੀ ਅਤੇ ਜੋ ਭਗਤਾ ਦਾ ਪਿੰਡ ਸੀ ਉਹ ਬਾਬਾ ਜੀ ਦਾ ਸਹੁਰਾ ਪਿੰਡ ਸੀ ਅਤੇ ਬਾਬਾ ਜੀ ਦੇ ਘਰੋ ਮਾਤਾ ਜੀ ਭਗਤ ਜੀ ਨੂੰ ਚਾਚਾ ਜੀ ਕਹਿ ਕੇ ਬੁਲਾਉਂਦੇ ਸਨ ਅਤੇ ਇਧਰਲੇ ਪਾਸੇ ਬਾਬਾ ਜੀ ਦਾ ਪਿੰਡ ਕਾਲੀਏ ਸੰਗਤਰਾ ਸੀ ਅਤੇ ਇਸ ਪਿੰਡ ਵਿੱਚ ਭਗਤਾਂ ਦੇ ਸਹੁਰੇ ਸਨ। ਇਸ ਤਰ੍ਹਾਂ ਮੇਲ ਮਿਲਾਪ ਹੋਣ ਲੱਗ ਪਿਆ ਅਤੇ ਭਗਤਾਂ ਨੇ ਬਾਬਾ ਕੁਲਵੰਤ ਸਿੰਘ ਜੀ ਨੂੰ ਬਾਣੀ ਪੜ੍ਹਨ ਵੱਲ ਪ੍ਰੇਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਬਾਬਾ ਕੁਲਵੰਤ ਸਿੰਘ ਜੀ ਸਕੂਲ ਟਾਇਮ ਵੀ ਅਤੇ ਜਦੋਂ ਵੀ ਘਰ ਤੋਂ ਵਿਹਲ ਮਿਲਦੀ ਉਸ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾਉਂਦੇ ਹੋਏ ਭਗਤਾਂ ਦੀ ਸੰਗਤ ਕਰਨ ਲੱਗ ਪਏ

– **ਕਬੀਰ ਏਕ ਘਰੀ ਆਧੀ ਘਰੀ ਆਧੀ**
**ਹੂੰ ਤੇ ਆਧ॥**
**ਭਗਤਨ ਸੇਤੀ ਗੋਸਟੇ ਜ਼ੋ ਕੀਨੋ ਸੁ ਲਾਭ॥**

– **ਸੰਤੁ ਮਿਲੈ ਕਿਛੁ ਸੁਣੀਐ ਕਹੀਐ॥**
**ਮਿਲੈ ਅਸੰਤ ਮਸਟਿ ਕਰ ਰਹੀਐ॥**

ਕਿਉਂਕਿ ਕਈ ਵਾਰ ਆਪ ਜੀ ਨੂੰ ਸਹੁਰੇ ਘਰ ਵੀ ਕਾਫੀ ਦਿਨ ਰਹਿਣ ਪੈਂਦਾ ਸੀ। ਇਸ ਤਰ੍ਹਾਂ ਬਾਬਾ ਜੀ ਉਸ ਵੇਲੇ ਵੀ ਭਗਤਾਂ ਦੀ ਸੰਗਤ ਕਰਦੇ ਰਹਿੰਦੇ ਸਨ।

ਇਧਰੋਂ ਪੜ੍ਹਦੇ ਹੋਏ ਦਸਵੀਂ ਕਲਾਸ ਦੇ ਇਮਤਿਹਾਨ ਵੀ ਨੇੜੇ ਆ ਗਏ ਤੇ ਇਮਤਿਹਾਨ ਮੌਕੇ ਵੀ ਆਪ ਜੀ ਕੋਲ ਆਉਂਦੇ ਰਹੇ ਤੇ ਬੇਨਤੀ ਕੀਤੀ ਕਿ ਮੈਂ ਪੜ੍ਹ ਨਹੀਂ ਸਕਿਆ ਹਾਂ ਇਮਤਿਹਾਨ ਆ ਗਏ ਹਨ ਤਾਂ ਆਪ ਜੀ ਨੇ ਕਿਹਾ ਚੰਗਾ ਸਿੰਘਾਂ ਬੇਫਿਕਰ ਹੋ ਜਾਹ ਇਮਤਿਹਾਨ ਦੇ ਮੌਕੇ ਤੇਰੇ ਕੋਲ ਦਸਵੇਂ ਪਾਤਸ਼ਾਹ ਪ੍ਰਗਟ ਹੋਣਗੇ ਅਤੇ ਸਾਰੇ ਪ੍ਰਸ਼ਨ ਦੇ ਉਤਰ ਵੀ ਤੈਨੂੰ ਲਿਖਾਉਣਗੇ। ਉਸੇ ਤਰ੍ਹਾਂ ਹੀ ਲਿਖੀ ਜਾਈਂ ਸੋ ਇਸੇ ਤਰ੍ਹਾਂ ਹੀ ਨਜਾਰਾ ਹੋਇਆ ਤੇ ਬਾਬਾ ਕੁਲਵੰਤ ਸਿੰਘ ਜੀ ਦਸਵੀਂ ਵਿੱਚੋਂ ਪਾਸ ਹੋਏ। ਬਾਬਾ ਜੀ ਚੌਰਾਸੀ ਪਾਠ ਜਪੁਜੀ ਸਾਹਿਬ ਦੇ ਕਰਿਆ ਕਰਦੇ ਸਨ ਫਿਰ ਬਾਬਾ ਜੀ ਨੂੰ ਸਹੁਰੇ ਘਰ ਵਿੱਚ ਰਹਿ ਕੇ ਵੀ ਉਥੋਂ ਦਾ ਕੰਮ ਕਰਨਾ ਤੇ ਕਰਵਾਉਣਾ ਪੈਂਦਾ ਤਾਂ ਹਲ ਵਾਹੁੰਦਿਆਂ ਵੀ ਪੰਜਾਹ ਪਾਠ ਜਪੁਜੀ ਸਾਹਿਬ ਦੇ ਕਰ ਲੈਂਦੇ ਸਨ।

– **ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ**
**ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤ॥**

– **ਨਾਮਾ ਕਹੈ ਤਿਲੋਚਨਾ ਮੁੱਖ ਤੇ ਰਾਮੁ ਸੰਮਾਲਿ**
**ਹਾਥ ਪਾਉ ਕਰ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥**

ਜਦੋਂ ਭਗਤ ਜੀ ਜੱਥੇ ਵਿੱਚ ਦੋ ਮਹੀਨਿਆਂ ਬਾਅਦ ਜਾਂਦੇ ਤਾਂ ਬਾਬਾ ਕੁਲਵੰਤ ਸਿੰਘ ਜੀ ਨੂੰ ਵੀ ਆਪਣੇ ਨਾਲ ਲੈ ਕੇ ਜਾਂਦੇ। ਬਾਬਾ ਜੀ ਘਰ ਦਾ ਬਿਲਕੁਲ ਖਿਆਲ ਛੱਡ ਦਿੰਦੇ। ਘਰ ਦੇ ਸਾਰੇ ਕੰਮ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਹੁੰਦੇ ਰਹਿੰਦੇ।

ਇਕ ਵਾਰੀ ਭਗਤ ਜੀ ਬਾਬਾ ਜੀ ਨੂੰ ਗੰਗਾਨਗਰ ਦੇ ਕੋਲ ਕਰੜ ਵਾਲੇ ਹਿੰਦੂ ਮਲ ਕੋਟ ਜਿੱਥੇ ਜੱਥਾ ਸੀ ਉਥੇ ਨਾਲ ਲੈ ਗਏ। ਉਥੇ ਬਾਬਾ ਜੀ ਕੇਵਲ ਇਕ ਘੰਟਾ ਹੀ ਸੌਂਦੇ ਰਹੇ। ਡਾਕਟਰ ਅਰਜਨ ਸਿੰਘ ਜੋ ਗੰਗਾਨਗਰ ਦਾ ਸੀ ਉਸਦਾ ਹੰਕਾਰ ਤੋੜਨ ਵਾਸਤੇ ਆਪ ਜੀ ਇਨ੍ਹਾਂ ਅਭਿਆਸ ਕਰਾਉਂਦੇ ਕਿ ਉਸ ਨੇ ਵੇਖ ਕੇ ਆਪ ਜੀ ਨੂੰ ਮੱਥਾ ਟੇਕਿਆ।।

ਇਕ ਵਾਰੀ ਭਗਤ ਜੀ ਅਤੇ ਬਾਬਾ ਕੁਲਵੰਤ ਸਿੰਘ ਜੀ ਗੰਗਾਨਗਰ ਦੀ ਟਾਹਲੀਆਂ ਦੇ ਦਰੱਖਤਾਂ ਵਿੱਚ ਬੈਠੇ ਸਨ ਤਾਂ ਭਗਤ ਜੀ ਨੇ ਬਾਬਾ ਜੀ ਨੂੰ ਕਿਹਾ ਕਿ ਇਹ ਟਾਹਲੀ ਦੇ ਦਰੱਖਤ ਦੇ ਜਿੰਨੇ ਵੀ ਪੱਤੇ ਹਨ ਇਨ੍ਹਾਂ ਵਿੱਚ ਵਾਹਿਗੁਰੂ ਮੰਤਰ ਦੇ ਦਰਸ਼ਨ ਹੋਣ ਲੱਗ ਪੈਣ ਨਾਮ ਚਲਾ ਦਿਉ ਤਾਂ ਦੂਜੇ ਸਿੰਘ ਸੁਣ ਕੇ ਹੈਰਾਨ ਹੋਏ ਕਿਉਂਕਿ ਉਸ ਵਕਤ ਬਾਬਾ ਜੀ ਇਸ ਅਵਸਥਾ ਤੇ ਪਹੁੰਚੇ ਹੋਏ ਸਨ। ਕਿਰਪਾ ਕਰ ਦਿੱਤੀ।

ਬਾਬਾ ਜੀ ਦੀ ਘਰਵਾਲੀ ਮਾਤਾ ਗੁਰਨਾਮ ਕੌਰ ਜਿਸਨੂੰ ਭਗਤ ਜੀ ਗੁਰਨਾਮੋ ਕਹਿ

ਕੇ ਹੀ ਸੱਦਦੇ ਸਨ ਇਕ ਸਿਆਲ ਵਿੱਚ 50 ਮੂਲਮੰਤਰ ਦੀਆਂ ਮਾਲਾ ਹਰ ਰੋਜ਼ ਕਰਿਆਂ ਕਰਦੇ ਸਨ ਅਤੇ ਉਸਨੂੰ ਭਗਤਾਂ ਦੇ ਦਰਸ਼ਨ ਪਹਿਲਾਂ ਵੀ ਤੇ ਸਰੀਰ ਛੱਡਣ ਤੋਂ ਬਾਅਦ ਵੀ ਹੋ ਜਾਂਦੇ ਹਨ।

ਇਕ ਵਾਰੀ ਸੰਤਾਂ ਕੋਲੋ ਸਿੰਘਾਂ ਨੇ ਪੁੱਛਿਆ ਕਿ ਦੱਸਦੇ ਹਨ ਕਿ ਮਾਤਾ ਭਗਤਨੀ ਜੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਜਾ ਕੇ ਮੁਖਵਾਕ ਅਤੇ ਕੀਰਤਨ ਸੁਣ ਕੇ ਆਉਂਦੀ ਹੈ ਤਾਂ ਸੰਤਾਂ ਨੇ ਮਾਤਾ ਭਗਤਨੀ ਨੂੰ ਆਪ ਜੀ ਦੇ ਹੁੰਦੇ ਹੋਏ ਪੁੱਛਿਆ ਤਾਂ ਮਾਤਾ ਭਗਤਨੀ ਜੀ ਨੇ ਦੱਸਿਆ ਕਿ ਮਹਾਰਾਜ ਸਮਾਧੀ ਲਗਾ ਕੇ ਸੂਖਮ ਦੇਹ ਨਾਲ ਸੁਣਦੀ ਹਾਂ ਤਾਂ ਸੰਤਾਂ ਨੇ ਕਿਹਾ ਇਹ ਬੀਬੀ ਤਾਂ ਜਿਸ ਤਰ੍ਹਾਂ ਸੀਸ਼ੇ ਵਿੱਚ ਚਿਹਰਾ ਦੇਖੀ ਦਾ ਹੈ ਉਸ ਤਰ੍ਹਾਂ ਉਥੇ ਜਾ ਕੇ ਸਭ ਕੁਝ ਵੇਖ ਆਉਂਦੀ ਹੈ।

ਇਕ ਵਾਰੀ ਭਗਤ ਜੀ ਕਾਲੀਏ ਸੰਗਤਰੇ ਚਲੇ ਗਏ ਅਤੇ ਉਥੇ ਬਹੁਤ ਉਪਦੇਸ਼ ਕਰਦੇ ਰਹੇ ਤਾਂ ਪਿੱਛੋਂ ਮਾਤਾ ਭਗਤਨੀ ਦੀਆਂ ਕੁਝ ਅੱਖਾਂ ਦੁਖਣ ਲੱਗ ਪਈਆਂ ਤੇ ਬਾਅਦ ਵਿੱਚ ਦਿਸਣੋਂ ਬੰਦ ਹੋ ਗਿਆ ਤਾਂ ਮਾਤਾ ਜੀ ਨੇ ਆਪ ਜੀ ਨੂੰ ਬਹੁਤ ਯਾਦ ਕੀਤਾ ਤਾਂ ਆਪ ਜੀ ਇਸ ਖਿੱਚ ਨਾਲ ਪਿੰਡ ਪਹੁੰਚੇ ਤਾਂ ਮਾਤਾ ਭਗਤਨੀ ਜਦੋਂ ਆਪ ਜੀ ਨੂੰ ਮੱਥਾ ਟੇਕਣ ਲੱਗੀ ਤਾਂ ਡਿੱਗ ਪਈ ਤਾਂ ਆਪ ਜੀ ਨੇ ਪੁੱਛਿਆ ਤਾਂ ਪਤਾ ਲੱਗਾ ਤਾਂ ਆਪ ਜੀ ਨੇ ਕਿਹਾ ਕੋਈ ਦਵਾਈ ਨਹੀਂ ਲਈ ਤਾਂ ਮਾਤਾ ਭਗਤਨੀ ਨੇ ਕਿਹਾ ਸਾਰੇ ਸੰਬੰਧੀ ਕਹਿੰਦੇ ਸਨ ਕਿ ਜਦੋਂ ਭਗਤ ਆ ਜਾਣਗੇ ਤਾਂ ਆਪੇ ਹੀ ਠੀਕ ਹੋ ਜਾਣਗੀਆਂ। ਇਹ ਸੁਣ ਕੇ ਭਗਤ ਜੀ ਬੜੇ ਗੁੱਸੇ ਹੋਏ ਕਿ ਤੁਸੀਂ ਇਲਾਜ ਕਿਉਂ ਨਹੀਂ ਕਰਵਾਇਆ ਜੇ ਰਾਜੀ ਨਾ ਹੋਏ ਤਾਂ ਕੀ ਕਰੋਗੇ। ਇਹ ਸੁਣ ਕੇ ਸਾਰੇ ਚੁੱਪ ਕਰ ਗਏ। ਇਕ ਦਿਨ ਆਪ ਜੀ ਨੇ ਨਿਤਨੇਮ ਕਰਦੇ ਹੋਏ ਮਹਾਰਾਜ ਨੂੰ ਪੁੱਛਿਆ ਮਹਾਰਾਜ ਹੁਣ ਕਿਸ ਤਰ੍ਹਾਂ ਦਾ ਹਕੁਮ ਹੈ ਤਾਂ ਹੁਕਮ ਆਇਆ ਕਿ ਪੰਜ ਦਿਨ ਨਿਤਨੇਮ ਸੁਣਾਉ ਜਦੋਂ ਆਪ ਜੀ ਨੇ ਪੰਜ ਦਿਨ ਨਿਤਨੇਮ ਸੁਣਾ ਕੇ ਸੁਖਮਨੀ ਸਾਹਿਬ ਦਾ ਭੋਗ ਪਾਇਆ ਤੇ ਪੁੱਛਿਆ ਤਾਂ ਮਾਤਾ ਜੀ ਨੇ ਦੱਸਿਆ ਕਿ ਹੁਣ ਹੌਲੀ ਹੌਲੀ ਦਿੱਸਣਾ ਸ਼ੁਰੂ ਹੋ ਗਿਆ ਹੈ।

– **ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ**
**ਤੇਰਾ ਨਾਮੁ॥**

– **ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਨਾਈ**

– **ਗੁਰ ਕਾ ਸਬਦੁ ਰਖਵਾਰੇ॥**
**ਚਉਕੀ ਚਉਗਿਰਦ ਹਮਾਰੇ॥**

ਜਦੋਂ ਆਪ ਜੀ ਬਾਹਰ ਤੋਂ ਕੰਮ ਕਰਕੇ ਆਉਂਦੇ ਤਾਂ ਮਾਤਾ ਭਗਤਨੀ ਜੀ ਜੋ ਕਿ ਬਹੁਤ ਹੀ ਆਗਿਆਕਾਰੀ ਅਤੇ ਪਤੀ ਬਰਤਾ ਧਰਮ ਵਿੱਚ ਪੱਕੇ ਸਨ ਅਤੇ ਆਪ ਜੀ ਦੀ ਬਹੁਤ ਸੇਵਾ ਕਰਦੇ ਸਨ ਤਾਂ ਸਭ ਤੋਂ ਪਹਿਲਾਂ ਆਪ ਜੀ ਲਈ ਮੰਜਾ ਡਾਉਂਦੇ ਉਸ ਉਪਰ ਤੁਲਾਈ ਚਾਦਰ ਵਿਛਾਉਂਦੇ  ਅਤੇ ਬਾਅਦ ਵਿੱਚ ਆਪ ਜੀ ਦਾ ਜੋੜਾ

ਝਾੜਦੇ ਅਤੇ ਪੰਜ ਇਸ਼ਨਾਨਾ ਕਰਵਾਉਂਦੇ ਅਤੇ ਉਸਤੋਂ ਬਾਅਦ ਜਲ ਆਦਿ ਛਕਾਉਂਦੇ ਅਤੇ ਫਿਰ ਕੋਈ ਕਾਰ ਵਿਹਾਰ ਦਾ ਬਚਨ ਕਰਦੇ ਸਨ।

**ਧਨ ਪਿਰੁ ਏਹਿ ਨਾ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥**

ਘਰ ਅਤੇ ਖੇਤੀ ਦਾ ਕੰਮ ਵੀ ਨਾਲ ਕਰਵਾਉਂਦੇ। ਬਾਹਰ ਰੋਟੀ ਜਲ ਪਾਣੀ ਦੇਣ ਆਪ ਜਾਂਦੇ ਸਨ ਅਤੇ ਕਿਸੇ ਬੱਚੇ ਨੂੰ ਆਪ ਜੀ ਦੇ ਮੰਜੇ ਤੇ ਬੈਠਣ ਨਹੀਂ ਦਿੰਦੇ ਸਨ ਅਤੇ ਨਾ ਹੀ ਆਪ ਜੀ ਕੋਲ ਰੌਲਾ ਪਾਉਣ ਦਿੰਦੇ ਸਗੋਂ ਮੱਥਾ ਟੇਕ ਕੇ ਫਤਹਿ ਬੁਲਾਉਂਦੇ ਸਨ।

ਇਕ ਵਾਰ ਆਪ ਜੀ ਜਦੋ ਸੰਤਾਂ ਕੋਲ ਆ ਰਹੇ ਸਨ ਤਾਂ ਮਾਤਾ ਭਗਤਨੀ ਤੇ ਭਾਈ ਸ਼ਿੰਗਾਰਾ ਸਿੰਘ ਜੋ ਇਹਨਾਂ ਦੀ ਭੂਆ ਦਾ ਪੁੱਤਰ ਲੱਗਦਾ ਸੀ ਨਾਲ ਹੀ ਆ ਰਿਹਾ ਸੀ ਉਸਨੇ ਮਾਤਾ ਭਗਤਨੀ ਨੂੰ ਮਜਾਕ ਮਸ਼ਕਰੀ ਕੀਤੀ ਤਾਂ ਮਾਤਾ ਨੇ ਭਗਤ ਜੀ ਨੂੰ ਭਿੰਡਰੀ ਜੋੜ ਮੇਲੇ ਤੇ ਪਹੁੰਚ ਕੇ ਦੱਸਿਆ ਤਾਂ ਆਪ ਜੀ ਨੇ ਕਿਹਾ ਕਿ ਚੰਗਾ ਹੁਣ ਉਸਨੂੰ ਵੀ ਸੁਆਦ ਮਿਲ ਜਾਵੇਗਾ।

– **"ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ"॥**
– **ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥**

ਮਾਤਾ ਭਗਤਨੀ ਜੀ ਇਕ ਪਤੀ ਬਰਤਾ ਇਸਤਰੀ ਸਨ ਇਸਤੋਂ ਪਿੱਛੋਂ ਭਾਈ ਸ਼ਿੰਗਾਰਾ ਸਿੰਘ ਨੂੰ ਬੜਾ ਕੰਬ-ਕੰਬ ਕੇ ਬੁਖ਼ਾਰ ਚੜ੍ਹ ਗਿਆ। ਕੋਈ ਸੁੱਧ-ਬੁੱਧ ਹੀ ਨਾ ਰਹੀ। ਉਸਨੇ ਸੰਤਾਂ ਨੂੰ ਜਾ ਕੇ ਦੱਸਿਆ ਤਾਂ ਸੰਤਾਂ ਨੇ ਆਪ ਜੀ ਨੂੰ ਕਿਹਾ ਕਿ ਭਗਤ ਜੀ ਸ਼ਿੰਗਾਰਾ ਸਿੰਘ ਦਾ ਫੁਰਨਾ ਤੁਸੀਂ ਛੱਡ ਦਿਉ। ਇਹ ਸੁਣ ਕੇ ਆਪ ਫਿਰ ਸਮਾਧੀ ਵਿੱਚ ਗਏ ਤਾਂ ਇਸ ਗੱਲ ਦਾ ਚੇਤਾ ਭੁੱਲ ਗਿਆ ਆਪ ਜੀ ਨੂੰ ਇਕ ਵਾਰ ਫੇਰ ਸੰਤਾਂ ਨੇ ਆਖਿਆ ਤਾਂ ਫਿਰ ਸ਼ਿੰਗਾਰਾ ਸਿੰਘ ਨੂੰ ਆਰਾਮ ਆਇਆ ਤਾਂ ਉਸ ਦਿਨ ਤੋਂ ਮਾਤਾ ਭਗਤਨੀ ਜੀ ਦਾ ਬਾਕੀ ਸਿੰਘ ਤੇ ਸ਼ਿੰਗਾਰਾ ਸਿੰਘ ਬਹੁਤ ਸਤਿਕਾਰ ਕਰਨ ਲੱਗ ਪਏ।

ਭਗਤ ਦੀ ਵੱਡੀ ਸਪੁੱਤਰੀ ਬੀਬੀ ਬੀਰੋ ਤੇ ਪੰਜਾਂ ਸ਼ਹੀਦਾਂ ਦਾ ਪਹਿਰਾ ਹੋ ਜਾਂਦਾ ਸੀ। ਬੀਬੀ ਸਾਰੀ ਕਿਰਿਆਂ ਆਪ ਕਰ ਲੈਂਦੀ ਸੀ ਅਤੇ ਪੰਜ ਗ੍ਰੰਥੀ ਦੇ ਦੋ ਪਾਠ ਜਾਂ ਇਕ ਸੌ ਇਕ ਜਪੁਜੀ ਸਾਹਿਬ ਦੇ ਪਾਠ ਕਰ ਲੈਂਦੀ ਸੀ। ਜੋ ਬੀਬੀ ਦਾ ਮਾਮਾ ਬਹਾਲ ਸਿੰਘ ਸੀ ਅਤੇ ਭਗਤ ਜੀ ਦਾ ਸਾਲਾ ਸੀ। ਉਸਨੇ ਬੀਬੀ ਦੇ ਘਰ ਜਨਮ ਲਿਆ ਸੀ ਜੋ ਹੁਣ ਤੱਕ ਭੁਜੰਗੀ ਹੈ ਜਿਸ ਦਾ ਨਾਂ ਸ਼ੇਰ ਸਿੰਘ ਹੈ।

ਇਕ ਵਾਰ ਮਾਤਾ ਕੇਸਰ ਕੌਰ ਉਰਫ ਭਗਤਨੀ ਜੀ ਦਾ ਭਰਾ ਜੋ ਕਿ ਬਹਾਲ ਸਿੰਘ ਆਪਣੇ ਪਿੰਡ ਵਿੱਚ ਖੂਨ ਕਰ ਬੈਠਾ ਸੀ ਉਸਨੂੰ ਛੁਡਾਉਣ ਲਈ ਮਾਤਾ ਕੇਸਰ ਕੌਰ ਜੀ ਨੇ ਆਪ ਜੀ ਨੂੰ ਬੇਨਤੀ ਕੀਤੀ ਕਿ ਕਿਰਪਾ ਕਰੋ ਅਤੇ ਜਰੂਰ ਛੁਡਾਉ। ਆਪ ਜੀ ਨੇ ਅਖੀਰ ਬੇਨਤੀ ਪ੍ਰਵਾਨ ਕੀਤੀ ਅਤੇ ਦੂਜੇ ਧੜੇ ਵੱਲ ਦਾ ਇਕ ਰਾਮ ਲਾਲ ਸਾਧੂ ਸੀ ਜਿਸਦੀ ਬਹੁਤ

ਬੰਦਗੀ ਅਤੇ ਜਪਤਪ ਸੀ ਤੇ ਉਸਨੇ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕੀਤੇ ਹੋਏ ਸਨ ਅਤੇ ਜਦੋਂ ਵੀ ਦਿਲ ਕਰਦਾ ਸੀ ਗੁਰੂ ਨਾਨਕ ਸਾਹਿਬ ਜੀ ਨੂੰ ਯਾਦ ਕਰਕੇ ਪ੍ਰਗਟ ਕਰ ਲੈਂਦਾ ਸੀ ਅਤੇ ਸਰਗੁਣ ਅਵਸਥਾ ਸਿੱਧ ਸੀ। ਉਸਨੂੰ ਦੂਜੇ ਧੜੇ ਵਾਲਿਆਂ ਨੇ ਪ੍ਰੇਰਿਆ ਸੀ ਕਿ ਉਹ ਉਹਨਾਂ ਦੀ ਮਦਦ ਕਰੇ। ਜਦੋਂ ਅਦਾਲਤ ਵਿੱਚ ਤਰੀਕਾਂ ਚੱਲੀਆਂ ਤਾਂ ਆਪ ਜੀ ਨੇ ਅੰਮ੍ਰਿਤਸਰ ਪਹੁੰਚ ਕੇ ਸਰਾਂ ਵਿੱਚ ਆਸਣ ਲਾਏ ਅਤੇ ਆਪ ਜੀ ਦੇ ਨਾਲ ਬਾਬਾ ਕੁਲਵੰਤ ਸਿੰਘ ਜੀ ਅਤੇ ਭਾਈ ਕਰਤਾਰ ਸਿੰਘ ਨਾਲ ਸਨ ਤੇ ਹੋਰ ਵੀ ਤਿੰਨ ਚਾਰ ਸਿੰਘ ਤੇ ਮਾਤਾ ਭਗਤਨੀ ਵੀ ਸੀ। ਇਸ ਤੋਂ ਪਹਿਲਾਂ ਆਪ ਨਾਡਾ ਸਾਹਿਬ ਅੱਠ ਦਿਨਾਂ ਲਈ ਸੰਤਾਂ ਕੋਲ ਸੰਗਤ ਕਰਨ ਲਈ ਪਹੁੰਚੇ। ਮਾਤਾ ਭਗਤਨੀ ਜੀ ਨੇ ਉਥੇ ਪਿਛੇ ਜਾ ਕੇ ਆਪ ਜੀ ਨੂੰ ਬੜੀਆਂ ਬੇਨਤੀਆਂ ਕੀਤੀਆਂ ਅਤੇ ਅਖੀਰ ਆਪ ਜੀ ਮੰਨ ਗਏ। ਜਦੋਂ ਆਪ ਮਾਤਾ ਭਗਤਨੀ ਦੇ ਭਰਾ ਕੋਲ ਪਹੁੰਚੇ ਤਾਂ ਉਹ ਬਹੁਤ ਨਿਰਾਸ਼ ਹੋ ਗਿਆ ਸੀ ਅਤੇ ਕਹਿਣ ਲੱਗਾ ਕਿ ਤੁਸੀਂ ਹੀ ਕੇਵਲ ਮੇਰਾ ਆਸਰਾ ਸੀ ਤੇ ਆਪ ਜੀ ਵੀ ਸੰਤਾਂ ਕੋਲ ਚਲੇ ਗਏ ਸੋ ਤਾਂ ਆਪ ਜੀ ਨੇ ਬੀਰ ਰਸ ਵਿੱਚ ਕਿਹਾ ਅਸੀਂ ਤਾਂ ਦੰਦੇ ਤਿਖੇ ਕਰਨ ਗਏ ਸਾਂ ਅਤੇ ਹੁਣ ਕੋਈ ਫ਼ਿਕਰ ਨਾ ਕਰੋ। ਗੁਰੂ ਸਾਹਿਬ ਕਿਰਪਾ ਕਰਨਗੇ। ਇੱਧਰ ਜਦੋਂ ਤਰੀਕਾ ਪੈਣ ਲੱਗੀਆਂ ਤੇ ਆਪ ਜੀ ਜਦੋਂ ਸਰਾਂ ਵਿੱਚ ਪਹੁੰਚੇ ਤਾਂ ਸ਼ਾਮ ਨੂੰ ਉਧਰੋਂ ਰਾਮ ਲਾਲ ਨੇ ਐਸੀ ਸ਼ਕਤੀ ਭੇਜੀ ਜੋ ਕਿ ਬਾਬਾ ਕੁਲਵੰਤ ਸਿੰਘ ਅਤੇ ਭਾਈ ਕਰਤਾਰ ਸਿੰਘ ਨੂੰ ਮੂਰਛਾਂ ਕਰ ਗਈ। ਜਦੋਂ ਆਪ ਜੀ ਨੇ ਸਵੇਰੇ ਉਠਾਇਆ ਤਾਂ ਦੋਨੋਂ ਹੀ ਸਿੰਘ ਨਾ ਉਠੇ ਤਾਂ ਆਪ ਜੀ ਨੇ ਸਮਾਧੀ ਵਿੱਚ ਸਭ ਕੁਝ ਵੇਖ ਲਿਆ ਅਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮਹਾਰਾਜ ਐਸੀ ਕਿਰਪਾ ਕਰੋ ਇਹਨਾਂ ਦੇ ਸਰੀਰ ਬਿਲਕੁਲ ਠੀਕ ਹੋ ਕੇ ਹਰਿਮੰਦਰ ਸਾਹਿਬ ਵਿਖੇ ਸ਼ਾਮ ਨੂੰ ਮੱਥਾ ਟੇਕਣ ਤੁਰ ਕੇ ਜਾਣ। ਰਾਮ ਲਾਲ ਨੇ ਅੱਠ ਦਿਨਾਂ ਦਾ ਸੰਕਲਪ ਕੀਤਾ ਸੀ ਕਿ ਇਹ ਸਿੰਘ ਅੱਠ ਦਿਨ ਉਠ ਨਾ ਸਕਣ ਅਤੇ ਹੱਥਾਂ ਅਤੇ ਪੈਰਾਂ ਨੂੰ ਸ਼ਕਤੀ ਨਾਲ ਚਮੜੇ ਵਰਗੇ ਉਪਰ ਦੀ ਕਲਬੂਤ ਜਿਹੇ ਦੇ ਕੇ ਬੰਨ ਦਿੱਤਾ ਗਿਆ ਸੀ ਜਿਸ ਨਾਲ ਬੋਲ ਵੀ ਨਹੀਂ ਸਨ ਸਕਦੇ। ਰਾਮ ਨਾਲ ਨੇ ਕਿਹਾ ਕਿ ਇਹ ਸਾਰਾ ਕੁਝ ਤਾਂ ਹੀ ਅੱਠ ਦਿਨਾਂ ਵਾਸਤੇ ਕੀਤਾ ਸੀ ਕਿ ਭਗਤ ਜੀ ਇਧਰ ਸਿੰਘਾਂ ਵਾਲੇ ਪਾਸੇ ਰੁਝ ਜਾਣਗੇ ਤੇ ਉਹ ਉੱਧਰ ਮੁਕੱਦਮਾਂ ਜਿੱਤ ਜਾਣਗੇ। ਭਗਤ ਜੀ ਮਾਤਾ ਭਗਤਨੀ ਨੂੰ ਗੁੱਸੇ ਹੋਏ ਕਿ ਤੇਰੇ ਭਰਾ ਨੂੰ ਛੁਡਾਉਣ ਬਦਲੇ ਸਿੰਘਾਂ ਦੀ ਐਸੀ ਹਾਲਤ ਹੋਈ ਹੈ ਉੱਧਰ ਗੁਰੂ ਸਾਹਿਬ ਨੇ ਆਪ ਜੀ ਨੂੰ ਸਿੰਘਾਂ ਨਮਿੱਤ ਕਾਫੀ ਸਾਰੀ ਬਾਣੀ ਪੜ੍ਹਨ ਲਈ ਆਖਿਆ। ਇਸ ਤਰ੍ਹਾਂ ਆਪ ਸਿੰਘਾਂ ਦੇ ਲਈ ਬਾਣੀ ਪੜ੍ਹਨ ਲੱਗ ਪਏ। ਬਾਣੀ ਪੂਰੀ ਕਰਨ ਤੇ ਇਕ ਸ਼ਹੀਦ ਸਿੰਘ ਸੱਚਖੰਡ ਤੋ ਆਇਆ ਅਤੇ ਇਕ ਸੰਦੂਕੜੀ ਤੇ ਕੁਝ ਔਜਾਰ ਨਾਲ ਲੈ ਕੇ ਆਇਆ ਤੇ ਉਸਨੇ ਇਕ ਔਜਾਰ ਨਾਲ ਲੱਤਾਂ ਅਤੇ ਬਾਹਾਂ ਤੇ ਚਮੜੇ ਵਰਗੇ ਕਲਬੂਤ ਲਾਹ-ਲਾਹ ਕੇ ਸੰਦੂਕੜੀ ਵਿੱਚ ਰੱਖਣੇ ਸ਼ੁਰੂ ਕੀਤੇ ਤੇ ਵਾਰੀ ਵਾਰੀ ਸੰਦੂਕੜੀ ਬੰਦ ਕਰ ਲੈਂਦਾ ਸੀ । ਇਸ ਤਰ੍ਹਾਂ ਜੋ ਸ਼ਕਤੀ ਨਾਲ ਬੰਧਨ ਪਾਏ ਗਏ ਸਨ ਕੱਟ ਕੇ ਸੰਦੂਕੜੀ ਵਿੱਚ ਬੰਦ ਕੀਤੇ ਗਏ। ਉਸ ਸੰਦੂਕੜੀ ਨੂੰ ਚੁੱਕ ਪਤਾਲ ਵਿੱਚ ਲਿਜਾ ਕੇ ੧ੳ ਦਾ ਉਪਰ ਤੇ

ਹੇਠ ਸੰਪਟ ਪੜਿਆ ਗਿਆ ਤਾਂ ਉਹ ਸੰਦੂਕੜੀ ਉਥੇ ਟਿਕੀ ਇਧਰ ਇਹਨਾਂ ਦੋਨਾਂ ਸਿੰਘਾਂ ਦੀਆਂ ਸੂਖਮ ਦੇਹਾਂ ਨੂੰ ਕੱਢ ਕੇ ਹਰਿਮੰਦਰ ਸਾਹਿਬ ਵਿੱਚ ਲਿਜਾ ਕੇ ਕੀਰਤਨ ਸੁਣਾਇਆ ਗਿਆ ਤਾਂ ਇਹਨਾਂ ਨੂੰ ਤਾਕਤ ਮਿਲੇ ਜਿਹੜੀਆਂ ਕਿ ਬਿਲੁਕਲ ਨਿਢਾਲ ਹੋ ਚੁੱਕੀਆਂ ਸਨ ਫਿਰ ਜੋ ਰਾਮ ਲਾਲ ਵੱਲੋਂ ਜੋ ਸ਼ਕਤੀਆ ਵਾਰ ਕਰਨ ਵਾਲੀਆਂ ਸਨ ਉਹ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਕਰਨ ਲੱਗ ਪਈਆਂ ਕਿਉਂਕਿ ਉਹ ਅੰਦਰ ਨਹੀਂ ਸਨ ਜਾ ਸਕਦੀਆਂ।ਕਾਫੀ ਦੇਰ ਕੀਰਤਨ ਸੁਣਾਉਣ ਤੋਂ ਮਗਰੋਂ ਇਹਨਾਂ ਦੀਆਂ ਸੂਖਮ ਦੇਹਾਂ ਫਿਰ ਸਥੂਲ ਸਰੀਰ ਵਿੱਚ ਪਾਈਆਂ ਗਈਆਂ ਅਤੇ ਇਹਨਾਂ ਨੂੰ ਹੋਸ਼ ਪਰਤੀ ਅਤੇ ਹੌਲੀ-ਹੌਲੀ ਤਾਕਤ ਫੜਨ ਲੱਗ ਪਏ। ਫਿਰ ਇਕ ਦਿਨ ਜਦੋਂ ਕਚਹਿਰੀ ਨੂੰ ਤੁਰੇ ਤਾਂ ਬਾਬਾ ਕੁਲਵੰਤ ਸਿੰਘ ਜੀ ਨੇ ਆਪ ਜੀ ਨੂੰ ਬਿਰਤੀ ਨਾਲ ਵੇਖ ਕੇ ਦੱਸਿਆ ਕਿ ਰਾਮ ਲਾਲ ਜੱਜ ਦੀ ਕਚਹਿਰੀ ਵਿੱਚ ਬੈਠਾ ਹੈ ਜੋ ਕਿ ਸੂਖਮ ਸਰੀਰ ਨਾਲ ਉਥੇ ਪਹੁੰਚਿਆ ਹੈ ਅਤੇ ਵਿਰੋਧੀ ਧੜੇ ਦੀ ਮਦਦ ਕਰਨ ਲੱਗ ਪਿਆ ਹੈ। ਰਾਮ ਲਾਲ ਜੋ ਕਿ ਕਾਲੀਏ ਸੰਗਤਰੇ ਸਥੂਲ ਸਰੀਰ ਵਿੱਚ ਸਮਾਧੀ ਵਿੱਚ ਬੈਠਾ ਸੀ ਅਤੇ ਸੂਖਮ ਸਰੀਰ ਕਚਹਿਰੀ ਵਿੱਚ ਪਹੁੰਚਿਆ ਹੋਇਆ ਸੀ। ਇਧਰ ਭਗਤ ਜੀ ਵੀ ਰਸਤੇ ਵਿੱਚ ਤੁਰੇ ਜਾਂਦਿਆਂ ਹੀ ਸੂਖਮ ਸਰੀਰ ਨਾਲ ਕਚਹਿਰੀ ਵਿੱਚ ਪਹੁੰਚ ਗਏ ਅਤੇ ਸਥੂਲ ਸਰੀਰ ਬੜੀ ਮੁਸ਼ਕਲ ਨਾਲ ਮੋਟਰਾਂ ਕਾਰਾਂ ਆਦਿਕ ਤੋਂ ਬਚ ਕੇ ਵਿੰਗ ਪਾ ਕੇ ਪਹੁੰਚਿਆ। ਕਚਿਹਰੀ ਵਿੱਚ ਸੂਖਮ ਦੇਹ ਨਾਲ ਹੀ ਪਹਿਲਾਂ ਰਾਮ ਲਾਲ ਨੇ ਕਿਹਾ ਕਿ ਇੱਥੇ ਵੀ ਆ ਗਏ ਹੋ। ਹੁਣ ਵੇਖੋ ਸੁਆਦ ਇਹ ਕਹਿੰਦੇ ਹੀ ਸ਼ਕਤੀ ਨਾਲ ਬੜੀ ਤੇਜ਼ ਅੱਗ ਕੱਢਣੀ ਸ਼ੁਰੂ ਕਰ ਦਿੱਤੀ ਤਾਂ ਆਪ ਨੇ ਵੀ ਗੁਰੂ ਸਾਹਿਬ ਦੀ ਕਿਰਪਾ ਨਾਲ ਬੜੀ ਤੇਜ ਅੱਗ ਕੱਢੀ ਤਾਂ ਇਸ ਅੱਗ ਨੇ ਜੋ ਅੱਗ ਰਾਮ ਲਾਲ ਵੱਲੋਂ ਕੱਢੀ ਜਾ ਰਹੀ ਸੀ ਉਸਨੂੰ ਮਾਤ ਪਾ ਕੇ ਰਾਮ ਲਾਲ ਕੋਲ ਪਹੁੰਚਣਾ ਸ਼ੁਰੂ ਕਰ ਦਿੱਤਾ ਤੇ ਰਾਮ ਲਾਲ ਅੱਗ ਦੇ ਸੇਕ ਨਾਲ ਸੜਨ ਲੱਗ ਪਿਆ। ਫਿਰ ਉਸਨੇ ਆਪਣੇ ਉਪਰ ਗੜਵਈ ਨੂੰ ਕਹਿਕੇ ਨੇੜੇ ਵਾਲੇ ਖੂਹ ਤੋਂ ਪਾਣੀ ਮੰਗਵਾ ਕੇ ਆਪਣੇ ਉਪਰ ਪਵਾਉਣਾ ਸ਼ੁਰੂ ਕਰ ਦਿੱਤਾ ਪਰ ਪਾਣੀ ਦੇ ਅਸਰ ਨਾਲ ਵੀ ਅੱਗ ਦਾ ਸੇਕ ਨਾ ਘੱਟਿਆ ਫਿਰ ਉਸਨੇ ਗੁਰੂ ਨਾਨਕ ਸਾਹਿਬ ਨੂੰ ਯਾਦ ਕਰਕੇ ਪ੍ਰਗਟ ਕੀਤਾ ਅਤੇ ਗੁਰੂ ਨਾਨਕ ਸਾਹਿਬ ਨੇ ਆਖਿਆ ਕਿ ਕੀ ਗੱਲ ਹੈ ਤਾਂ ਰਾਮ ਲਾਲ ਨੇ ਸਾਰੀ ਵਾਰਤਾ ਦੱਸੀ ਤੇ ਕਿਹਾ ਕਿ ਦਾਸ ਬਾਲਪਨ ਤੋਂ ਹੀ ਜਤੀ ਹੈ ਤੇ ਮੈਨੂੰ ਹੈਰਾਨਗੀ ਹੈ ਕਿ ਮੈਨੂੰ ਹਾਰ ਕਿਉਂ ਹੋ ਰਹੀ ਹੈ ਇਧਰ ਭਗਤ ਗ੍ਰਹਿਸਤੀ ਹਨ:

**ਗਿਆਨਨ ਮਹਿ ਗਿਆਨ ਗੁਰ ਧਿਆਨਨ ਮਹਿ ਧਿਆਨ**
**ਗੁਰ ਸਕਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ**

ਗੁਰੂ ਨਾਨਕ ਸਾਹਿਬ ਨੇ ਆਖਿਆ

**"ਅਨਦਿਨ ਕੀਰਤਨ ਕੇਵਲ ਬਖਿਆਨੁ ਗ੍ਰਿਹਸਤ ਮਹਿ ਸੋਈ ਨਿਰਬਾਨੁ॥"**

ਇਹ ਆਖ ਕੇ ਗੁਰੂ ਸਾਹਿਬ ਅਲੋਪ ਹੋ ਗਏ ਅਤੇ ਦਸਵੇਂ ਪਾਤਸ਼ਾਹ

ਪ੍ਰਗਟ ਹੋ ਗਏ ਅਤੇ ਬੜੇ ਬੀਰ ਰਸ ਵਿੱਚ ਆਖਿਆ –

**ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੈ ਹਉ ਕਰਉ ਨਿਵਾਸ॥**
**ਖਾਲਸਾ ਮੇਰੋ ਪਿੰਡ ਪੁਰਾਨ ਖਾਲਸਾ ਮੇਰੀ ਜਾਨ ਕੀ ਜਾਨ॥**
**ਖਾਲਸਾ ਮੇਰੋ ਸਜਣ ਸੂਰਾ॥ ਖਾਲਸਾ ਮੇਰੋ ਸਤਿਗੁਰ ਪੂਰਾ॥**

**"ਰਹਿਣੀ ਰਹੈ ਸੋਈ ਸਿਖ ਮੇਰਾ**
**ਉਹ ਸਾਹਿਬ ਮੈਂ ਉਸਕਾ ਚੇਰਾ" ॥**

ਫਿਰ ਬੀਰ ਰਸ ਵਿੱਚ ਤੇਜ ਹੋ ਕੇ ਰਾਮ ਲਾਲ ਨੂੰ ਆਖਿਆ ਕਿ ਇੱਥੋਂ ਭੱਜ ਜਾ ਨਹੀਂ ਤਾਂ ਸਾੜਿਆਂ ਜਾਏਂਗਾ ਤਾਂ ਰਾਮਲਾਲ ਜੋ ਸਵੇਰ ਤੋਂ ਕਾਲੀਏ ਸੰਗਤਰੇ ਸਮਾਧੀ ਵਿੱਚ ਬੈਠਾ ਸੀ ਉਠ ਕੇ ਆਪਣੇ ਗੜਵਈ ਨੂੰ ਕਹਿਣ ਲੱਗਾ ਕਿ ਹੁਣ ਸਾਡੇ ਆਦਮੀ ਬੱਝ ਜਾਣਗੇ ਅਤੇ ਉਹਨਾਂ ਦਾ ਖੂਨੀ ਆਦਮੀ ਛੁਟ ਜਾਵੇਗਾ। ਇਸ ਤੋਂ ਬਾਅਦ ਜਦੋਂ ਜੱਜ ਅੱਗੇ ਆਦਮੀ ਭੁਗਤੇ ਤਾਂ ਆਪ ਜੀ ਦਾ ਹੀ ਪੱਖ ਹੋਇਆ। ਇਸ ਤਰ੍ਹਾਂ ਮਾਤਾ ਭਗਤਨੀ (ਕੇਸਰ ਕੌਰ) ਦਾ ਭਾਈ ਬਰੀ ਹੋ ਗਿਆ।

ਇਕ ਵਾਰੀ ਆਪ ਸੰਤਾਂ ਦੇ ਕੋਲ ਗਏ ਤਾਂ ਜੋ ਨਿਤਨੇਮ ਕਰਦਿਆਂ ਸਮਾਧੀ ਲੱਗੀ ਤਾਂ ਦਸਵੇਂ ਪਾਤਸ਼ਾਹ ਜੀ ਨੇ ਭਗਤ ਜੀ ਨੂੰ ਕਲਗੀ ਅਤੇ ਜਿਗਾ ਤੋਂ ਬਿਨਾ ਦਰਸ਼ਨ ਦਿੱਤੇ ਤਾਂ ਭਗਤ ਜੀ ਨੇ ਨੀਵੇਂ ਹੋ ਕੇ ਫਤਹਿ ਬੁਲਾਈ ਤਾਂ ਗੁਰੂ ਸਾਹਿਬ ਜੀ ਚੁੱਪ ਹੀ ਰਹੇ ਤਾਂ ਭਗਤ ਜੀ ਨੇ ਪੁੱਛਿਆ ਕਿ ਮਹਾਰਾਜ ਆਪ ਜੀ ਨੇ ਫਤਹਿ ਦਾ ਜੁਆਬ ਕਿਉਂ ਨਹੀਂ ਦਿੱਤਾ, ਤਾਂ ਗੁਰੂ ਸਾਹਿਬ ਜੀ ਦੇ ਚਿਹਰੇ ਤੇ ਬੜਾ ਰੋਹਬ ਅਤੇ ਜਲਾਲ ਸੀ ਜੋ ਅਝੱਲ ਸੀ ਤਾਂ ਗੁਰੂ ਸਾਹਿਬ ਬੜੇ ਬੀਰ ਰਸ ਵਿੱਚ ਕਹਿਣ ਲੱਗੇ ਕਿ ਫਤਹਿ ਕਿਸੇ ਬਣਾਈ ਹੈ ਅਤੇ ਅੰਦਰੂਨੀ ਬਿਰਤੀ ਨਾਲ ਵੇਖ ਬੁਲਾਈ ਹੈ ਜਾਂ ਨਹੀਂ ਤਾਂ ਭਗਤ ਜੀ ਸਮਝ ਗਏ ਕਿ ਇਹ ਤਾਂ ਗੁਰੂ ਸਾਹਿਬ ਆਪ ਹੀ ਹਨ।

ਇਕ ਵਾਰੀ ਸੰਤਾਂ ਨੇ ਆਖਿਆ ਕਿ ਹੁਣ ਤਾਂ ਸਾਡੀ ਸੱਚਖੰਡ ਜਾਣ ਦੀ ਤਿਆਰੀ ਹੈ ਤਾਂ ਆਪ ਜੀ ਦਾ ਸੰਤਾਂ ਨਾਲ ਬੜਾ ਲਗਾਉ ਹੋਣ ਕਰਕੇ ਕਥਾ ਵਿੱਚ ਵੈਰਾਗ ਨਾਲ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਸੰਤਾਂ ਦਾ ਸਰੀਰ ਹੋਰ ਕੁਝ ਚਿਰ ਇਸ ਸੰਸਾਰ ਤੇ ਰਹੇ ਤਾਂ ਗੁਰੂ ਸਾਹਿਬ ਦਸਵੇਂ ਪਾਤਸ਼ਾਹ ਜੀ ਨੇ ਪ੍ਰਗਟ ਹੋ ਕੇ ਆਖਿਆ ਕਿ ਸਾਡੇ ਵੱਲੋਂ ਤੁਸੀਂ ਧਿਆਨ ਨਾਲ ਸੰਤਾਂ ਨੂੰ ਕਹਿਣਾ ਕਿ ਤੁਸੀ ਅਜੇ ਮਨ ਵਿੱਚ ਜਾਣ ਬਾਰੇ ਕੋਈ ਖਿਆਲ ਨਾ ਕਰੋ ਅਜੇ ਤੁਹਾਡੇ ਕੋਲੋ ਹੋਰ ਸੇਵਾ ਲੈਣੀ ਹੈ। ਸੰਤਾਂ ਨੇ ਠਾਕੁਰ ਸਿੰਘ ਗੜਵਈ ਨੂੰ ਆਖਿਆ ਕਿ ਭਗਤਾਂ ਨੇ ਉਮਰ ਤਾਂ ਲਿਆਂਦੀ ਹੈ ਪਰ ਸੱਤ ਕੁ ਸਾਲ ਹੀ ਲਿਆਂਦੀ ਹੈ।

ਇਕ ਵਾਰੀ ਜਦੋਂ ਸੰਤਾਂ ਨੇ ਅੰਮ੍ਰਿਤਸਰ ਸਾਹਿਬ ਸਰਾਂ ਵਿਖੇ ਇੱਕ ਸੌ ਪੱਚੀ ਸ਼੍ਰੀ ਅਖੰਡ ਪਾਠ ਸਾਹਿਬ ਕਰਾਏ ਤਾਂ ਭਗਤ ਜੀ ਵੀ ਦਰਸ਼ਨ ਕਰਨ ਗਏ ਤਾਂ ਉਥੇ ਜਦੋਂ ਆਪ ਜੀ ਸੰਤਾਂ ਕੋਲ ਬੈਠੇ ਸਨ ਤਾਂ ਕਿਸੇ ਪ੍ਰੇਮੀ ਨੇ ਆਪਣੇ ਘਰ ਵਿੱਚ ਆਪਣਾ ਦੁੱਖ ਦੱਸਿਆ ਤਾਂ

ਸੰਤ ਜੀ ਭਗਤ ਜੀ ਕੋਲੋਂ ਪੁੱਛਣ ਲੱਗੇ ਕਿ ਭਗਤ ਜੀ ਕੀ ਗੱਲ ਹੈ ਤਾਂ ਆਪ ਜੀ ਨੇ ਦੱਸਿਆ ਕਿ ਇਹਨਾਂ ਦੇ ਘਰ ਕਿਸੇ ਸ਼ਹੀਦ ਸਿੰਘ ਦਾ ਪਹਿਰਾ ਹੈ। ਉਸਦੇ ਦੋ ਅਖੰਡ ਪਾਠ ਕਰਵਾ ਦਿਉ ਸਭ ਠੀਕ ਹੋ ਜਾਵੇਗਾ ਤਾਂ ਸੰਤਾਂ ਨੇ ਉਸ ਪ੍ਰੇਮੀ ਨੂੰ ਕਿਹਾ ਕਿ ਇਹ ਵੀ ਸੰਤ ਹਨ ਜੋ ਕਹਿੰਦੇ ਹਨ ਸੋ ਠੀਕ ਕਹਿੰਦੇ ਹਨ ਇਸੇ ਤਰ੍ਹਾਂ ਹੀ ਕਰੋ।

ਇਕ ਵਾਰੀ ਸੰਤਾਂ ਕੋਲ ਮਾਈ ਨੇ ਬੇਨਤੀ ਕੀਤੀ ਕਿ ਅਸੀਂ ਨਵੀਂ ਦੁਕਾਨ ਪਾਈ ਹੈ ਉਹ ਚਲਣੀ ਚਾਹੀਂਦੀ ਹੈ ਅਤੇ ਠਾਕੁਰ ਸਿੰਘ ਨੇ ਆਪਣੀ ਜਮੀਨ ਬਾਰੇ ਬੇਨਤੀ ਕੀਤੀ ਅਤੇ ਸ੍ਰ. ਅਜੈਬ ਸਿੰਘ ਜਿਸਨੂੰ ਜੱਥੇ ਵਿੱਚ ਭੂਤਾਂ ਵਾਲਾ ਵੀ ਕਹਿੰਦੇ ਸਨ ਉਸਨੇ ਵੀ ਸੰਤਾਂ ਕੋਲ ਆਪਣੀ ਬੇਨਤੀ ਕੀਤੀ ਤਾਂ ਸੰਤਾਂ ਨੇ ਭਗਤ ਜੀ ਨੂੰ ਕਿਹਾ ਕਿ ਤੁਸੀਂ ਇਹਨਾਂ ਤਿੰਨਾਂ ਦੀ ਅਰਦਾਸ ਕਰ ਦਿਉ ਤਾਂ ਆਪ ਜੀ ਨੇ ਕਿਹਾ ਕਿ ਮਹਾਰਾਜ ਤੁਸੀਂ ਆਪ ਹੀ ਕਰ ਦਿਉ ਤਾਂ ਸੰਤਾਂ ਨੇ ਫਿਰ ਕਿਹਾ ਕਿ ਨਹੀਂ ਭਗਤ ਜੀ ਤੁਸੀਂ ਹੀ ਕਰ ਦਿਉ ਤਾਂ ਭਗਤ ਜੀ ਨੇ ਤਿੰਨਾਂ ਦੀ ਇਕੱਠੀ ਹੀ ਅਰਦਾਸ ਕਰ ਦਿੱਤੀ ਤਾਂ ਸੰਤ ਜੀ ਪੁੱਛਣ ਲੱਗੇ ਕਿ ਭਗਤ ਜੀ ਅਰਦਾਸਾਂ ਹੋ ਗਈਆਂ ਹਨ ਤਾਂ ਆਪ ਜੀ ਨੇ ਕਿਹਾ, ਹਾਂ। ਤਾਂ ਸੰਤ ਜੀ ਕਹਿਣ ਲੱਗੇ ਕਿ ਭਗਤ ਜੀ ਤਿੰਨ-ਤਿੰਨ ਅਰਦਾਸਾਂ ਇਕੱਠੀਆਂ ਹੀ ਕਰ ਦਿੱਤੀਆਂ ਹਨ ਤਾਂ ਭਗਤ ਜੀ ਨੇ ਕਿਹਾ ਕਿ ਹਾਂ ਸੋ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਤਿੰਨੇ ਹੀ ਕਾਰਜ ਸਿੱਧ ਹੋ ਗਏ ਹਨ।

– **ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ**

– **ਪ੍ਰਭ ਪਾਸਿ ਜਨ ਕੀ ਅਰਦਾਸਿ ਤੂੰ ਸਚਾ ਸਾਂਈ**

ਇਕ ਵਾਰੀ ਜਦੋਂ ਆਪ ਜੀ ਦੇ ਪਿੰਡ ਵਿੱਚੋਂ ਗਰੰਥੀ ਸਿੰਘ ਚਲਾ ਗਿਆ ਤਾਂ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇਵਾ ਕਰਿਆ ਕਰਦੇ ਅਤੇ ਆਪ ਜੀ ਦੇ ਨਾਲ ਮਾਤਾ ਭਗਤਨੀ ਝਾੜੂ ਦੀਵਾ ਬੱਤੀ ਦੀ ਸੇਵਾ ਬੜੇ ਹੀ ਚਾਅ ਨਾਲ ਕਰਦੇ ਅਤੇ ਬਹੁਤਾ ਟਾਈਮ ਆਪ ਜੀ ਦੇ ਨਾਲ ਗੁਰਦੁਆਰੇ ਜਾਂਦੇ ਅਤੇ ਹੋਰ ਮਾਈਆਂ ਬੀਬੀਆਂ ਨੂੰ ਇਕੱਠਾ ਕਰਕੇ ਲਿਆਉਂਦੇ। ਇਸ ਤਰ੍ਹਾਂ ਕਾਫੀ ਸੰਗਤ ਹੋ ਜਾਂਦੀ। ਭਗਤ ਜੀ ਕਦੇ-ਕਦੇ ਸ਼ਬਦ ਦੀ ਕਥਾ ਵੀ ਕਰਦੇ ਸਨ ਇਸ ਤਰ੍ਹਾਂ ਜੇ ਕਿਸੇ ਨੂੰ ਘਰ ਵਿੱਚ ਕੋਈ ਦੁੱਖ ਤਕਲੀਫ ਹੁੰਦਾ ਉਹ ਅਰਦਾਸ ਲਈ ਕਹਿੰਦਾ ਤਾਂ ਭਗਤ ਜੀ ਉਸਦੀ ਅਰਦਾਸ ਕਰਕੇ ਉਸਦਾ ਦੁੱਖ ਦਰਦ ਮਹਾਰਾਜ ਕੋਲੋਂ ਦੂਰ ਕਰਵਾ ਦਿੰਦੇ।

ਮਾਤਾ ਭਗਤਨੀ (ਕੇਸਰ ਕੌਰ) ਜੀ ਜਾਮਨੀ ਸਾਹਿਬ ਗੁਰਦੁਆਰੇ ਬਜੀਦਪੁਰ ਵਿਖੇ ਵੀਹ ਸੇਰ ਗੁੜ ਆਟਾ ਆਦਿਕ ਭਾਰ ਸਿਰ ਤੇ ਚੁੱਕ ਕੇ ਲੈ ਜਾਂਦੇ। ਜਦੋ ਕੋਈ ਪੁੱਛਦਾ ਕਿ ਇਹਨਾਂ ਭਾਰ ਮਾਤਾ ਜੀ ਕਿਸ ਤਰ੍ਹਾਂ ਲੈ ਜਾਂਦੇ ਹਨ ਤਾਂ ਮਾਤਾ ਜੀ ਅੱਗੋ ਕਹਿੰਦੇ ਕਿ ਮੇਰੇ ਵਾਸਤੇ ਅੱਗੋ ਘੋੜਾ ਆ ਜਾਂਦਾ ਹੈ ਉਹ ਆਪ ਹੀ ਲੈ ਜਾਂਦਾ ਹੈ।

– **ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ।॥**

– **ਸਾ ਸੇਵਾ ਕੀਤੀ ਸਫ਼ਲ ਹੈ ਜਿਤੁ ਸਤਿਗੁਰ ਕਾ ਮਨ ਮੰਨੇ॥**

ਜਦੋਂ ਘਰ ਵਿੱਚ ਕੋਈ ਸਿੰਘ ਜਾਂ ਰਾਹੀ ਪਾਧੀ ਜਾ ਕੋਈ

ਸੰਬੰਧੀ ਆਉਂਦਾ ਤਾਂ ਮਾਤਾ ਜੀ ਉਸ ਨਾਲ ਬੜਾ ਮਿੱਠਾ ਬੋਲਦੇ ਅਤੇ ਬੜੇ ਪ੍ਰੇਮ ਨਾਲ ਜਲ ਪਾਣੀ ਪ੍ਰਸ਼ਾਦਾ ਛਕਾਉਂਦੇ।

**ਇਕੁ ਫਿਕਾ ਨਾ ਗਲਾਇ ਸਭਨਾ ਮੈ ਸਚਾ ਧਣੀ॥**
**ਹਿਆਉ ਨ ਕੈਹੀ ਠਾਇ ਮਾਣਕ ਸਭ ਅਮੋਲਵੇ॥**

ਜਦੋਂ ਕਿਸੇ ਸਿੰਘ ਦੀ ਗਰੀਬੀ ਹਾਲਤ ਵੇਖਦੇ ਤਾਂ ਉਸਦੇ ਝੋਲੇ ਵਿੱਚ ਚੌਲ ਅਤੇ ਹੋਰ ਘਰੇਲੂ ਲੋੜਵੰਦ ਵਸਤੂਆਂ ਨਾਲ ਭਰ ਦਿੰਦੇ ਸਨ ਜੋ ਵੀ ਘਰ ਆਉਂਦਾ ਸੀ ਬੜਾ ਖੁਸ਼ ਹੋ ਕੇ ਜਾਂਦਾ ਸੀ।

**ਆਸਾ ਮ:੫ ਅਨਿਕ ਭਾਂਤਿ ਕਰਿ ਸੇਵਾ ਕਰੀਐ॥**
**ਜੀਉ ਪ੍ਰਾਨ ਧਨੁ ਆਗੈ ਧਰੀਐ॥**
**ਪਾਨੀ ਪਖਾ ਕਰਉ ਤਜਿ ਅਭਿਮਾਨੁ॥**
**ਅਨਿਕ ਬਾਰ ਜਾਈਐ ਕੁਰਬਾਨੁ॥**
**– ਗੁਰਮੁਖ ਹਥ ਸਕੱਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ॥**

ਬਾਬਾ ਸ਼ੰਕਰ ਸਿੰਘ ਜੀ ਜੋ ਬਹੁਤ ਬਿਰਧ ਸਨ ਉਹਨਾਂ ਨੂੰ ਭਗਤ ਜੀ ਨੇ ਆਖਿਆ ਕਿ ਹੁਣ ਤੂੰ ਜੋ ਦਾਣੇ ਆਦਿਕ ਗੁਰੂ ਘਰ ਆਉਣ ਉਹਨਾਂ ਨੂੰ ਦੁਕਾਨ ਤੇ ਵੇਚ ਕੇ ਪੈਸਿਆਂ ਦੀ ਅਗਰ ਬੱਤੀ, ਤੇਲ ਵੱਟੀ ਆਦਿਕ ਸਮਾਨ ਲੈ ਆਇਆ ਕਰ। ਇਸ ਤਰ੍ਹਾਂ ਸੇਵਾ ਕਰਨ ਨਾਲ ਕਲਿਆਣ ਹੋ ਜਾਂਦੀ ਹੈ। ਬਾਬਾ ਸ਼ੰਕਰ ਸਿੰਘ ਜੀ ਬਚਨ ਮੰਨ ਕੇ ਇਸ ਤਰ੍ਹਾਂ ਛੇ ਮਹੀਨੇ ਸੇਵਾ ਕਰਦਾ ਰਿਹਾ ਅਤੇ ਫਿਰ ਬਿਮਾਰ ਹੋ ਗਿਆ ਅਤੇ ਬਹੁਤ ਦੁਖ ਪਾਇਆ ਤਾਂ ਇਕ ਦਿਨ ਮਾਤਾ ਭਗਤਨੀ ਜੀ ਨੇ ਭਗਤਾ ਨੂੰ ਕਿਹਾ ਕਿ ਬਾਬਾ ਸ਼ੰਕਰ ਸਿੰਘ ਬਹੁਤ ਬਿਮਾਰ ਹੈ ਅਤੇ ਤੁਹਾਡਾ ਸੁਭਾਅ ਬਹੁਤ ਦਇਆ ਵਾਲਾ ਹੈ ਹਰ ਇਕ ਦਾ ਦੁੱਖ ਆਪਣੇ ਸਰੀਰ ਉੱਤੇ ਚੁੱਕੇ ਲੈਂਦੇ ਹੋ। ਇਸ ਲਈ ਹੁਣ ਅਜਿਹਾ ਨਾ ਹੋਵੇ ਕਿ ਤੁਸੀਂ ਉਸਦਾ ਦੁੱਖ ਵੀ ਆਪਣੇ ਸਰੀਰ ਉਤੇ ਲੈ ਲਵੋ। ਆਪ ਜੀ ਨੇ ਇਹ ਸੁਣ ਕਿ ਕਿਹਾ ਚੰਗਾ ਇਕ ਵਾਰੀ ਬਾਬਾ ਸ਼ੰਕਰ ਸਿੰਘ ਜੀ ਰਾਹ ਵਿੱਚ ਇਕ ਪਾਸੇ ਤੇ ਕਿਰਿਆ ਕਰ ਰਿਹਾ ਸੀ ਤੇ ਉਸਦੀ ਦਸਤਾਰ ਬੜੀ ਫਟੀ ਹੋਈ ਸੀ। ਆਪ ਜੀ ਨੇ ਬਾਬਾ ਸ਼ੰਕਰ ਸਿੰਘ ਨੂੰ ਵੇਖ ਲਿਆ ਤਾਂ ਆਪ ਜੀ ਨੂੰ ਭਗਤਨੀ ਜੀ ਦਾ ਬਚਨ ਚੇਤੇ ਆ ਗਿਆ ਤੇ ਆਪ ਪਾਸੇ ਦੀ ਲੰਘਣ ਲੱਗੇ ਤਾਂ ਬਾਬਾ ਸ਼ੰਕਰ ਸਿੰਘ ਭਗਤਾਂ ਨੂੰ ਵੇਖ ਕੇ ਰੋ ਪਿਆ ਤੇ ਕਹਿਣ ਲੱਗਾ ਕਿ ਭਗਤ ਜੀ ਤੁਸੀਂ ਤਾਂ ਇਸ ਤਰ੍ਹਾਂ ਵੇਖ ਕੇ ਪਾਸੇ ਸੀ ਨਹੀਂ ਹੋਣਾ ਤਾਂ ਭਗਤ ਜੀ ਦ੍ਰਵ ਗਏ ਅਤੇ ਕਹਿਣ ਲੱਗੇ ਕਿ ਕਿਉਂ ਏਨਾ ਉਦਾਸ ਹੁੰਦਾ ਹੈ ਤਾਂ ਬਾਬਾ ਸ਼ੰਕਰ ਸਿੰਘ ਕਹਿੰਦਾ ਏਸ ਨਾਲੋ ਤਾਂ ਮਰ ਜਾਵਾਂ ਹੀ ਚੰਗਾ ਹੈ ਕਿਉਂਕਿ ਮੈਂ ਬਹੁਤ ਦੁਖੀ ਹਾਂ।

ਗੁਰਬਾਣੀ ਦਾ ਫੁਰਮਾਨ

**– ਸੁਖ ਮੈਂ ਬਹੁ ਸੰਗੀ ਭਏ**

**ਦੁਖ ਮਹਿ ਸੰਗਿ ਨ ਕੋਇ॥**

– **ਪ੍ਰੀਤਮ ਜਾਨਿ ਲੇਹੁ ਮਨ ਮਾਹੀ॥**

– **ਜਗਤ ਮਹਿ ਝੂਠੀ ਦੇਖੀ ਪ੍ਰੀਤ॥**

– **ਨਾਨਕ ਕਚੜਿਆ ਸਿਉ ਤੋੜਿ ਢੂੰਢਿ ਸਜਣ ਸੰਤ ਪਕਿਆ॥**

ਬਾਬਾ ਸ਼ੰਕਰ ਸਿੰਘ ਜੀ ਨੂੰ ਧਰਵਾਸ ਦਿੱਤਾ ਤੇ ਕਿਹਾ ਕਿ ਤੂੰ ਏਨਾ ਉਦਾਸ ਨਾ ਹੋ ਤੇ ਵਾਹਿਗੁਰੂ ਵਾਹਿਗੁਰੂ ਕਰਦਾ ਹੋਇਆ ਗੁਰਦੁਆਰੇ ਆ ਜਾਇਆ ਕਰ ਗੁਰੂ ਸਾਹਿਬ ਆਪ ਹੀ ਤੈਨੂੰ ਰਾਜੀ ਕਰਨਗੇ। ਇਸ ਤਰ੍ਹਾਂ ਦੇ ਬਚਨ ਸੁਣਨ ਦੇ ਨਾਲ ਕੁਝ ਸਾਹਸ ਹੋ ਗਿਆ ਤੇ ਦੂਜੇ ਦਿਨ ਹੌਲੀ-ਹੌਲੀ ਜਦੋਂ ਗੁਰਦੁਆਰੇ ਦੀ ਕੰਧ ਕੋਲ ਆਇਆ ਤਾਂ ਅੱਗੇ ਥੋੜ੍ਹੀ ਜਿਹੀ ਕੰਡਿਆ ਵਾਲੀ ਵਾੜ ਸੀ ਕੋਲ ਦੀ ਲੰਘਣ ਲੱਗਿਆ ਤਾਂ ਅੜ ਕੇ ਕੰਡਿਆ ਵਾਲੀ ਝਾੜੀ ਵਿੱਚ ਜਾ ਡਿੱਗਾ। ਇਸ ਤਰ੍ਹਾਂ ਉਸਨੂੰ ਕਾਫੀ ਕੰਢੇ ਵੱਜ ਗਏ। ਇਹ ਵੇਖ ਕੇ ਜੋ ਕੋਲ ਖਲੋਤੇ ਮੁੰਡੇ ਜੋ ਖੇਡਦੇ ਪਏ ਸਨ ਬਹੁਤ ਹੱਸੇ ਬਾਬਾ ਸ਼ੰਕਰ ਸਿੰਘ ਵਿਚਾਰਾ ਮਸਾ ਉਠ ਕੇ ਗੁਰਦੁਆਰੇ ਪਹੁੰਚਿਆ ਤਾਂ ਭਗਤ ਜੀ ਗੁਰੂ ਮਹਾਰਾਜ ਦੀ ਹਜੂਰੀ ਵਿੱਚ ਬੈਠੇ ਸਨ। ਤੇ ਆਪ ਜੀ ਨੂੰ ਵੇਖ ਕੇ ਬੜਾ ਰੋਣ ਲੱਗ ਪਿਆ। ਆਪ ਜੀ ਨੇ ਦਿਲਾਸਾ ਦਿੱਤਾ ਤੇ ਕਿਹਾ ਕਿ ਕੀ ਹਾਲ ਹੈ ਤਾਂ ਉਸਨੇ ਆਪਣਾ ਸਾਰਾ ਹਾਲ ਦੱਸਿਆ ਤੇ ਕਹਿਣ ਲੱਗਾ ਕਿ ਹੁਣ ਤਾਂ ਜਮਾ ਤੋਂ ਵੀ ਬਹੁਤ ਡਰ ਲੱਗਦਾ ਹੈ ਤਾਂ ਆਪ ਜੀ ਨੇ ਕਿਹਾ ਕਿ ਜਮਾ ਤੋਂ ਇੰਨਾ ਕਿਉਂ ਡਰਦਾ ਹੈ ਅਸੀਂ ਤੇਰਾ ਹਿਸਾਬ ਧਰਮ ਰਾਜੇ ਕੋਲ ਆਪ ਕਰਵਾਵਾਂਗੇ ਕਿਉਂਕਿ ਤੂੰ ਗੁਰਦੁਆਰੇ ਦੀ ਸੇਵਾ ਕੀਤੀ ਹੈ। ਜਦੋਂ ਉਸਨੇ ਸਰੀਰ ਛੱਡਿਆ ਤਾਂ ਉਸਦੀ ਰੂਹ ਜਿੰਦ ਉਡ ਕੇ ਆਪ ਦੇ ਕੋਲ ਆਈ ਅਤੇ ਆਪ ਜੀ ਨੂੰ ਨਮਸਕਾਰ ਕਰਕੇ ਕਹਿਣ ਲੱਗਾ ਕਿ ਮਹਾਰਾਜ ਹੁਣ ਰੱਖਿਆ ਕਰੋ ਤਾਂ ਆਪ ਜੀ ਨਿੱਤਨੇਮ ਕਰ ਰਹੇ ਸਨ ਕਹਿਣ ਲੱਗੇ ਚੰਗਾ ਜਦੋਂ ਬਾਬਾ ਸ਼ੰਕਰ ਸਿੰਘ ਦੀ ਰੂਹ ਧਰਮ ਰਾਜੇ ਕੋਲ ਪਹੁੰਚੀ ਤਾਂ ਭਗਤ ਜੀ ਧਰਮਰਾਜ ਦੀ ਕਚਹਿਰੀ ਤੋਂ ਅਜੇ ਬਾਹਰ ਹੀ ਸਨ ਤਾਂ ਧਰਮ ਰਾਜੇ ਨੇ ਦੋ ਆਦਮੀ ਸਤਿਕਾਰ ਵਜੋਂ ਆਪ ਜੀ ਨੂੰ ਲੈਣ ਲਈ ਭੇਜੇ। ਆਪ ਜੀ ਨੂੰ ਵੇਖਦੇ ਹੀ ਧਰਮਰਾਜੇ ਨੇ ਆਪਣੀ ਕੁਰਸੀ ਛੱਡੀ ਤੇ ਸਨਮਾਨ ਕੀਤਾ ਤੇ ਆਦਰ ਸਤਿਕਾਰ ਦੇ ਨਾਲ ਆਪਣੇ ਬਰਾਬਰ ਬਿਠਾ ਲਿਆ

– **ਜਹ ਸਾਧੂ ਗੋਬਿਦ ਭਜਨੁ ਕੀਰਤਨ ਨਾਨਕ ਨੀਤ॥**

**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥**

– **ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥**

– **ਅਗੈ ਜਾਤਿ ਨਾ ਜੋਰੁ ਹੈ ਅਗੈ ਜੀਉ ਨਵੈ॥**

**ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥**

ਤਾਂ ਧਰਮ ਰਾਜ ਨੇ ਆਪ ਜੀ ਨੂੰ ਆਖਿਆ ਕਿ ਇਸ ਸ਼ੰਕਰ ਸਿੰਘ ਦਾ ਹਿਸਾਬ ਤਾਂ ਉਸ ਦਿਨ ਤੋਂ ਹੀ ਕੱਟ ਦਿੱਤਾ ਸੀ ਜਦੋਂ ਤੁਸੀਂ ਗੁਰੂ ਮਹਾਰਾਜ ਦੀ ਹਜੂਰੀ ਵਿੱਚ ਬਚਨ ਕੀਤੇ ਸਨ ਅਤੇ ਤੁਸੀਂ ਆਉਣ ਦੀ ਖੇਚਲ ਕਿਉਂ ਕੀਤੀ।

– **ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**

– **ਭਗਤ ਵੱਡਾ ਰਾਜਾ ਜਨਕ ਹੈ ਗੁਰਮੁਖਿ**
**ਮਾਇਆ ਵਿਚਿ ਉਦਾਸੀ॥**

ਸੋ ਇਸ ਤਰ੍ਹਾਂ ਆਪ ਫਿਰ ਨਿਤਨੇਮ ਕਰਦੇ ਹੋਏ ਆਪਣੇ ਸਥੂਲ ਸਰੀਰ ਵਿੱਚ ਆ ਗਏ ਅਤੇ ਪਿੰਡ ਵਿੱਚੋਂ ਰੋਣ ਦੀ ਅਵਾਜ ਆ ਰਹੀ ਸੀ ਤਾਂ ਆਪ ਜੀ ਨੇ ਬੀਬੀ ਅਮਰੋ ਨੂੰ ਆਖਿਆ ਕਿ ਕੋਠੇ ਤੇ ਚੜ੍ਹ ਕੇ ਵੇਖ ਕਿ ਕਿਸ ਦੇ ਘਰੋਂ ਰੋਣ ਦੀ ਅਵਾਜ਼ ਆ ਰਹੀ ਹੈ। ਜਦੋਂ ਬੀਬੀ ਨੇ ਵੇਖਿਆ ਤਾਂ ਪਤਾ ਲੱਗਾ ਕਿ ਇਹ ਤਾਂ ਬਾਬਾ ਸ਼ੰਕਰ ਸਿੰਘ ਚਲਾਣਾ ਕਰ ਗਿਆ ਹੈ ਤਾਂ ਇਹ ਸੁਣ ਕੇ ਆਪ ਜੀ ਨੇ ਕਿਹਾ ਕਿ ਠੀਕ ਹੈ।

ਪਾਕਿਸਤਾਨ ਬਣਨ ਤੋਂ ਬਾਅਦ ਆਪ ਜੀ ਦੇ ਦਾਦਾ ਸ੍ਰ. ਮੱਖਣ ਸਿੰਘ ਚਲਾਣਾ ਕਰ ਗਏ ਸਨ ਤਾਂ ਇਕ ਦਿਨ ਆਪ ਜੀ ਨੇ ਸੁਰਤੀ ਨਾਲ ਵੇਖਿਆ ਤਾਂ ਪਤਾ ਲੱਗਾ ਕਿ ਉਹ ਤਾਂ ਚਲਾਣਾ ਕਰਨ ਵੇਲੇ ਸੁਰਤ ਪਿਛਲੇ ਜਨਮ ਵਿੱਚ ਚਲੀ ਜਾਣ ਕਰਕੇ ਬਹੁਤ ਹੀ ਗਰੀਬੀ ਭਰਿਆ ਜੀਵਨ ਬਤੀਤ ਕਰ ਰਹੇ ਸਨ। ਪਿਛਲੇ ਜਨਮ ਲਾਹੌਰ ਸ਼ਹਿਰ ਵਿੱਚ ਕਿਸੇ ਸੜ੍ਹਕ ਉੱਤੇ ਝੌਂਪੜੀ ਪਾਈ ਹੋਈ ਸੀ ਤੇ ਟੁੱਟੀ ਜਿਹੀ ਮੰਜੀ ਉੱਤੇ ਸੌਂਦਾ ਹੈ ਜੋ ਕਿ ਇਸ ਜਨਮ ਵਿੱਚ ਵੱਡਾ ਲੱਖਪਤੀ ਅਤੇ ਦਾਨੀ ਸੂਰਮਾ ਸੀ। ਸੋ ਆਪ ਜੀ ਨੇ ਸੰਤਾਂ ਕੋਲ ਆਪਣੇ ਦਾਦਾ ਜੀ ਦੇ ਸੰਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਕਰਨ ਲਈ ਆਖਿਆ ਤਾਂ ਸੰਤਾਂ ਨੇ ਕਿਹਾ ਕਿ ਭਗਤ ਜੀ ਜਦੋਂ ਤੁਹਾਡੇ ਪਿੰਡ ਜਾਵਾਂਗੇ ਉਦੋਂ ਹੀ ਕਰਾਂਗੇ।

– **ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**

ਤਾਂ ਕੁਝ ਸਮੇਂ ਬਾਅਦ ਅਖੰਡ ਪਾਠ ਸਾਹਿਬ ਕੀਤਾ ਗਿਆ ਤਾਂ ਫਿਰ ਭਗਤ ਜੀ ਨੇ ਸੁਰਤ ਨਾਲ ਵੇਖਣਾ ਚਾਹਿਆ ਤਾਂ ਜਿਥੇ ਭਗਤ ਜੀ ਬੈਠੇ ਹੋਏ ਸਨ ਤਾਂ ਭਗਤ ਜੀ ਦੇ ਦਾਦਾ ਜੀ ਨੇ ਭਗਤ ਜੀ ਨੂੰ ਮੱਥਾ ਟੇਕਿਆ ਤਾਂ ਆਪ ਜੀ ਨੇ ਕਿਹਾ ਕਿ ਬਾਬਾ ਜੀ ਤੁਸੀ ਤਾਂ ਸਾਡੇ ਬਜ਼ੁਰਗ ਹੋ ਤਾਂ ਕਹਿਣ ਲੱਗੇ ਕਿ ਨਹੀਂ ਜਦੋਂ ਤੁਸੀਂ ਭਜਨ ਕਰਦੇ ਤੇ ਸਾਨੂੰ ਵੀ ਭਜਨ ਕਰਨ ਦੇ ਲਈ ਕਹਿੰਦੇ ਤਾਂ ਅਸੀਂ ਤੁਹਾਡੀ ਗੱਲ ਨਾ ਸਮਝਦੇ ਅਤੇ ਲਾਪਰਵਾਹੀ ਕਰਦੇ ਰਹੇ ਪਰ ਹੁਣ ਵੀ ਤੁਹਾਡੀ ਕਿਰਪਾ ਨਾਲ ਮੈਨੂੰ ਬੜੀ ਹੀ ਚੰਗੀ ਜਗ੍ਹਾ ਮਿਲ ਗਈ ਹੈ ਤਾਂ ਭਗਤ ਜੀ ਨੇ ਕਿਹਾ ਕਿ ਸਾਨੂੰ ਵੀ ਵਿਖਾਉ ਤਾਂ ਕਹਿਣ ਲੱਗਾ ਕਿ ਤੁਸੀਂ ਮੇਰੇ ਨਾਲ ਕਿਵੇਂ ਜਾ ਸਕਦੇ ਹੋ ਪਰ ਫਿਰ ਆਪ ਹੀ ਸਮਝ ਗਏ ਕਿ ਤੁਸੀਂ ਤਾਂ ਭਜਨ ਦੇ ਬਲ ਨਾਲ ਹਰ ਜਗ੍ਹਾ ਤੇ ਜਾ ਸਕਦੇ ਹੋ। ਤਾਂ ਉਸ ਵੇਲੇ ਆਪ ਜੀ ਸੂਖਮ ਸਰੀਰ ਦੇ ਨਾਲ ਉਸ ਜਗ੍ਹਾ ਤੇ ਗਏ ਤਾਂ ਉਥੇ ਭਗਤ ਜੀ ਨੂੰ ਆਪਣੇ ਸੋਹਣੇ-ਸੋਹਣੇ ਚੁਬਾਰੇ ਜਿਸ ਵਿੱਚ

ਬਿਜਲੀ ਦੇ ਪੱਖੇ ਲੱਗੇ ਹੋਏ ਹਨ। ਪਲੰਘ ਵੀ ਲੱਗੇ ਹੋਏ ਹਨ ਅਤੇ ਬੜੀ ਹੀ ਸਜਾਵਟ ਹੈ ਜਿਹੜੇ ਮਰਜੀ ਚੁਬਾਰੇ ਵਿੱਚ ਉਸਨੂੰ ਰਹਿਣ ਦੀ ਆਗਿਆ ਹੈ ਅਤੇ ਖਾਣ ਲਈ ਮਠਿਆਈਆਂ ਦੇ ਬਜ਼ਾਰ ਹਨ ਜਿੰਨੀ ਮਰਜੀ ਉਥੋਂ ਖਾਈ ਜਾਵੇ ਕੋਈ ਪੈਸਾ ਨਹੀਂ ਲੱਗਦਾ ਅਤੇ ਇਸ ਤਰ੍ਹਾਂ ਭਗਤ ਜੀ ਦੇ ਦਾਦਾ ਜੀ ਨੂੰ ਭਗਤ ਜੀ ਦੀ ਕਿਰਪਾ ਸਦਕਾ ਮੌਜਾਂ ਲੱਗੀਆਂ ਸਨ ਪਰ ਆਪ ਜੀ ਨੂੰ ਕਹਿਣ ਲੱਗੇ ਕਿ ਮੇਰੇ ਭਰਾ ਜੋ ਮੰਗਲ ਸਿੰਘ ਅਤੇ ਹਰੀ ਸਿੰਘ ਉਹ ਬਹੁਤ ਦੁਖੀ ਹਨ ਫਿਰ ਆਪ ਜੀ ਦੇ ਕਹਿਣ ਤੇ ਉਥੇ ਭਗਤ ਜੀ ਨੂੰ ਨਾਲ ਲੈ ਕੇ ਗਿਆ ਜਿਥੇ ਉਹ ਇਕ ਬਹੁਤ ਭਾਰੀ ਗੁਫ਼ਾ ਦੇ ਵਿੱਚ ਕੈਦ ਸਨ ਅਤੇ ਉਹਨਾਂ ਤੇ ਬਹੁਤ ਭਾਰੀ ਪਹਿਰੇ ਵੀ ਲੱਗੇ ਹੋਏ ਸਨ। ਉਹਨਾਂ ਨੂੰ ਜੋ ਵੀ ਖਾਣ ਲਈ ਮਿਲਦਾ ਸੀ ਉਸਨੂੰ ਉਹ ਗੋਡਿਆਂ ਦੇ ਭਾਰ ਹੋ ਕੇ ਮੂੰਹ ਨਾਲ ਖਾਂਦੇ ਸਨ ਕਿਉਂਕਿ ਉਹਨਾਂ ਦੇ ਹੱਥਾਂ ਨੂੰ ਪਿਛਲੇ ਪਾਸੇ ਦੀ ਮੁਸ਼ਕਾ ਦਿੱਤੀਆਂ ਹੋਈ ਸਨ ਭਾਵ ਕਿ ਹੱਥ ਪਿਛਲੇ ਪਾਸੇ ਬੰਨੇ ਹੋਏ ਸਨ ਅਤੇ ਫਿਰ ਉਸਨੇ ਦੱਸਿਆ ਕਿ ਜਦੋਂ ਪਹਿਰੇਦਾਰ ਰੋਟੀ ਖਾਣ ਦੇ ਲਈ ਜਾਂਦਾ ਹੈ ਤਾਂ ਮੈਂ ਮਠਿਆਈ ਲੈ ਕੇ ਉਹਨਾਂ ਅੱਗੇ ਸੁੱਟ ਆਉਂਦਾ ਹਾਂ ਤਾਂ ਉਸ ਤਰਾਂ ਹੀ ਖਾ ਲੈਂਦੇ ਹਨ ਤੇ ਇਹ ਵੇਖ ਕੇ ਭਗਤ ਜੀ ਨੇ ਉਹਨਾਂ ਉੱਪਰ ਵੀ ਕਿਰਪਾ ਕੀਤੀ। ਜਦ ਭਗਤ ਜੀ ਇਧਰ ਬਿਰਾਜੇ ਹੋਏ ਸਨ। ਭਗਤ ਜੀ ਦੇ ਆਪਣੇ ਦਾਦਾ ਜੀ ਨਾਲ ਹੁੰਦੇ ਬਚਨਾ ਨੂੰ ਮਾਤਾ ਭਗਤਨੀ ਅਤੇ ਬੀਬੀ ਅਮਰੋ ਨੇ ਸੁਣ ਲਿਆ ਸੀ ਤਾਂ ਜਦੋਂ ਆਪ ਜੀ ਅਸਥੂਲ ਸਰੀਰ ਵਿੱਚ ਆਏ ਤਾਂ ਉਹਨਾਂ ਨੇ ਪੁੱਛਿਆ ਕਿ ਬਾਬਾ ਜੀ ਕੌਣ ਸਨ ਤਾਂ ਆਪ ਜੀ ਨੇ ਕੁਝ ਨਾ ਦੱਸਿਆ ਅਤੇ ਕਛਹਿਰਾ ਪਰਨਾ ਲੈ ਕੇ ਇਸਨਾਨ ਕਰਨ ਦੇ ਲਈ ਚਲੇ ਗਏ ਅਤੇ ਫਿਰ ਕਿਸੇ ਦਿਨ ਮੌਜ਼ ਵਿੱਚ ਆ ਕੇ ਇਹ ਨਜਾਰਾ ਦੱਸਿਆ।

## ਸੱਚਖੰਡ ਜਾਣ ਸੰਬੰਧੀ ਸਾਖੀਆ

ਇਕ ਵਾਰੀ ਆਪ ਜੀ ਭਾਈ ਦਰਸ਼ਨ ਸਿੰਘ ਪਤਰਾਵਾ ਵਾਲੇ ਕੋਲੋਂ ਸੁਖਮਨੀ ਸਾਹਿਬ ਦਾ ਪਾਠ ਦਿਨੇ ਆਪਣੇ ਘਰ ਵਿੱਚ ਸੁਣ ਰਹੇ ਸਨ ਜੋ ਕਿ ਗਲਤ ਪੜ੍ਹਦਾ ਸੀ। ਉਸਨੂੰ ਆਪ ਜਦੋਂ ਸ਼ੁੱਧ ਪਾਠ ਦੱਸੀ ਜਾਂਦੇ ਸਨ ਤਾਂ ਹੁਕਮ ਹੋਇਆ ਗੁਰੂ ਸਾਹਿਬ ਦਾ, ਇਹ ਹੁਣ ਨਾ ਦੱਸੋ ਤਾਂ ਆਪ ਚੁੱਪ ਕਰਕੇ ਧਿਆਨ ਪਰਾਇਣ ਹੋ ਗਏ। ਉਸ ਵਕਤ ਆਪ ਜੀ ਨੂੰ ਪੰਜ ਪਿਆਰੇ, ਚਾਰ ਸਾਹਿਬਜਾਦੇ ਤੇ ਗੁਰੂ ਸਾਹਿਬ ਨੇ ਦਰਸ਼ਨ ਦਿੱਤੇ ਅਤੇ ਸਰੀਰ ਵਿੱਚੋਂ ਇਕ ਵਾਰ ਸੁਆਸ ਨਿਕਲ ਗਏ ਤਾਂ ਮਾਤਾ ਭਗਤਨੀ ਜੀ ਨੂੰ ਪਤਾ ਲੱਗ ਗਿਆ ਤਾਂ ਮਾਤਾ ਜੀ ਨੇ ਮਨ ਅੰਦਰ ਹੀ ਸ੍ਰੀ ਅਖੰਡ ਪਾਠ ਸਾਹਿਬ ਸੁੱਖ ਲਿਆ ਤਾਂ ਫਿਰ ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਆਪ ਜੀ ਦੇ ਪਰਿਵਾਰ ਉਤੇ ਤਰਸ ਕਰਕੇ ਕਈ ਸਾਲਾਂ ਦੀ ਜ਼ਿੰਦਗੀ ਬਖਸ਼ ਦਿੱਤੀ।

ਇਕ ਵਾਰੀ ਭਗਤ ਜੀ ਕਾਫੀ ਬਿਮਾਰ ਸਨ ਤੇ ਆਪ ਜੀ ਨੂੰ ਹੁਕਮ ਹੋਇਆ ਜੇਕਰ ਇਸ਼ਨਾਨ ਕਰੋਗੇ ਤਾਂ ਸਰੀਰ ਛੁਟ ਜਾਵੇਗਾ। ਜਦੋਂ ਆਪ ਭਿੰਡਰੀ ਸੰਤਾਂ ਕੋਲ ਪਹੁੰਚੇ



**ਸ਼੍ਰੀ ਮਾਨ ਭਗਤ ਉਜਾਗਰ ਸਿੰਘ ਜੀ ਜੱਥੇ ਸਮੇਤ**

ਤਾਂ ਸੰਤਾਂ ਨੇ ਕਿਸੇ ਨੂੰ ਪੁੱਛਿਆ ਕਿ ਭਗਤਾਂ ਨੇ ਇਸ਼ਨਾਨ ਕੀਤਾ ਹੈ ਕਿ ਨਹੀਂ ਤਾਂ ਪਤਾ ਲੱਗਾ ਕਿ ਭਗਤਾਂ ਨੇ ਇਸ਼ਨਾਨ ਨਹੀਂ ਕੀਤਾ। ਤਾਂ ਸੰਤ ਜੀ ਨੇ ਸਿੰਘਾਂ ਨੂੰ ਕਿਹਾ ਕਿ ਭਗਤ ਜੀ ਨੂੰ ਗਰਮ ਪਾਣੀ ਨਾਲ ਇਸ਼ਨਾਨ ਕਰਵਾ ਦਿਉ। ਜਦੋਂ ਆਪ ਜੀ ਨੂੰ ਇਸ਼ਨਾਨ ਕਰਵਾਇਆ ਗਿਆ ਅਤੇ ਜਦੋਂ ਆਪ ਪਲੰਘ ਉੱਤੇ ਬੈਠੇ ਬਾਣੀ ਪੜ੍ਹਨ ਲਗੇ ਤਾਂ ਸੁਆਸ ਵਿੱਚੋਂ ਆਉਣੇ ਬੰਦ ਹੋ ਗਏ ਤਾਂ ਇਕ ਸਿੰਘ ਨੇ ਭੱਜ ਕੇ ਸੰਤਾਂ ਕੋਲ ਜਾ ਕੇ ਸਾਰਾ ਹਾਲ ਦੱਸਿਆ ਅਤੇ ਜਥੇਦਾਰ ਸ੍ਰ. ਜੰਗੀਰ ਸਿੰਘ ਕੋਲ ਬੈਠਾ ਸੀ। ਸੁਣ ਕੇ ਬੜਾ ਘਬਰਾਇਆ ਤਾਂ ਸੰਤਾਂ ਨੇ ਕਿਹਾ ਕਿ ਅਸੀਂ ਤਾਂ ਸੁਤੇ ਸਿੱਧ ਹੀ ਬਚਨ ਕੀਤਾ ਸੀ ਅਤੇ ਫਿਰ ਸੰਤਾਂ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਤੇ ਉਧਰੋਂ ਆਪ ਜੀ ਦੇ ਸਰੀਰ ਵਿੱਚ ਸੁਆਸ ਆਉਣੇ ਸ਼ੁਰੂ ਹੋ ਗਏ ਤਾਂ ਆਪ ਜੀ ਨੇ ਜਥੇਦਾਰ ਨੂੰ ਕਿਹਾ ਜੋ ਬਹੁਤ ਹੀ ਚਿੰਤਾ ਤੁਰ ਸੀ "ਜਥੇਦਾਰਾ ਕੀ ਗੱਲ ਹੈ" ਤਾਂ ਕਹਿਣ ਲੱਗਾ ਭਗਤ ਜੀ ਤੁਸੀਂ ਕਿਧਰ ਚਲੇ ਗਏ ਸੀ। ਫਿਰ ਆਪ ਜੀ ਨਾਲ ਬਚਨ ਬਿਲਾਸ ਕਰਕੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ।

ਇਕ ਵਾਰੀ ਆਪ ਸਵੇਰੇ ਨਿਤਨੇਮ ਕਰਕੇ ਲੇਟੇ ਹੋਏ ਸਨ ਅਤੇ ਆਪ ਜੀ ਦੀ ਬਾਂਹ ਕੂਣੀ ਭਾਰ ਖੜੀ ਸੀ ਉਹ ਮੋਢੇ ਉਤੇ ਡਿੱਗੀ ਤਾਂ ਬੀਬੀ ਅਮਰੋ ਆਪ ਜੀ ਨੂੰ ਪੱਖੀ ਝੱਲ ਰਹੀ ਸੀ ਤੇ ਪੁੱਛਣ ਲੱਗੀ ਕਿ ਚਾਚਾ ਜੀ ਬਾਂਹ ਇਸ ਤਰ੍ਹਾਂ ਕਿਉਂ ਡਿੱਗੀ ਹੈ ਤਾਂ ਆਪ ਜੀ ਨੇ ਕਿਹਾ ਕਿ ਸਮਾਧੀ ਲਾ ਕੇ ਵੇਖ ਲੈ ਜਦੋਂ ਬੀਬੀ ਅਮਰੋ ਨੇ ਵੇਖਿਆ ਤਾਂ ਗੁਰੂ ਸਾਹਿਬ ਅਤੇ ਚਾਰ ਸਾਹਿਬਜ਼ਾਦੇ ਆਪ ਜੀ ਨੂੰ ਲੈਣ ਵਾਸਤੇ ਆ ਗਏ ਸਨ। ਜਦੋਂ ਸਮਾਧੀ ਤੋਂ ਉੱਠੀ ਤਾਂ

ਰੋਣ ਲੱਗ ਪਈ ਤਾਂ ਆਪ ਜੀ ਨੇ ਕਿਹਾ ਇਸ ਵਾਸਤੇ ਵੇਖਣਾ ਚਾਹੁੰਦੀ ਸੀ ਹੁਣ ਕਮਰੇ ਤੋਂ ਬਾਹਰ ਹੋ ਜਾ ਇਹ ਸੁਣ ਕੇ ਮਾਤਾ ਭਗਤਨੀ ਜੀ ਦੇ ਕੋਲ ਚਲੀ ਗਈ।

ਗੁਰੂ ਸਾਹਿਬ ਇਸ ਸਮੇਂ ਹੁਕਮ ਕਰ ਗਏ ਸਨ ਕਿ ਇਸ ਸਿੰਘ ਨੂੰ ਅੱਜ ਲੈ ਕੇ ਜਾਣਾ ਹੈ। ਕੁਝ ਦੇਰ ਬਾਅਦ ਆਪ ਜੀ ਨੇ ਨਵੇਂ ਕੱਪੜੇ ਮੰਗਵਾਂ ਲਏ ਅਤੇ ਗੁਰਦੁਆਰੇ ਜਾ ਕੇ ਗਰੰਥੀ ਸਿੰਘ ਤੋਂ ਪੰਜ ਸ਼ਬਦ ਹਾਰਮੋਨੀਅਮ ਨਾਲ ਸੁਣ ਕੇ ਉਸਨੂੰ ਮਾਇਆ ਭੇਟਾਂ ਦਿੱਤੀ ਜਦੋਂ ਮਾਤਾ ਭਗਤਨੀ ਨੇ ਆਪ ਜੀ ਦੇ ਚਿਹਰੇ ਵੱਲ ਵੇਖ ਕੇ ਗਰੰਥੀ ਸਿੰਘ ਨੂੰ ਆਖਿਆ ਕਿ ਇਹਨਾਂ ਦੀ ਨਬਜ਼ ਵੇਖੋ ਤਾਂ ਗਰੰਥੀ ਸਿੰਘ ਨਬਜ ਦੇਖ ਕੇ ਹੈਰਾਨ ਹੋ ਕੇ ਕਹਿਣ ਲੱਗਾ ਕਿ ਨਬਜ਼ ਦਾ ਚਲਦੀ ਹੀ ਨਹੀਂ ਹੈ ਤਾਂ ਘਰੋਂ ਇੱਥੇ ਤੱਕ ਕਿਵੇਂ ਅੱਪੜ ਗਏ ਤਾਂ ਆਪ ਜੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ, ਇਹ ਆਖ ਕੇ ਆਪ ਜੀ ਘਰ ਪਹੁੰਚੇ ਅਤੇ ਪਲੰਘ ਉਪਰ ਲੇਟ ਗਏ ਉਸ ਵਕਤ ਪੰਜ ਪਿਆਰੇ ਚਾਰ ਸਾਹਿਬਜਾਦੇ ਆ ਗਏ ਸਨ ਅਤੇ ਬੀਬੀ ਬੀਰੋ ਜੋ ਭਗਤਾਂ ਦੀ ਵੱਡੀ ਸਪੁੱਤਰੀ ਸੀ ਜਿਸਨੂੰ ਦਰਸ਼ਨ ਹੁੰਦੇ ਸਨ ਤੇ ਕਹਿਣ ਲੱਗੀ ਕਿ ਨਾ ਅਜੇ ਕੁੜੀ ਵਿਆਹੀ ਹੈ ਤੇ ਨਾ ਹੀ ਮੁੰਡਾ ਵਿਆਹਿਆ ਹੈ ਤੇ ਚਾਚਾ ਜੀ ਨੂੰ ਹੁਣੇ ਹੀ ਆਪ ਜੀ ਲੈਣ ਆ ਗਏ ਹੋ ਤਾਂ ਬਾਬਾ ਫਤਹਿ ਸਿੰਘ ਜੀ ਦੇ ਮਨ ਵਿੱਚ ਦਇਆ ਆਈ ਕਿ ਅਜੇ ਪਰਿਵਾਰ ਬਹੁਤ ਛੋਟਾ ਹੈ ਨਾਲ ਹੀ ਪਰਿਵਾਰ ਤੇ ਵੀ ਕਿੰਨੀ ਕਿਰਪਾ ਹੈ ਕਿ ਸਾਡੇ ਦਰਸ਼ਨ ਪਰਿਵਾਰ ਨੂੰ ਵੀ ਹੋ ਰਹੇ ਹਨ। ਇਹਨਾਂ ਦੇ ਸਾਹਮਣੇ ਹੁਣ ਭਗਤਾਂ ਨੂੰ ਕਿਵੇਂ ਲੈ ਜਾਈਏ ਕਿਉਂਕਿ ਇਹਨਾਂ ਦੀ ਅਜੇ ਘਰ ਵਾਲਿਆਂ ਨੂੰ ਬਹੁਤ ਲੋੜ ਹੈ। ਇਹ ਸੁਣ ਕੇ ਪੰਜ ਪਿਆਰੇ ਅਤੇ ਦੂਜੇ ਸਾਹਿਬਜਾਦਿਆਂ ਨੇ ਸਾਹਿਬਜਾਦਾ ਫਤਹਿ ਸਿੰਘ ਨੂੰ ਆਖਿਆ ਕਿ ਅਸੀਂ ਤਾਂ ਗੁਰੂ ਸਾਹਿਬ ਜੀ ਅੱਗੇ ਬੋਲ ਨਹੀਂ ਸਕਦੇ ਕਿਉਂਕਿ ਗੁਰੂ ਸਾਹਿਬ ਆਪ ਕਹਿ ਗਏ ਹਨ ਕਿ ਇਸ ਸਿੰਘ ਨੂੰ ਅੱਜ ਲੈ ਕੇ ਜਾਣਾ ਹੈ ਤਾਂ ਬਾਬਾ ਫਤਹਿ ਸਿੰਘ ਜੀ ਨੇ ਕਿਹਾ ਕਿ **"ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਅਸੀ ਗੁਰੂ ਸਾਹਿਬ ਅੱਗੇ ਬੇਨਤੀ ਕਰ ਦਿਆਂਗੇ।"**

ਇਹ ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਆਪ ਜੀ ਦੀ ਸੂਖਮ ਰੂਹ ਸੱਚਖੰਡ ਤੋਂ ਪੰਜਾਹ ਸੱਠ ਕਰਮਾ ਉਤੇ ਹੀ ਅੱਪੜੀ ਤਾਂ ਸੱਚਖੰਡ ਵੱਲੋਂ ਚਾਲੀ ਕੁ ਦੇ ਭੁਯੰਗੀ ਜੋ ਅਨਦਾੜ੍ਹੀਏ ਤੇ ਜੁਆਨ ਉਮਰ ਦੇ ਸਨ ਜਿਹਨਾਂ ਦੇ ਚਿਹਰੇ ਬੜੇ ਹੀ ਸੋਹਣੇ ਤੇ ਸੁਹਾਵਣੇ ਅਤੇ ਪ੍ਰਕਾਸ਼ ਵਾਲੇ ਸਨ ਉਹਨਾਂ ਸਾਰਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਭਗਤ ਜੀ ਆ ਗਏ ਜਦੋਂ ਉਹ ਨੇੜੇ ਆਏ ਤਾਂ ਸਾਰਿਆਂ ਨੇ ਇਕੱਠਿਆ ਨੇ ਫਤਹਿ ਬੁਲਾਈ ਅਤੇ ਆਪ ਜੀ ਨੇ ਵੀ ਉਹਨਾਂ ਨੂੰ ਮਾਨੋ ਜੱਫੀ ਵਿੱਚ ਲੈ ਲਿਆ ਅਤੇ ਬੜੇ ਉਤਸ਼ਾਹ ਨਾਲ ਰਾਜੀ ਖੁਸ਼ੀ ਪੁੱਛੀ ਗਈ ਤਾਂ ਆਪ ਜੀ ਨੇ ਆਖਿਆ ਕਿ ਪਹਿਲੇ ਅਸੀਂ ਸੱਚਖੰਡ ਦੇ ਦਰਸ਼ਨ ਕਰਨੇ ਹਨ ਆਪ ਜੀ ਨੇ ਦੱਸਿਆ ਕਿ ਜਿਸ ਤਰ੍ਹਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕਲਗੀਧਰ ਚਮਕਤਕਾਰ ਵਿੱਚ ਲਿਖਿਆ ਹੈ ਕਿ ਸੱਚਪੰਡ ਦੀਆਂ ਕੰਧਾਂ ਦਾ ਪ੍ਰਕਾਸ਼ ਸਾਰੇ ਬ੍ਰਹਿਮੰਡਾਂ ਦੇ ਜੀਵਾਂ ਅਤੇ ਧਰਤੀ ਨੂੰ ਪ੍ਰਕਾਸ਼ ਦਿੰਦਾ ਹੈ ਅਤੇ ਸੱਚਖੰਡ ਵਿੱਚ ਗੁਰੂ ਸਾਹਿਬ

ਜੀ ਦੇ ਕਮਰੇ ਦਾ ਪ੍ਰਕਾਸ਼ ਸੱਚਖੰਡ ਤੋਂ ਵੀ ਕਈ ਗੁਣਾ ਜ਼ਿਆਦਾ ਹੈ। ਭਗਤ ਜੀ ਸੱਚਖੰਡ ਵਿੱਚ ਜਾਕੇ ਫਿਰ ਉਸ ਅੰਦਰਲੇ ਕਮਰੇ ਅੱਗੇ ਖਲੋ ਗਏ ਤਾਂ ਦਸਵੇਂ ਪਾਤਸ਼ਾਹ ਨੇ ਆਪਣੇ ਪ੍ਰਕਾਸ਼ ਸਰੂਪ ਨਾਲ ਛਾਤੀ ਤੋਂ ਉਪਰ ਦਰਸ਼ਨ ਦਿੱਤੇ ਅਤੇ ਭਗਤ ਜੀ ਦਰਸ਼ਨ ਕਰਕੇ ਨਿਹਾਲ ਹੋ ਗਏ ਅਤੇ ਫਿਰ ਉਹਨਾਂ ਭੁਜੰਗੀਆਂ ਸਮੇਤ ਮੱਥਾ ਟੇਕ ਉਸ ਪ੍ਰਕਾਸ਼ ਸਰੂਪ ਕਮਰੇ ਦੀਆਂ ਪ੍ਰਕਰਮਾਂ ਕਰਕੇ ਸੱਚਖੰਡ ਤੋਂ ਬਾਹਰ ਆ ਗਏ ਤੇ ਆਪ ਜੀ ਨੇ ਕਿਹਾ ਕਿ ਭੁਜੰਗੀਉ ਹੁਣ ਅਸੀਂ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨੇ ਹਨ ਤਾਂ ਉਹ ਕਹਿੰਦੇ ਆਉ ਜੀ ਇਸ ਤਰ੍ਹਾਂ ਸੱਚਖੰਡ ਤੋਂ ਤੀਜੇ ਦਰਵਾਜੇ ਤੇ ਆਪ ਜੀ ਨੂੰ ਲੈ ਗਏ। ਉਸ ਦਰਵਾਜੇ ਦੇ ਅੰਦਰ ਵੜਦਿਆਂ ਹੀ ਹਰ ਤਰ੍ਹਾਂ ਸਜਾਵਟ ਅਤੇ ਹਰਿਆਵਲਤਾ ਸੀ ਫਿਰ ਵੇਖਦਿਆਂ-ਵੇਖਦਿਆਂ ਹੀ ਸੰਤ ਮਹਾਰਾਜ ਪ੍ਰਗਟ ਹੋਏ ਤਾਂ ਭਗਤ ਜੀ ਨੇ ਬੜੇ ਪ੍ਰੇਮ ਨਾਲ ਫਤਹਿ ਬੁਲਾਈ ਅਤੇ ਉਹਨਾਂ ਭੁਜੰਗੀਆਂ ਨੇ ਦੱਸਿਆ ਕਿ ਭਗਤ ਜੀ ਬਹੁਤ ਹੀ ਕਮਾਈ ਵਾਲੇ ਹਨ ਜੋ ਮਾਤਲੋਕ ਤੇ ਦਰਸ਼ਨ ਕਰਨ ਦੇ ਲਈ ਆਏ ਹਨ ਤਾਂ ਸੰਤ ਜੀ ਨੇ ਕੁਸ਼ਲ ਮੰਗਲ ਪੁੱਛ ਕੇ ਥਾਪੀ ਦਿੱਤੀ ਤੇ ਆਖਿਆ ਕਿ ਅਸੀਂ ਹੁਣ ਵਿਚਰਨ ਜਾਣਾ ਹੈ। ਆਪ ਜੀ ਦਸਦੇ ਹਨ ਕਿ ਵਿਚਰਨ ਦਾ ਇਕ ਬਹਾਨਾ ਹੀ ਹੁੰਦਾ ਹੈ ਤੇ ਸੰਤ ਜੀ ਅਲੋਪ ਹੋ ਗਏ। ਫਿਰ ਭਗਤ ਜੀ ਨੇ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦੇ ਦਰਸ਼ਨ ਕੀਤੇ ਇਸ ਲਈ ਸੱਚਖੰਡ ਦੇ ਨਾਲ ਦਰਵਾਜੇ ਵਿੱਚ ਸੰਤ ਸੁੰਦਰ ਸਿੰਘ ਜੀ ਦੇ ਦਰਸ਼ਨ ਕੀਤੇ-

- **ਸਚਾ ਆਪਿ ਸਚਾ ਦਰਬਾਰੁ**
  **ਤਿਥੈ ਸੋਹਨਿ ਪੰਚ ਪਰਵਾਣੁ॥**

ਫਿਰ ਆਪ ਜੀ ਦੀ ਸੁਰਤ ਮੁੜ ਕੇ ਘਰ ਵਿਚ ਆਪਣੀ ਦੇਹ ਵਿੱਚ ਆਈ ਤਾਂ ਆਪ ਜੀ ਨੂੰ ਉਹ ਹੀ ਬਚਨ ਸੁਣਾਈ ਦੇ ਰਹੇ ਸਨ ਜੋ ਪਹਿਲੇ ਸੁਣ ਕੇ ਗਏ ਸਨ ਫਿਰ ਚਾਰ ਸਾਹਿਬਜਾਦੇ ਅਤੇ ਪੰਜ ਪਿਆਰੇ ਆਪ ਜੀ ਨੂੰ ਛੱਡ ਕੇ ਗੁਰੂ ਸਾਹਿਬ ਕੋਲ ਪਹੁੰਚੇ ਤਾਂ ਗੁਰੂ ਸਾਹਿਬ ਜੀ ਨੇ ਬੜੇ ਬੀਰ ਰਸ ਵਿੱਚ ਪੁੱਛਿਆ ਕਿ ਸਿੰਘ ਨੂੰ ਲੈ ਕੇ ਆਏ ਹੋ ਤਾਂ ਬਾਬਾ ਫਤਹਿ ਸਿੰਘ ਜੀ ਨੇ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਆਪ ਜੀ ਨੇ ਪ੍ਰੇਰਿਆ ਹੈ ਕਿ ਉਹਨਾਂ ਦਾ ਪਰਿਵਾਰ ਅਜੇ ਛੋਟਾ ਹੈ ਤੇ ਉਹਨਾਂ ਦੀ ਅਜੇ ਲੋੜ ਹੈ ਤਾਂ ਗੁਰੂ ਸਾਹਿਬ ਜੀ ਚੁੱਪ ਕਰ ਗਏ।

- **ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥**
  **ਆਵਹਿ ਨਾ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥**
- **ਭਗਤਾ ਕੀ ਚਾਲ ਨਿਰਾਲੀ**
- **ਸਭਨਾ ਜੀਆ ਵਿਚਿ ਹਰਿ ਆਪਿ ਸੋ ਭਗਤਾ ਕਾ ਮਿਤੁ ਹਰਿ॥**

ਇਹ ਗੱਲਬਾਤ ਸੁਣ ਕੇ ਆਪ ਫਿਰ ਆਪਣੀ ਦੇਹ ਵਿੱਚ ਪ੍ਰਵੇਸ਼ ਕਰ ਗਏ। ਫਿਰ ਇਹ ਬਚਨ ਆਪ ਜੀ ਨੇ ਕਈਆਂ ਨੂੰ ਦੱਸਿਆ ਤਾਂ ਇਕ ਦਿਨ ਸੰਤ ਕਰਤਾਰ ਸਿੰਘ ਜੀ ਨੇ ਕਿਹਾ ਕਿ ਭਗਤ ਜੀ ਤੁਸੀਂ ਕਈਆਂ ਨੂੰ ਸੱਚਖੰਡ ਵਾਲੇ ਬਚਨ ਸੁਣਾਏ ਹਨ ਪਰ ਮੈਨੂੰ ਤੁਸੀਂ ਇਹ ਬਚਨ ਨਹੀਂ ਸੁਣਾਏ ਹਨ ਤਾਂ ਆਪ ਜੀ ਨੇ ਕਿਹਾ ਕਿ ਤੂੰ ਹੁਣ ਸੁਣ ਲੈ ਸਾਰੇ ਬਚਨ।

ਆਪ ਜੀ ਨੇ ਬੜੇ ਪ੍ਰੇਮ ਨਾਲ ਸੁਣਾਏ। ਫਿਰ ਕਰਤਾਰ ਸਿੰਘ ਜੀ ਨੇ ਸੰਤ ਗਿ: ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਕਿਹਾ ਕਿ ਭਗਤ ਜੀ ਨੇ ਅੱਜ ਸੱਚਖੰਡ ਦੇ ਬਚਨ ਸੁਣਾਏ ਹਨ ਜਦੋਂ ਇਹ ਬਚਨ ਸੰਤਾਂ ਨੇ ਸੁਣੇ ਤਾਂ ਸੰਤਾਂ ਨੇ ਆਖਿਆ ਕਿ **"ਐਸੇ ਵਿਰਲੇ ਹੀ ਸਾਧੂ ਹਨ ਜਿਹੜੇ ਇਸ ਤਰ੍ਹਾ ਸੱਚਖੰਡ ਵਿੱਚ ਜਾ ਸਕਦੇ ਹਨ ਤੇ ਇਸ ਤਰ੍ਹਾਂ ਉਹਨਾਂ ਦਾ ਆਦਰ ਹੁੰਦਾ ਹੈ"**।

ਇਕ ਵਾਰੀ ਸੰਤਾਂ ਨੇ ਆਪ ਜੀ ਨੂੰ ਕਿਹਾ ਕਿ ਭਗਤ ਜੀ ਹਰਖੋਵਾਲ ਵਾਲੇ ਸੰਤ ਜਵਾਲਾ ਸਿੰਘ ਹੋਰਾਂ ਕੋਲ ਚੱਲੀਏ ਤਾਂ ਆਪ ਜੀ ਦੂਜੇ ਦਿਨ ਨਿਤਨੇਮ ਦੇ ਟਾਈਮ ਫੁਰਨਾ ਕਰਕੇ ਸਮਾਧੀ ਵਿੱਚ ਹੀ ਉਥੇ ਪਹੁੰਚ ਗਏ। ਉਥੇ ਜਾ ਕੇ ਬਾਹਰ ਬਾਗਾਂ ਵਿੱਚ ਘੁੰਮ ਕੇ ਸੰਤ ਜਵਾਲਾ ਸਿੰਘ ਜੀ, ਹੋਰਾ ਕੋਲ ਗਏ ਤਾਂ ਸੰਤ ਜਵਾਲਾ ਸਿੰਘ ਜੀ ਅੱਖਾਂ ਮੀਟ ਕੇ ਮਸਤਕ ਵਿੱਚ ਗੁਰੂ ਨਾਨਕ ਸਾਹਿਬ ਦੇ ਧਿਆਨ ਵਿੱਚ ਰਹਿੰਦੇ ਸਨ ਤਾਂ ਆਪ ਜੀ ਨੇ ਪੁੱਛਿਆ ਕਿ ਆਪ ਬਹੁਤਾ ਚਿਰ ਅੱਖਾਂ ਨੇਤਰ ਖੋਲ੍ਹ ਕੇ ਕਿਉਂ ਨਹੀਂ ਧਿਆਨ ਕਰਦੇ ਤਾਂ ਉਹਨਾਂ ਨੇ ਕਿਹਾ ਸਾਨੂੰ ਗੁਰੂ ਸਾਹਿਬ ਨੇ ਏਨੀ ਹੀ ਬਖਸ਼ਸ਼ ਕੀਤੀ ਹੈ ਕਿ ਜਿਸ ਦਾ ਅਸੀਂ ਆਨੰਦ ਮਾਣਦੇ ਹਾਂ ਇਸ ਤਰ੍ਹਾਂ ਆਪ ਜੀ ਨੇ ਸਮਾਧੀ ਤੋਂ ਉਠ ਕੇ ਸਾਰੇ ਬਚਨ ਸੰਤਾਂ ਨੂੰ ਸੁਣਾਏ।

ਇਕ ਵਾਰੀ ਆਪ ਜੀ ਸੰਤਾਂ ਕੋਲ ਭਿੰਡਰੀ ਬੈਠੇ ਹੋਏ ਸਨ ਅਤੇ ਰਾਤ ਦੇ ਗਿਆਰਾਂ ਵਜੇ ਦਾ ਸਮਾਂ ਆਪ ਜੀ ਅਤੇ ਜੱਥੇ ਦੇ ਸਿੰਘ ਅਕਾਲ ਕੁਟੀਆ ਦੇ ਕੋਠੇ ਉੱਪਰ ਲੇਟੇ ਹੋਏ ਸਨ। ਇਕ ਸਾਹਮਣੇ ਦੂਰ ਕੁਝ ਵਿਥ ਉੱਤੇ ਇਕ ਗੁਪਤ ਰੂਹ ਜੋ ਮੁਸਲਮਾਨ ਦੀ ਦਿਖਾਈ ਦੇ ਰਹੀ ਸੀ ਉਹ ਆਪਣੇ ਮੂੰਹ ਵਿੱਚੋਂ ਅੱਗ ਕੱਢ ਕੇ ਮੂੰਹ ਫੇਰ ਬੰਦ ਕਰ ਲੈਂਦਾ ਸੀ। ਇਹ ਵੇਖ ਕੇ ਸਿੰਘਾਂ ਨੇ ਸੰਤਾਂ ਨੂੰ ਪੁੱਛਿਆ ਤਾਂ ਆਪ ਜੀ ਨੇ ਦੱਸਿਆ ਕਿ ਇਹ ਕਿਸੇ ਮੁਸਲਮਾਨ ਦੀ ਅਬਗਤ ਰੂਹ ਹੈ ਜੋ ਮੂੰਹ ਵਿੱਚੋਂ ਅੱਗ ਕਢਦਾ ਹੈ।

ਇਹ ਸੁਣ ਕੇ ਸਿੰਘਾਂ ਨੇ ਆਪ ਜੀ ਨੂੰ ਕਿਹਾ ਕਿ ਇਸ ਨੂੰ ਆਪਣੇ ਕੋਲ ਬੁਲਾਉ ਤਾਂ ਆਪ ਜੀ ਨੇ ਕਿਹਾ ਕਿ ਐਸੀਆਂ ਰੂਹਾਂ ਨੂੰ ਨਹੀਂ ਛੇੜਨਾ ਚਾਹੀਂਦਾ। ਇਸ ਤਰ੍ਹਾਂ ਦੀਆਂ ਰੂਹਾਂ ਭਾਰੀ ਨੁਕਸਾਨ ਪਹੁੰਚਾਉਂਦੀਆਂ ਹਨ। ਇਹ ਸੁਣ ਕੇ ਸਿੰਘ ਚੁੱਪ ਤਾਂ ਹੋ ਗਏ ਪਰ ਆਪ ਜੀ ਤੇ ਸ਼ੰਕਾ ਕੀਤੀ ਕਿ ਭਗਤ ਜੀ ਇਸ ਤੋਂ ਡਰਦੇ ਹਨ ਇਹ ਸ਼ੰਕਾ ਮਿਟਾਉਣ ਲਈ ਆਪ ਜੀ ਨੇ ੴ ਦਾ ਧਿਆਨ ਕਰਕੇ ਉਸਨੂੰ ਸੱਦਿਆ ਤੇ ਕਿਹਾ ਕਿ ਇਹਨਾਂ ਨੂੰ ਆਪਣਾ ਜਲਵਾ ਵਿਖਾਉ ਤਾਂ ਉਸਨੇ ਪਹਿਲਾਂ ਸਾਰੇ ਸਿੰਘਾਂ ਨੂੰ ਅੰਦਰ ਤੱਕ ਡਰਾ ਦਿੱਤਾ ਇਹ ਵੇਖ ਕੇ ਸਾਰੇ ਸਿੰਘਾਂ ਨੇ ਅੰਦਰੋਂ ਹੀ ਬੇਨਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਸਾਰੇ ਸਹਿਮ ਗਏ ਫਿਰ ਉਸਨੇ ਸੰਤਾਂ ਦੇ ਮੰਜੇ ਦੀ ਬਾਹੀ ਚੁੱਕ ਕੇ ਉੱਚੀ ਕੀਤੀ ਤਾਂ ਸੰਤਾਂ ਨੇ ਆਪਣੇ ਗੜਵਈ ਕਰਮ ਸਿੰਘ ਨੂੰ ਉਠਾਇਆ ਤੇ ਆਖਿਆ ਕਿ ਸਾਡਾ ਮੰਜਾ ਬਿਲਕੁਲ ਕੰਧ ਦੇ ਨਾਲ ਲਾ ਦਿਉ ਤਾਂ ਆਪ ਜੀ ਨੇ ਪੁੱਛਿਆ ਕਿ ਕੀ ਗੱਲ ਹੈ ਤਾਂ ਸੰਤਾਂ ਨੇ ਦੱਸਿਆ ਕਿ ਸਾਨੂੰ ਇਉ ਪ੍ਰਤੀਤ ਹੋਇਆ ਕਿ ਕਿਸੇ ਨੇ ਮੰਜੇ ਦੀ ਬਾਹੀ ਨੂੰ ਉੱਚਾ ਚੁੱਕਿਆ ਹੈ। ਇਹ ਸੁਣ ਕੇ ਸਾਰੇ ਸਿੰਘ ਹੋਰ ਸਹਿਮ ਗਏ ਅਤੇ ਫਿਰ ਉਹ ਚਲਾ ਗਿਆ।

ਇਕ ਵਾਰੀ ਸਿੰਗਾਰਾ ਸਿੰਘ ਦੀ ਸਿੰਘਣੀ ਨੇ ਆਪਣੀ ਤੰਦਰੁਸਤੀ ਲਈ ਕਿਸੇ ਹੋਰ ਬੀਬੀ ਤੇ ਟੂਣਾ ਕੀਤਾ ਤਾਂ ਉਸ ਬੀਬੀ ਨੇ ਆਪ ਜੀ ਕੋਲ ਆ ਕੇ ਬੇਨਤੀ ਕੀਤੀ ਤੇ ਆਪਣੀ ਸਾਰੀ ਗੱਲ ਦੱਸੀ ਤਾਂ ਆਪ ਜੀ ਨੇ ਸਹਿਜੇ ਹੀ ਆਖਿਆ ਕਿ ਉਹ ਕਰਨ ਵਾਲੀ ਤੇ ਹੀ ਟੂਣਾ ਉਲਟ ਪੈ ਜਾਵੇਗਾ। ਇਸ ਤੋਂ ਬਾਅਦ ਉਹ ਕਾਫੀ ਬਿਮਾਰ ਹੋ ਕੇ ਚਲਾਣਾ ਕਰ ਗਈ।

**– ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ॥**
**ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ॥**

ਇਕ ਵਾਰੀ ਆਪ ਜੀ ਦੇ ਚਾਚੇ ਦੀ ਲੜਕੀ ਬੀਬੀ ਦੀਪੋ ਨੇ ਕਿਸੇ ਬੀਬੀ ਦੇ ਬੱਚੇ ਤੇ ਟੂਣਾ ਕੀਤਾ ਤਾਂ ਉਸ ਬੀਬੀ ਨੇ ਵੀ ਆਪ ਜੀ ਕੋਲ ਆ ਕੇ ਬੇਨਤੀ ਕੀਤੀ ਤਾਂ ਆਪ ਜੀਨੇ ਸਹਿਜੇ ਆਖਿਆ ਕਿ ਇਹ ਤਾਂ ਖਪਨੀ ਰਹੇਗੀ ਭਾਵ ਬਿਨਾ ਪੁੱਤਰ ਤੋਂ ਹੋਵੇਗੀ।

ਇਕ ਵਾਰੀ ਸ੍ਰ. ਗੁਰਦੀਪ ਸਿੰਘ ਪਤਰਾਵਾ ਵਾਲੇ ਦੀ ਘਰਵਾਲੀ ਨੇ ਆਪ ਜੀ ਕੋਲ ਰੋ-ਰੋ ਕੇ ਬੇਨਤੀ ਕੀਤੀ ਕਿ ਮੇਰੇ ਬੱਚੇ ਚਲਾਣਾ ਕਰ ਗਏ ਹਨ ਤੇ ਹੁਣ ਕੋਈ ਵੀ ਬੱਚਾ ਘਰ ਵਿੱਚ ਨਹੀਂ ਹੈ। ਹੁਣ ਕਿਰਪਾ ਕਰੋ ਘਰ ਵਿੱਚ ਕੋਈ ਪੁੱਤਰ ਹੋਵੇ ਤਾਂ ਆਪ ਜੀ ਨੇ ਉਸਨੂੰ ਰੌਂਦੀ ਨੂੰ ਵੇਖ ਕੇ ਕਿਰਪਾ ਦੇ ਘਰ ਵਿੱਚ ਆਏ ਅਤੇ ਆਪ ਜੀ ਨੇ ਆਖਿਆ ਕਿ ਬੀਬੀ ਫਿਕਰ ਨਾ ਕਰ ਤੇਰੇ ਘਰ ਵਿੱਚ ਦੋ ਬੱਚੇ ਹੋਣਗੇ ਅਤੇ ਆਪ ਜੀ ਨੇ ਗੁਰੂ ਸਾਹਿਬ ਜੀ ਅੱਗੇ ਹਰਿਮੰਦਰ ਸਾਹਿਬ ਵਿੱਚ ਅਰਦਾਸ ਕੀਤੀ ਅਤੇ ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਉਸ ਦੇ ਘਰ ਦੋ ਭੁਜੰਗੀ ਹੋਏ ਅਤੇ ਦੋਨਾਂ ਨੇ ਗਾਤਰੇ ਵਾਲੀਆਂ ਕਿਰਪਾਨਾਂ ਪਾਈਆਂ ਹੋਈਆਂ ਸਨ। (ਭਾਵ ਅੰਮ੍ਰਿਤ ਛਕਿਆ ਸੀ)

**– ਭਗਤਾ ਕਾ ਬੋਲਿਆ ਪਰਵਾਨ ਹੈ**
**ਦਰਗਾਹ ਪਵੈ ਥਾਇ॥**

ਇਕ ਵਾਰੀ ਆਪ ਜੀ ਨੇ ਇਹ ਵੀ ਦੱਸਿਆ ਕਿ ਜਦੋਂ ਸੱਚਖੰਡ ਵਿੱਚ ਬ੍ਰਹਮ ਗਿਆਨੀ ਸੁਰਤ ਨਾਲ ਜਾਦੇ ਹਨ ਉਹਨਾਂ ਦੀ ਵੀ ਗੁਰੂ ਸਾਹਿਬ ਕੋਲ ਹਾਜਰੀ ਲੱਗਦੀ ਹੈ ਅਤੇ ਜੋ ਵੀ ਕਾਰਵਾਈ ਬ੍ਰਹਮਗਿਆਨੀ ਕਰਦੇ ਹਨ ਤੇ ਜੋ ਕਰਨਗੇ ਉਸ ਬਾਰੇ ਸੱਚਖੰਡ ਵਿੱਚ ਬਚਨ ਕਰਕੇ ਆਉਂਦੇ ਹਨ ਜੋ ਇਸ ਤਰ੍ਹਾਂ ਦੇ ਬਚਨ ਹੁੰਦੇ ਹਨ ਕਿ ਅਸੀਂ ਪੰਜ ਕਕਾਰਾ ਦੀ ਰਹਿਤ ਰੱਖਦੇ ਹਾਂ ਤੇ ਮਾਤਲੋਕ ਵਿੱਚ ਰਖਵਾਵਾਂਗੇ।

ਪੰਜ ਬਾਣੀਆਂ ਅਤੇ ਹੋਰ ਕਾਫੀ ਬਾਣੀਆਂ ਦਾ ਨਿਤਨੇਮ ਕਰਦੇ ਹਾਂ ਤੇ ਮਾਤਲੋਕ ਵਿੱਚ ਨਿਤਨੇਮ ਕਰਵਾਵਾਂਗੇ। ਸੋ ਇਸੇ ਤਰ੍ਹਾਂ ਚਾਰ ਬਜਰ ਕੁਰਹਿਤਾ ਤੋਂ ਬਚੇ ਹੋਏ ਹਾਂ ਤੇ ਮਾਤ ਲੋਕ ਵਿੱਚ ਬਚਨ ਦਾ ਉਪਦੇਸ਼ ਕਰਾਂਗੇ ਗੁਰੂ ਗਰੰਥ ਸਾਹਿਬ ਨੂੰ ਦਸਾਂ ਪਾਤਸ਼ਾਹੀਆਂ ਦਾ ਸਰੂਪ ਸਮਝਦੇ ਹਾਂ ਅਤੇ ਸਮਝਾਉਣ ਲਈ ਉਪਦੇਸ਼ ਕਰਾਂਗੇ। ਇਸ ਤਰ੍ਹਾਂ ਦੇ ਬਚਨ ਬਿਲਾਸ ਹੁੰਦੇ ਰਹਿੰਦੇ ਹਨ।

ਇਕ ਵਾਰੀ ਪੱਟੀ ਵਾਲੇ ਗੁਰਚਰਨ ਸਿੰਘ ਨੇ ਆਪ ਜੀ ਕੋਲ ਆ ਕੇ ਬੜੀ

ਅਧੀਨਗੀ ਨਾਲ ਬੇਨਤੀ ਕੀਤੀ ਕਿ ਦਾਸ ਕੋਲ ਸਿਰਫ ਨੱਬੇ ਰੁਪਏ ਹਨ ਤੇ ਮੈਨੂੰ ਬੜਾ ਫਿਕਰ ਹੈ ਤੇ ਘਰ ਵਿੱਚ ਬਰਾਤ ਵਾਸਤੇ ਮਠਿਆਈ ਵੀ ਬਣਾਉਣੀ ਹੈ ਅਤੇ ਦਾਜ ਦੇ ਲਈ ਕੱਪੜੇ ਵੀ ਚਾਹੀਂਦੇ ਹਨ। ਇਹ ਸੁਣ ਕੇ ਆਪ ਦ੍ਰਵ ਗਏ ਅਤੇ ਆਖਿਆ ਕਿ ਕੋਈ ਫਿਕਰ ਨਾ ਕਰ ਗੁਰੂ ਸਾਹਿਬ ਜੀ ਆਪ ਕਿਰਪਾ ਕਰਨਗੇ। ਜਦੋਂ ਆਪ ਜੀ ਐਸੇ ਬਚਨ ਕਰਦੇ ਤਾਂ ਸੁਣਨ ਵਾਲੇ ਦੇ ਮਨ ਵਿੱਚ ਵੀ ਧੀਰਜ ਲਿਆ ਦਿੰਦੇ ਸਨ। ਇਹ ਸੁਣ ਕੇ ਉਸਨੂੰ ਵੀ ਸਾਹਸ ਭਰ ਆਇਆ। ਜਦੋਂ ਆਪ ਜੀ ਉਸਦੇ ਘਰ ਪਹੁੰਚੇ ਤਾਂ ਆਪ ਜੀ ਨੇ ਉਸਨੂੰ ਇੱਕ ਤਿਉਰ ਪੇਸ਼ ਕੀਤਾ ਤੇ ਇਹ ਵੇਖ ਕੇ ਪੱਟੀ ਵਾਲੇ ਸਿੰਘਾਂ ਨੇ ਵੀ ਕੁਝ ਨਾ ਕੁਝ ਆਪਣੇ ਵੱਲੋਂ ਦਿੱਤਾ। ਭਗਤ ਜੀ ਤੇ ਬਾਕੀ ਸਿੰਘਾਂ ਨੇ ਆਪਣੇ ਵੱਲੋਂ ਪੈਸੇ ਵੀ ਦਿੱਤੇ ਤੇ ਮਿਠਆਈ ਬਣਵਾ ਕੇ ਆਪ ਜੀ ਨੇ ਅਰਦਾਸ ਕੀਤੀ ਤੇ ਆਖਿਆ ਕਿ ਪੜ੍ਹਦਾ ਚੁੱਕ ਨਾ ਵੇਖੀ ਬੇਪਰਵਾਹੀ ਨਾਲ ਮਿਠਆਈ ਵਰਤਾਉ ਇਸ ਤਰ੍ਹਾਂ ਉਸਦੇ ਘਰ ਕਿਸੇ ਗੱਲ ਦਾ ਕੋਈ ਘਾਟਾ ਨਾ ਰਿਹਾ ਅਤੇ ਉਸਨੇ ਆਪ ਜੀ ਦਾ ਲੱਖ-ਲੱਖ ਸ਼ੁਕਰ ਕੀਤਾ। ਭਾਈ ਸੁਦਾਗਰ ਸਿੰਘ ਜੀ ਨੇ ਵੀ ਜਦੋਂ ਵਿਆਹ ਕੀਤੇ ਤਾਂ ਆਪ ਜੀ ਤੋ ਹੀ ਮਿਠਆਈ ਆਦਿਕ ਤੇ ਅਰਦਾਸ ਕਰ ਕੇ ਥੋੜੀ ਜਿਹੀ ਮਿਠਿਆਈ ਵੀ ਬੇਪਰਵਾਹੀ ਨਾਲ ਵਰਤਾਉਂਦੇ ਰਹੇ।

ਇਕ ਵਾਰੀ ਆਪ ਜੀ ਦਾ ਤੀਸਰਾ ਭੁਜੰਗੀ ਜੋ ਕਿ ਬਿਮਾਰ ਹੋ ਗਿਆ ਸੀ ਉਸਨੂੰ ਜਦੋਂ ਆਪ ਜੀ ਮਾਤਾ ਭਗਤਨੀ ਦੇ ਨਾਲ ਲੈ ਕੇ ਮੋਗੇ ਅੱਪੜੇ ਤਾਂ ਹਕੀਮ ਕੋਲ ਪਹੁੰਚਦੇ ਸਮੇਂ ਉਸਨੇ ਸੁਆਸ ਛੱਡ ਦਿੱਤੇ ਤਾਂ ਜਦੋਂ ਹਕੀਮ ਨੇ ਨਬਜ ਵੇਖੀ ਤਾਂ ਨਬਜ਼ ਬੰਦ ਸੀ ਤਾਂ ਭਗਤ ਜੀ ਵੈਰਾਗ ਵਿੱਚ ਨਾ ਆਏ ਤਾਂ ਮਾਤਾ ਭਗਤਨੀ (ਕੇਸਰ ਕੌਰ) ਜੀ ਨੇ ਬੇਨਤੀ ਕੀਤੀ ਕਿ ਮੇਰੇ ਤੇ ਵੀ ਕਿਰਪਾ ਕਰੋ ਤਾਂ ਜੋ ਵੈਰਾਗ ਨਾ ਆਵੇ। ਮਾਤਾ ਭਗਤਨੀ ਨੇ ਵੀ ਭਗਤਾਂ ਦੀ ਕਿਰਪਾ ਸਦਕਾ ਵੈਰਾਗ ਨਾ ਕੀਤਾ। ਫਿਰ ਆਪ ਜੀ ਉਥੋ ਉਠ ਕੇ ਇਕ ਕੱਪੜੇ ਵਾਲੀ ਦੁਕਾਨ ਤੇ ਆਪਣੇ ਬੱਚੇ ਵਾਸਤੇ ਕੱਪੜੇ ਖਰੀਦਣ ਗਏ ਤਾਂ ਹਕੀਮ ਅਤੇ ਦੁਕਾਨਦਾਰ ਵੇਖ ਕੇ ਹੈਰਾਨ ਰਹਿ ਗਏ ਕਿ ਇਹਨਾਂ ਦੇ ਬੱਚੇ ਨੇ ਸਰੀਰ ਛੱਡ ਦਿੱਤਾ ਪਰ ਇਹਨਾਂ ਬਿਲਕੁਲ ਵੀ ਵੈਰਾਗ ਧਾਰਨ ਨਹੀਂ ਕੀਤਾ। ਜਦੋਂ ਪਿੰਡ ਆਏ ਤਾਂ ਨਗਰ ਦੇ ਲੋਕ ਅਤੇ ਰਿਸ਼ਤੇਦਾਰ ਵੇਖ ਕੇ ਹੈਰਾਨ ਰਹਿ ਗਏ ਅਤੇ ਆਪਣੇ ਭੁਜੰਗੀ ਦਾ ਆਪ ਮਿਰਤਕ ਸੰਸਕਾਰ ਕੀਤਾ।

– **ਜੋ ਨਰੁ ਦੁਖ ਮੈ ਦੁਖ ਨਹੀਂ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ।।**

ਇਕ ਵਾਰੀ ਮਾਤਾ ਭਗਤਨੀ ਨੇ ਆਪ ਜੀ ਨੂੰ ਆਖਿਆ ਕਿ ਮੋਹ ਦਾ ਕੀ ਸਰੂਪ ਹੁੰਦਾ ਹੈ ਤਾਂ ਆਪ ਜੀ ਨੇ ਆਖਿਆ ਕਿ ਚੰਗਾ ਵੇਖ ਲੈ ਮਾਤਾ ਭਗਤਨੀ ਭੁਜੰਗੀ ਅਮਰ ਸਿੰਘ ਨੂੰ ਨਵਾਉਣ ਲੱਗੀ ਅਤੇ ਉਸਨੂੰ ਫੜ੍ਹ ਕੇ ਉਸਦੇ ਸਿਰ ਵਿੱਚ ਦਹੀ ਪਾਇਆ। ਉਸ ਵਕਤ ਉਸਦੀ ਉਮਰ ਕੋਈ ਬਾਰ੍ਹਾਂ-ਤੇਰਾਂ ਸਾਲ ਦੀ ਸੀ ਅਤੇ ਦਹੀ ਪੁਆਉਂਦੇ ਸਾਰ ਹੀ ਉਹ ਉਠ ਕੇ ਭੱਜ ਪਿਆ ਅਤੇ ਮਾਤਾ ਭਗਤਨੀ ਵੀ ਉਸਦੇ ਪਿੱਛੇ ਹੀ ਤਕਰੀਬਨ ਇਕ ਮੀਲ ਭੱਜੀ ਗਈ ਤੇ ਅਖੀਰ ਥੱਕ ਕੇ ਘਰ ਨੂੰ ਵਾਪਸ ਆ ਗਈ ਤੇ ਸਾਰੀ ਗੱਲ ਭਗਤ ਜੀ

ਨੂੰ ਸੁਣਾਈ ਤਾਂ ਭਗਤ ਜੀ ਨੇ ਆਖਿਆ ਕਿ ਇਹੋ ਤਾਂ ਮੋਹ ਦਾ ਸਰੂਪ ਹੈ ਜੋ ਤੂੰ ਹੁਣ ਵੇਖਿਆ ਹੈ। ਚੰਗਾ ਹੁਣ ਉਹ ਆਪ ਹੀ ਘਰ ਆ ਜਾਵੇਗਾ ਤੇ ਥੋੜ੍ਹੇ ਸਮੇਂ ਬਾਅਦ ਅਮਰ ਸਿੰਘ ਘਰ ਨੂੰ ਆ ਗਿਆ ਅਤੇ ਫਿਰ ਕੇਸੀ ਇਸ਼ਨਾਨ ਕੀਤਾ।

ਗੁਰਬਾਣੀ ਫੁਰਮਾਨ

– **ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥**
**ਗਣ ਗੰਧਰਬ ਦੇਵ ਮਾਨੁਖੰ ਪਸੁ ਪੰਖੀ ਬਿਮੋਹਨਹ॥**

ਇਕ ਵਾਰੀ ਮਾਤਾ ਭਗਤਨੀ ਨੇ ਆਪ ਜੀ ਨੂੰ ਆਖਿਆ ਕਿ ਮੈਂ ਕਿਸੇ ਦੇ ਘਰ ਕੋਈ ਖਾਸ ਕੰਮ ਜਾਣਾ ਹੈ ਤੇ ਬੱਚੇ ਦੀ ਨਿਗਾਹ ਰੱਖਣੀ ਆਪ ਜੀ ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਪ੍ਰਕਾਸ਼ ਕਰਕੇ ਤਾਬਿਆ ਵਿੱਚ ਬੈਠ ਕੇ ਪਾਠ ਕਰਦੇ ਸਨ ਤਾਂ ਪਿੱਛੋਂ ਭੁਜੰਗੀ ਰੋ ਪਿਆ ਅਤੇ ਆਪ ਜੀ ਨੂੰ ਗੁਰੂ ਸਾਹਿਬ ਵੱਲੋਂ ਹੁਕਮ ਹੋਇਆ ਕਿ ਅੱਜ ਦੇਖ ਲੈਂਦੇ ਹਾਂ ਕਿ ਤੂੰ ਸਾਡੇ ਨਾਲ ਪਿਆਰ ਕਰਦਾ ਹੈ ਕਿ ਆਪਣੇ ਪੁੱਤਰ ਨਾਲ ਤਾਂ ਆਪ ਜੀ ਤਾਬਿਆ ਹੀ ਬੈਠੇ ਰਹੇ ਤੇ ਭੁਜੰਗੀ ਕਾਫੀ ਚਿਰ ਰੋਂਦਾ ਰਿਹਾ ਪਰ ਆਪ ਜੀ ਨਾ ਉਠੇ ਤਾਂ ਗੁਆਂਡਣ ਨੇ ਵੀ ਸੁਣਿਆ ਬੱਚੇ ਨੂੰ ਰੋਂਦੇ ਹੋਏ ਤਾਂ ਬੜੀ ਹੈਰਾਨ ਵੀ ਹੋਈ ਕਿ ਇੰਨਾ ਬੱਚਾ ਕਿਉਂ ਰੋ ਰਿਹਾ ਹੈ ਤੇ ਕੋਈ ਚੁੱਪ ਕਿਉਂ ਨਹੀਂ ਕਰਵਾਉਂਦਾ ਤੇ ਮਾਤਾ ਭਗਤਨੀ ਨੂੰ ਦੁਪਿਹਰ ਦੇ ਟਾਈਮ ਆ ਕੇ ਉਲਾਮਾ ਦਿੱਤਾ ਕਿ ਤੁਹਾਡਾ ਭੁਜੰਗੀ ਏਨਾ ਰੋਂਦਾ ਰਿਹਾ ਹੈ ਤੂੰ ਚੁੱਕਿਆ ਹੀ ਨਹੀਂ ਤਾਂ ਪਿੱਛੋਂ ਆਪ ਜੀ ਨੇ ਮਾਤਾ ਭਗਤਨੀ ਜੀ ਨੂੰ ਦੱਸਿਆ ਕਿ ਗੁਰੂ ਸਾਹਿਬ ਨੇ ਸਾਨੂੰ ਪਰਖ ਵਿੱਚ ਪਾ ਕੇ ਆਪ ਹੀ ਪਾਸ ਕੀਤਾ ਹੈ ਨਾਲੇ ਤੈਨੂੰ ਪਤਾ ਹੈ ਕਿ ਮੈਂ ਤਾਂ ਕਦੇ ਵੀ ਬੱਚੇ ਨੂੰ ਚੁਕਿਆ ਨਹੀਂ ਹੈ।

ਇਕ ਵਾਰੀ ਆਪ ਜੀ ਦੇ ਘਰ ਵਿੱਚ ਇਕ ਭਜਨ ਕਰਨ ਵਾਲਾ ਸਿੰਘ ਆਇਆ ਤਾਂ ਉਸਨੇ ਆਪ ਜੀ ਨੂੰ ਤੋਂ ਬੜੇ ਬਚਨ ਬਿਲਾਸ ਸੁਣੇ ਸੁਣਾਏ ਪਰ ਮਾਤਾ ਭਗਤਨੀ ਨੂੰ ਉਹ ਸਿੰਘ ਚੰਗਾ ਨਾ ਲੱਗਾ ਤੇ ਮਨ ਵਿੱਚ ਉਸ ਨਾਲ ਕੁਝ ਘਿਰਣਾ ਜਿਹੀ ਆਉਂਦੀ ਦਿੱਸੀ ਜੋ ਅੱਗੇ ਹਰ ਇਕ ਸਿੰਘ ਦੀ ਤਨੋ ਮਨੋ ਸੇਵਾ ਕਰਿਆ ਕਰਦੇ ਸਨ ਤੇ ਜਦੋਂ ਆਪ ਜੀ ਨੂੰ ਪੁੱਛਿਆ ਤਾਂ ਆਪ ਜੀ ਨੇ ਕਿਹਾ ਕਿ ਸਮਾਧੀ ਲਾ ਕੇ ਵੇਖ ਲੈ ਕਿ ਕੀ ਕਾਰਨ ਹੈ ਤਾਂ ਜਦੋਂ ਮਾਤਾ ਭਗਤਨੀ ਜੀ ਨੇ ਸਮਾਧੀ ਲਾਈ ਤਾਂ ਪਤਾ ਲੱਗਾ ਕਿ ਇਸ ਜਨਮ ਤੋਂ ਤਿੰਨ ਜਨਮ ਪਹਿਲਾਂ ਮਾਤਾ ਭਗਤਨੀ ਹਰਿਦੁਆਰ ਰਹਿੰਦੀ ਸੀ ਤੇ ਉਥੇ ਚਰਖਾ ਕੱਤਦੀ ਸੀ। ਉਥੇ ਉਹ ਸਿੰਘ ਜੋ ਬਾਂਦਰ ਦੇ ਜਨਮ ਵਿੱਚ ਸੀ ਉਸਨੇ ਮਾਤਾ ਦੇ ਮੋਢੇ ਤੇ ਚੱਕ ਵੱਡਿਆ ਸੀ। ਸੋ ਇਹੀ ਕਾਰਨ ਸੀ ਮਾਤਾ ਭਗਤਨੀ ਨੂੰ ਉਸ ਕੋਲੋ ਘਿਰਣਾ ਆਉਂਦੀ ਸੀ। ਇੱਥੇ ਹੀ ਇਹ ਪਤਾ ਲੱਗਾ ਕਿ ਭਗਤ ਜੀ ਤੇ ਮਾਤਾ ਜੀ ਪੰਜ ਜਨਮਾਂ ਤੋਂ ਇਕੱਠੇ ਸਨ।

ਆਪ ਜੀ ਇਕ ਵਾਰੀ ਅਕਾਲੀ ਲਹਿਰ ਦੇ ਸਮੇਂ ਕਾਫੀ ਸਿੰਘਾਂ ਦਾ ਜੱਥਾ ਲੈ ਕੇ ਲਾਹੌਰ ਸ਼ਹੀਦ ਗੰਜ ਤੇ ਗਏ ਉਥੇ ਆਪ ਪੰਜ ਗਰੰਥੀ ਦਾ ਨਿਤਨੇਮ ਦੋ ਵਾਰ ਸੁਣਾਉਂਦੇ ਰਹੇ ਤੇ ਆਪ ਜੀ ਦਾ ਨਿਤਨੇਮ ਦੂਜੇ ਸਿੰਘ ਬੜੇ ਧਿਆਨ ਨਾਲ ਸੁਣਦੇ ਰਹਿੰਦੇ। **ਆਪ ਜੀ**

**ਦੱਸਦੇ ਸਨ ਕਿ ਪਰੇ ਬਾਣੀ ਨਾਲ ਦਿਨ ਵਿਚ ਨਿਤਨੇਮ ਤੋਂ ਬਿਨਾਂ 300 ਪਾਠ ਜਪੁਜੀ ਸਾਹਿਬ ਦੇ ਹੋ ਜਾਂਦੇ ਹਨ।**

ਇਕ ਵਾਰੀ ਸੰਤਾਂ ਉਤੇ ਕਾਫੀ ਕਰਜਾ ਹੋ ਗਿਆ ਸੀ ਤੇ ਕਰਮ ਸਿੰਘ ਗੜਵਈ ਨੂੰ ਆਪਣੇ ਜਾਣੂ ਸਾਰੇ ਸਰਦਾਰਾਂ ਕੋਲ ਘੱਲ ਚੁੱਕੇ ਸਨ। ਸਾਰਿਆਂ ਨੇ ਕਈ-ਕਈ ਬਹਾਨੇ ਸੁਣਾਏ। ਕਈਆਂ ਨੇ ਕਿਹਾ ਕਿ ਸਾਡੇ ਲੜਕੇ ਹੁਣ ਅੱਡ ਹੋ ਗਏ ਹਨ ਤੇ ਅੱਡੋ ਅੱਡ ਖ਼ਰਚ ਹੋ ਗਏ ਹਨ। ਕਿਸੇ ਨੇ ਕਿਹਾ ਕਿ ਹੁਣ ਲੜਕਿਆਂ ਦੇ ਵਿਆਹ ਕੀਤੇ ਹਨ ਫਿਰ ਸੰਤ ਜੀ ਨੇ ਆਪ ਜੀ ਨੂੰ ਆਖਿਆ ਕਿ ਭਗਤ ਜੀ ਹੁਣ ਕਰਜਾ ਬਹੁਤ ਹੋ ਗਿਆ ਹੈ ਤੇ ਸਾਨੂੰ ਤਾਂ ਵਿਆਜ ਦੇਣਾ ਵੀ ਔਖਾ ਹੋ ਗਿਆ ਹੈ ਅਤੇ ਸਾਰੇ ਸਰਦਾਰਾਂ ਵੱਲ ਵੀ ਬੰਦੇ ਭੇਜੇ ਹਨ ਪਰ ਸਾਰਿਆਂ ਨੇ ਜੁਆਬ ਦੇ ਦਿੱਤਾ ਹੁਣ ਤਸੀਂ ਕਿਰਪਾ ਕਰੋ ਮਾਇਆ ਇਕੱਠੀ ਕਰਕੇ ਕਿਤੋਂ ਲੈ ਕੇ ਆਵੋ। ਤਾਂ ਆਪ ਜੀ ਇਹ ਬਚਨ ਸੁਣ ਕੇ ਬੜੀ ਬੇਪਰਵਾਹੀ ਨਾਲ ਆਖਿਆ ਕਿ ਤੁਹਾਡਾ ਹੁਕਮ ਚਾਹੀਦਾ ਹੈ ਇਸੇ ਤਰ੍ਹਾਂ ਹੀ ਹੋ ਜਾਵੇਗਾ ਤੇ ਸੰਤਾਂ ਨੇ ਆਖਿਆ ਕਿ ਇਹਨਾਂ ਨੇ ਤਾਂ ਬੜੀ ਬੇਪਰਵਾਹੀ ਨਾਲ ਆਖ ਦਿੱਤਾ ਤਾਂ ਸੰਤਾਂ ਨੇ ਹੋਰ ਕਸਵੱਟੀ ਲਾਉਣ ਲਈ ਆਖਿਆ ਕਿ ਸਾਡੇ ਕਿਸੇ ਮੇਲੂ ਸਤਸੰਗੀ ਕੋਲ ਨਾ ਜਾਇਉ ਅਤੇ ਆਪਣੇ ਇਲਾਕੇ ਵਿੱਚੋਂ ਹੀ ਉਗਰਾਹੀ ਕਰਕੇ ਲਿਆਉ। ਆਪ ਜੀ ਨੇ ਕਿਹਾ ਕਿ "ਚੰਗਾ ਜੀ" ਸੋ ਆਪ ਜੀ ਨੇ ਕਮਰਕੱਸਾ ਕਰਕੇ ਥੋੜ੍ਹੇ ਜਿਹੇ ਚਿਰ ਵਿਚ ਹੀ 8000 ਰੁਪਏ ਲਿਆ ਕੇ ਸੰਤਾਂ ਨੂੰ ਭੇਟਾ ਕੀਤਾ। ਦੂਜੇ ਸਾਲ ਆਪ ਜੀ ਨੂੰ ਫਿਰ ਆਖਿਆ ਕਿ ਭਗਤ ਜੀ ਹੁਣ ਇਕ ਹੋਰ ਹੱਲਾ ਮਾਰੋ ਤਾਂ ਆਪ ਜੀ ਨੇ ਇਕ ਹੋਰ ਹੱਲਾ ਮਾਰਿਆ ਤੇ 13000 ਰੁਪਏ ਫੇਰ ਇਕੱਠੇ ਕਰਕੇ ਆਲਮਗੀਰ ਗੁਰਦੁਆਰੇ ਪਹੁੰਚਾ ਦਿੱਤੇ।

ਇਕ ਵਾਰੀ ਆਪ ਜੀ ਦੇ ਕੋਲ ਸਿੰਘ ਆਏ ਤਾਂ ਦੁੱਧ ਇਕੱਠਾ ਕਰਨਾ ਸੀ ਤਾਂ ਆਪ ਜੀ ਨੇ ਕੋਲ ਖੜ੍ਹੇ ਇਕ ਸਿੰਘ ਨੂੰ ਆਖਿਆ ਕਿ ਜਾ ਤੂੰ ਵੀ ਦੁੱਧ ਲੈ ਆ ਤਾਂ ਉਸਨੇ ਬੇਨਤੀ ਕੀਤੀ ਕਿ ਦਾਸ ਦੇ ਘਰ ਤਾਂ ਇਕ ਖਾਗੜ ਮੱਝ ਹੈ ਜੋ ਦੁੱਧ ਨਹੀਂ ਦਿੰਦੀ। ਤਾਂ ਆਪ ਜੀ ਨੇ ਕਿਹਾ ਕਿ ਵਾਹਿਗੁਰੂ ਵਾਹਿਗੁਰੂ ਕਹਿ ਕੇ ਬਾਲਟੀ ਲੈ ਕੇ ਹੇਠਾਂ ਬੈਠ ਜਾ ਜਦੋਂ ਇਸ ਤਰ੍ਹਾਂ ਕੀਤਾ ਤਾਂ ਮੱਝ ਪਸਮ ਪਈ ਅਤੇ ਉਸਨੇ ਦੁੱਧ ਚੋਅ ਲਿਆ।

**– ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨਾ ਛੂਟੈ ਮੋਹਿ॥**

ਜਥੇਦਾਰ ਜੰਗੀਰ ਸਿੰਘ ਤੇ ਇਕ ਕਤਲ ਦਾ ਇਲਜਾਮ ਆਉਂਦਾ ਸੀ ਅਤੇ ਉਹ ਮਰ ਕੇ ਵੀ ਉਸ ਨੂੰ ਦਿਖਾਈ ਦਿੰਦਾ ਸੀ ਤੇ ਤੰਗ ਵੀ ਕਰਦਾ ਸੀ । ਸੋ ਆਪ ਜੀ ਨੇ ਜੰਗੀਰ ਸਿੰਘ ਤੋਂ ਸਵਾ ਲੱਖ ਮੂਲਮੰਤਰ ਦਾ ਪਾਠ ਚਾਲੀ ਦਿਨਾਂ ਵਿੱਚ ਕਰਾਇਆ। ਕਤਲ ਤੋਂ ਤੀਜੇ ਚੌਥੇ-ਪੰਜਵੇਂ ਦਿਨ ਇਸਨੂੰ ਪੁਲਿਸ ਨੇ ਵੀ ਫੜ ਲਿਆ ਸੀ ਤੇ ਇਕ ਰਾਤ ਨੂੰ ਕੁੱਟ ਵੀ ਬਹੁਤ ਪੈਣੀ ਸੀ ਪਰ ਗੁਰੂ ਸਾਹਿਬ ਦੀ ਕਿਰਪਾ ਨਾਲ ਕੁੱਟ ਤੋ ਵੀ ਬਚ ਗਿਆ ਤੇ ਕਤਲ ਤੋਂ ਵੀ ਬਰੀ ਕਰਵਾਇਆ।

ਉਸਨੇ ਦੱਸਿਆ ਕਿ ਆਪ ਜੀ ਜਦੋਂ ਖੇਤ ਵਿੱਚ ਗੰਡੇ ਲਗਾਉਂਦੇ ਸਨ ਤਾਂ ਆਪ

ਜੀ ਇਕ ਗੰਡੇ ਦੀ ਪਨੀਰੀ ਲਾਉਣ ਵੇਲੇ ਮੂਲ ਮੰਤਰ ਦਾ ਜਾਪ ਕਰ ਦਿੰਦੇ ਸਨ ਪਰ ਸਿੰਘ ਘੱਟੋ ਘੱਟ ਤਿੰਨ ਗੰਡੇ ਲਾ ਕੇ ਮੂਲ ਮੰਤਰ ਪੂਰਾ ਕਰਦੇ ਸਨ।

ਜਦੋਂ ਸਾਹਿਬਜ਼ਾਦਾ ਫਤਹਿ ਸਿੰਘ ਜੀ ਨੇ ਆਪ ਜੀ ਨੂੰ ਗੁਰੂ ਸਾਹਿਬ ਤੋਂ ਉਮਰ ਦਿਵਾਈ ਤਾਂ ਆਪ ਜੀ ਘਰ ਤੋਂ ਵਿਹਲੇ ਹੋ ਕੇ ਨਾਡਾ ਸਾਹਿਬ ਪਹੁੰਚੇ ਅਤੇ ਤਕਰੀਬਨ ਛੇ ਮਹੀਨੇ ਰਹੇ ਤਾਂ ਆਪ ਜੀ ਤੋਂ ਸਿੰਘਾਂ ਨੇ ਨਾਮ ਅਤੇ ਪ੍ਰਕਾਸ਼ ਬਾਰੇ ਬਚਨ ਪੁੱਛੇ ਤਾਂ ਆਪ ਜੀ ਨੇ ਬੜੇ ਪ੍ਰੇਮ ਨਾਲ ਬਚਨ ਸੁਣਾਏ ਇਹ ਆਪ ਜੀ ਦੇ ਬਚਨ ਢੁੱਢੀਕੇ ਪਿੰਡ ਤੋਂ ਇਕ ਛੋਟਾ ਜਿਹਾ ਭੁਜੰਗੀ ਜੋ ਸਿਰ ਤੋਂ ਰੋਡਾ ਸੀ ਅਤੇ ਉਮਰ ਤਕਰੀਬਨ ਪੰਦਰਾਂ ਕੁ ਸਾਲ ਸੀ। ਬੜੇ ਪ੍ਰੇਮ ਨਾਲ ਸੁਣਦਾ ਸੀ। ਉਸ ਵਕਤ ਪੁੱਛਣ ਲੱਗਾ ਕਿ ਮੈਨੂੰ ਵੀ ਦਰਸ਼ਨ ਹੋ ਸਕਦੇ ਹਨ ਤਾਂ ਆਪ ਜੀ ਨੇ ਬੜੇ ਗਹੁ ਨਾਲ ਉਸ ਨੂੰ ਤੱਕਿਆ ਤੇ ਕਹਿਣ ਲੱਗੇ ਹਾਂ ਹੋ ਸਕਦੇ ਹਨ ਤਾਂ ਆਪ ਜੀ ਨੂੰ ਕਹਿਣ ਲੱਗਾ ਕਿ ਕਿੰਨੇ ਚਿਰ ਵਿੱਚ ਤਾਂ ਆਪ ਜੀ ਨੇ ਕਿਹਾ ਕਿ ਬਹੁਤ ਛੇਤੀ ਜਿਸ ਤਰ੍ਹਾਂ ਧ੍ਰੂ ਭਗਤ ਨੂੰ ਤਾਂ ਪੰਜ ਮਹੀਨੇ ਵਿਚ ਹੀ ਹੋ ਗਏ ਸਨ ਤਾਂ ਕਹਿਣ ਲੱਗਾ ਕਿ ਮੈਨੂੰ ਕਿੰਨੇ ਚਿਰ ਵਿੱਚ ਤਾਂ ਆਪ ਜੀ ਨੇ ਕਿਹਾ ਕਿ ਸਵਾ ਮਹੀਨੇ ਵਿੱਚ ਤਾਂ ਭੁਜੰਗੀ ਕਹਿਣ ਲੱਗਾ ਕਿ ਮੈਨੂੰ ਨਾਲ ਹੀ ਰੱਖ ਲਉ ਤਾਂ ਆਪ ਜੀ ਨੇ ਕਿਹਾ ਕਿ ਅਸੀਂ ਇੱਥੋਂ ਤੇਰੇ ਪਿੰਡ ਢੁੱਢੀਕੇ ਜਾਣਾ ਹੈ ਤੇ ਉਥੇ ਫਿਰ ਦੋਹਦਰ ਜਾਣਾ ਹੈ ਤੇ ਫਿਰ ਜੇਕਰ ਤੂੰ ਅੱਠ ਦਿਨ ਪੰਜਾਹ ਪਾਠ ਜਪੁਜੀ ਸਾਹਿਬ ਦੇ ਕਰੇ ਤਾਂ ਸਾਡੇ ਕੋਲ ਆ ਜਾਵੀਂ ਤਾਂ ਉਸਨੇ ਅਗਲੇ ਦਿਨ ਤੋਂ ਹੀ ਪੰਜਾਹ ਪਾਠ ਜਪੁਜੀ ਸਾਹਿਬ ਦੇ ਆਰੰਭ ਕਰ ਦਿੱਤੇ ਤੇ ਫਿਰ ਦੋਹਦਰ ਆ ਕੇ ਆਪ ਜੀ ਨੂੰ ਫਤਹਿ ਬੁਲਾਈ ਤੇ ਆਪ ਜੀ ਨੇ ਪਾਠਾਂ ਬਾਰੇ ਵੀ ਪੂਰੀ ਪੜਤਾਲ ਕਰ ਲਈ ਤੇ ਆਪ ਜੀ ਨੇ ਇਸ ਤੋਤਾ ਰਾਮ ਨੂੰ ਆਪਣੇ ਕੋਲ ਰੱਖ ਲਿਆ। ਸੋ ਇਸ ਤਰ੍ਹਾਂ ਉਸਨੇ ਨਾਲ ਰਹਿ ਕੇ ਸਵੇਰੇ ਆਪ ਜੀ ਨਾਲ ਹੀ ਉਠ ਕੇ ਆਪ ਜੀ ਦਾ ਇਸ਼ਨਾਨ ਕਰਾਉਣਾ ਤੇ ਫਿਰ ਪਾਠਾਂ ਦਾ ਨਿਤਨੇਮ ਸ਼ੁਰੂ ਕਰ ਲੈਣਾ ਅਤੇ ਫਿਰ ਆਪ ਜੀ ਦੀ ਹਰ ਤਰ੍ਹਾਂ ਨਾਲ ਸੇਵਾ ਕਰਨੀ ਅਤੇ ਰਾਤ ਨੂੰ ਆਪ ਜੀ ਤੋਂ ਇਕ ਵਾਰੀ ਮੁਆਫੀ ਮੰਗ ਲੈਣੀ ਇਸ ਤਰ੍ਹਾਂ ਉਹ ਭਿੰਡਰੀ ਜੋੜ ਮੇਲੇ ਤੇ ਗੰਗਾਨਗਰ ਤੱਕ ਨਾਲ ਹੀ ਰਿਹਾ ਅਤੇ ਰੋਜ ਦੇ ਦਿਨਾਂ ਦੀ ਗਿਣਤੀ ਲਈ ਰੱਸੀ ਨੂੰ ਗੰਢਾ ਦਿੰਦਾ ਸੀ। ਇਸ ਤਰ੍ਹਾਂ ਉਸਨੇ ਚਾਲੀ ਦਿਨ ਪੂਰੇ ਕਰ ਦਿੱਤੇ ਅਤੇ ਆਪ ਜੀ ਨੂੰ ਕਹਿਣ ਲੱਗਾ ਕਿ ਮਹਾਰਾਜ ਤੁਹਾਡਾ ਕਿਹਾ ਹੋਇਆ ਚਾਲੀਆਂ ਪੂਰਾ ਹੋ ਗਿਆ ਹੈ ਤੇ ਹੁਣ ਆਪਣਾ ਇਕਰਾਰ ਪੂਰਾ ਕਰੋ ਤੇ ਆਪ ਜੀ ਦੀ ਬਿਰਤੀ ਬਹੁਤੀ ਗਾੜੀ ਹੋਣ ਕਰਕੇ ਬਚਨ ਭੁੱਲ ਜਾਂਦੇ ਸਨ ਤਾਂ ਆਪ ਜੀ ਨੇ ਪੁੱਛਿਆ ਕਿ ਕਿਹੜਾ ਇਕਰਾਰ ਸੀ ਤਾਂ ਕਹਿਣ ਲੱਗਾ ਕਿ ਤੁਸੀਂ ਬਚਨ ਕੀਤੇ ਸਨ ਕਿ ਚਾਲੀ ਦਿਨਾਂ ਵਿੱਚ ਦਰਸ਼ਨ ਹੋ ਜਾਣਗੇ। ਸੋ ਉਹ ਦਿਨ ਆ ਗਿਆ ਹੈ ਆਪ ਜੀ ਨੇ ਕਿਹਾ ਹੱਛਾਂ ਉਸ ਦਿਨ ਹੀ ਗੁਰੂ ਸਾਹਿਬ ਦੀ ਕਿਰਪਾ ਹੋਈ ਅਤੇ ਦਿਨੇ ਹੀ ਸਰੀਰ ਦੇ ਅੰਦਰ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਹੋ ਗਏ। ਇਹਨਾਂ ਹੀ ਦਿਨਾਂ ਵਿੱਚ ਉਸਨੇ ਇਕ ਦਿਨ ਸੱਠ ਪਾਠ ਜਪੁਜੀ ਸਾਹਿਬ ਦੇ ਫਿਰ ਇਕ ਦਿਨ ਅੱਸੀ ਅਤੇ ਇਕ ਦਿਨ ਡੇਢ ਸੌ ਪਾਠ ਕੀਤਾ ਤਾਂ ਭਗਤਾਂ ਨੂੰ ਪਤਾ ਲੱਗਿਆ ਤਾਂ ਆਪ ਜੀ ਨੇ ਸਮਝਾਇਆ ਕਿ ਇਸ

ਤਰ੍ਹਾਂ ਜਿਆਦਾ ਕਰਨ ਦੇ ਨਾਲ ਦਿਮਾਗ ਤੇ ਵੀ ਅਸਰ ਹੋ ਜਾਂਦਾ ਹੈ। ਜੱਥੇ ਦੇ ਸਾਰੇ ਸਿੰਘ ਜਦੋ ਇਸਨੂੰ ਨਿਤਨੇਮ ਕਰਦੇ ਨੂੰ ਸੁਣਦੇ ਤਾਂ ਬਹੁਤ ਹੈਰਾਨ ਹੋ ਜਾਂਦੇ ਸਨ। ਇਸ ਤੋਂ ਬਾਅਦ ਆਪ ਜੀ ਕੋਲੋਂ ਇਸਨੇ ਬਹੁਤ ਬਚਨ ਪੁੱਛਣੇ ਕਦੇ-ਕਦੇ ਤਾਂ ਆਪ ਜੀ ਨੇ ਇਸਨੂੰ ਜੱਥੇ ਦੇ ਸਿੰਘ ਭਾਈ ਮਿਹਰ ਸਿੰਘ ਅਤੇ ਕਦੇ ਬਾਬਾ ਲਾਹੌਰਾ ਸਿੰਘ ਅਤੇ ਕਦੇ ਕਿਸੇ ਹੋਰ ਸਿੰਘ ਕੋਲ ਭੇਜ ਦਿੰਦੇ। ਉਹ ਇਸਦੇ ਪ੍ਰਸ਼ਨ ਸੁਣ ਕੇ ਬੜੇ ਹੈਰਾਨ ਹੁੰਦੇ ਅਤੇ ਉੱਤਰ ਨਾ ਦੇ ਸਕਦੇ। ਅਖੀਰ ਆਪ ਜੀ ਕੋਲ ਆ ਕੇ ਹੀ ਪੂਰੀ ਪੈਂਦੀ ਫਿਰ ਬਾਅਦ ਵਿੱਚ ਤੋਤਾ ਰਾਮ ਨੂੰ ਅੰਮ੍ਰਿਤ ਛਕਾਇਆ ਗਿਆ।

ਇਕ ਵਾਰੀ ਡਾਕਟਰ ਅਰਜਨ ਸਿੰਘ ਜੋ ਕਿ ਰੋਜ ਕੋਈ ਨਾ ਕੋਈ ਫਲ ਫਰੂਟ ਲਿਆ ਕੇ ਸੰਤ ਗਿ: ਗੁਰਬਚਨ ਸਿੰਘ ਜੀ ਨੂੰ ਭੇਟਾਂ ਕਰਿਆ ਕਰਦਾ ਸੀ। ਇਕ ਦਿਨ ਸੰਤਾਂ ਨੇ ਆਪ ਜੀ ਵੱਲ ਵੀ ਇਸ਼ਾਰਾ ਕੀਤਾ ਕਿ ਇਹ ਵੀ ਚੰਗੀ ਕਮਾਈ ਵਾਲੇ ਭਗਤ ਹਨ। ਇਸ ਡਾਕਟਰ ਅਰਜਨ ਸਿੰਘ ਨੇ ਆਪ ਨੂੰ ਵੇਖਣਾ ਪਰਖਣਾ ਚਾਹਿਆ ਕਿ ਭਗਤ ਜੀ ਕਦੋਂ ਸੌਂਦੇ ਹਨ ਤੇ ਕਦੋਂ ਉਠਦੇ ਹਨ। ਆਪ ਜੀ ਜਦੋਂ ਨਾਡਾ ਸਾਹਿਬ ਜੱਥੇ ਵਿੱਚ ਆਏ ਸਨ, ਉਦੋਂ ਤੋਂ ਹੀ ਭਾਈ ਨਾਹਰ ਸਿੰਘ ਜੋ ਤਰਨਤਾਰਨ ਸਾਹਿਬ ਵਿਖੇ ਹੈੱਡ ਗਰੰਥੀ ਲੱਗੇ ਹੋਏ ਸਨ, ਆਪ ਜੀ ਦੇ ਨਾਲ ਹੀ ਰਹਿੰਦੇ ਸਨ ਅਤੇ ਗੜਵਈ ਦੇ ਤੌਰ ਤੇ ਆਪ ਜੀ ਦੀ ਸੇਵਾ ਵੀ ਕਰਦੇ ਸਨ ਤੇ ਦੂਸਰਾ ਤੋਤਾ ਰਾਮ ਜੋ ਢੁੱਢੀਕੇ ਤੋਂ ਸੀ ਉਹ ਵੀ ਆਪ ਜੀ ਦੀ ਸੇਵਾ ਕਰਦਾ ਹੁੰਦਾ ਸੀ। ਆਪ ਜੀ ਨੇ ਡਾਕਟਰ ਦੀ ਰਮਜ ਨੂੰ ਜਾਣ ਲਿਆ ਅਤੇ ਉਸ ਦੀ ਹਉਮੈ ਤੋੜਨ ਲਈ ਆਪ ਜੀ ਨੇ ਉਸਤੋਂ ਪਹਿਲਾਂ ਉਠਣਾ ਚਾਹਿਆਂ ਅਤੇ ਆਪਣੇ ਦੋਨੋਂ ਗੜਵਈਆਂ ਨੂੰ ਵੀ ਕਹਿ ਦਿੱਤਾ ਕਿ ਹੁਣ ਅਸੀਂ ਅੱਗੇ ਨਾਲੋਂ ਇਕ ਘੰਟਾਂ ਪਹਿਲਾਂ ਉਠ ਕੇ ਇਕ ਵਜੇ ਇਸ਼ਨਾਨ ਆਦਿਕ ਦੀ ਤਿਆਰੀ ਕਰਨੀ ਹੈ। ਸੋ ਦੂਜੇ ਦਿਨ ਆਪ ਜੀ ਬਾਰ੍ਹਾਂ ਵਜੇ ਹੀ ਉਠ ਕੇ ਉਸਤੋਂ ਪਹਿਲਾਂ ਇਸ਼ਨਾਨ ਕਰਦੇ ਅਤੇ ਕਰਾਉਂਦੇ ਰਹੇ। ਡਾਕਟਰ ਨੂੰ ਉਠ ਕੇ ਵਿੱਚ ਨੀਂਦ ਆ ਜਾਂਦੀ ਸੀ ਫਿਰ ਉਸਨੇ ਆਪ ਜੀ ਦੇ ਦੋਨੋਂ ਗੜਵਈਆਂ ਵੱਲ ਵੀ ਵੇਖਿਆ ਤਾਂ ਉਹ ਵੀ ਪਾਠ ਕਰਦੇ ਹੀ ਨਜਰ ਆਉਂਦੇ ਸਨ। ਫਿਰ ਡਾਕਟਰ ਨੇ ਆਪਣੇ ਮੂੰਹ ਤੇ ਚਪੇੜਾਂ ਵੀ ਮਾਰੀਆਂ ਪਰ ਉਸਦੀ ਨੀਂਦ ਨਾ ਹਟੀ ਫਿਰ ਆਪ ਜੀ ਨੂੰ ਆ ਕੇ ਮੱਥਾ ਟੇਕ ਕੇ ਕਹਿਣ ਲੱਗਾ ਮਹਾਰਾਜ ਗਲਤੀ ਮੁਆਫ਼ ਕਰਨੀ ਮੈਂ ਆਪ ਜੀ ਦੀ ਪ੍ਰੀਖਿਆ ਕਰਨ ਲੱਗਾ ਸਾਂ। ਫਿਰ ਬਾਬੇ ਲੌਂਗੋਂਵਾਲ ਦੀ ਪ੍ਰੇਰਨਾ ਨਾਲ ਆਪ ਜੀ ਕੋਲੋਂ ਡਾਕਟਰ ਨਾਮ ਬਾਰੇ ਪੁੱਛਣ ਲੱਗਾ ਤਾਂ ਆਪ ਜੀ ਪਹਿਲੇ ਤਾਂ ਸੰਤਾਂ ਦੀ ਨਾਰਾਜਗੀ ਤੇ ਕੁਝ ਭੈ ਕਰਦੇ ਸਨ। ਫਿਰ ਆਪ ਜੀ ਨੂੰ ਦਸਵੇਂ ਪਤਾਸ਼ਾਹ ਵੱਲੋਂ ਹੁਕਮ ਆਇਆ ਕਿ ਇਸ ਨੂੰ ਉਪਦੇਸ਼ ਕਰੋ ਅਤੇ ਮਿਸਾਲ ਕਾਇਮ ਕਰੋ ਉਸਨੇ ਫਿਰ ਆਪਣੀ ਹਾਲਤ ਦੱਸਦਿਆਂ ਹੋਇਆ ਕਿ ਜੇ ਨਾਮ ਵੱਲ ਧਿਆਨ ਕਰਾ ਤਾਂ ਪ੍ਰਕਾਸ਼ ਘਟ ਜਾਂਦਾ ਹੈ। ਜੇਕਰ ਪ੍ਰਕਾਸ਼ ਵੱਲ ਧਿਆਨ ਕਰਾ ਤਾਂ ਨਾਮ ਵਿਸਰ ਜਾਂਦਾ ਹੈ। ਆਪ ਜੀ ਨੇ ਐਸੇ ਨਾਮ ਦੇ ਪ੍ਰਕਾਸ਼ ਬਾਰੇ ਬਚਨ ਦੱਸੇ ਕਿ ਪ੍ਰਕਾਸ਼ ਵੱਧਦਾ ਹੀ ਗਿਆ ਤੇ ਨਾਮ ਦੀ ਵੀ ਕਿਰਪਾ ਹੋ ਗਈ। ਆਪ ਜੀ ਨੇ ਦੱਸਣ ਤੋਂ ਪਹਿਲਾਂ

ਇਹ ਪ੍ਰਣ ਕਰਵਾਇਆ ਕਿ ਤੂੰ ਸੰਤਾਂ ਨੂੰ ਬਿਲਕੁਲ ਨਹੀਂ ਦੱਸਣਾ, ਜੇਕਰ ਪੁੱਛਣ ਤਾਂ ਕਹਿਣਾ ਕਿ ਇਹ ਆਪ ਜੀ ਦੀ ਹੀ ਕਿਰਪਾ ਹੈ। ਸੰਤ ਗਿਆਨੀ ਗੁਰਬਚਨ ਸਿੰਘ ਜੀ ਉਸ ਵੇਲੇ ਮਹਾਰਾਜ ਜੀ ਦੇ ਸਰੂਪ ਦੀ ਸੁਧਾਈ ਦੇ ਸੰਬੰਧ ਵਿੱਚ ਅੰਮ੍ਰਿਤਸਰ ਸਾਹਿਬ ਛੇ ਦਿਨਾਂ ਲਈ ਗਏ ਹੋਏ ਸਨ ਉਹਨਾਂ ਤੋਂ ਪਿੱਛੋਂ ਡਾਕਟਰ ਸਾਹਿਬ ਤੇ ਇਹ ਕਿਰਪਾ ਹੋਈ ਫਿਰ ਉਹ ਰੋਜਾਨਾ ਆਪ ਜੀ ਨਾਲ ਰਾਤ ਨੂੰ ਅੱਧਾ ਘੰਟਾ ਕਦੇ ਘੰਟਾ ਤੇ ਕਦੇ ਇਸ ਤੋਂ ਵੱਧ ਵਿਚਾਰ ਕਰਦਾ ਸੀ ਤੇ ਕਦੇ ਆਪ ਜੀ ਕੋਲ ਹੀ ਸੌਂ ਜਾਂਦਾ ਸੀ।

ਜਦੋਂ ਹੁਣ ਰਾਤ ਨੂੰ ਫਲ ਸੰਤਾਂ ਵਾਸਤੇ ਲਿਆਉਂਦਾ ਸੀ ਤਾਂ ਪਹਿਲਾਂ ਆਪ ਜੀ ਕੋਲ ਭੇਟਾਂ ਕਰਕੇ ਫਿਰ ਸੰਤਾਂ ਨੂੰ ਦਿੰਦਾ ਰਿਹਾ ਤੇ ਆਪ ਜੀ ਦਾ ਬੜਾ ਸਤਿਕਾਰ ਕਰਦਾ ਰਿਹਾ। ਜਦੋਂ ਸੰਤ ਮੁੜਕੇ ਅੰਮ੍ਰਿਤਸਰ ਸਾਹਿਬ ਤੋਂ ਆਏ ਤਾਂ ਉਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਡਾਕਟਰ ਸਾਹਿਬ ਨੂੰ ਤਿੰਨਾਂ ਦਿਨਾਂ ਵਿਚ ਹੀ ਕਿਰਪਾ ਹੋ ਗਈ ਹੈ ਆਉਂਦੇ ਹੀ ਡਾਕਟਰ ਤੋਂ ਪੁੱਛਿਆ ਕਿ ਕਿਥੋਂ ਕਿਰਪਾ ਹੋਈ ਹੈ ਤਾਂ ਉਸਨੇ ਉੱਤਰ ਦਿੱਤਾ ਕਿ ਆਪ ਜੀ ਦੀ ਕਿਰਪਾ ਹੈ।

ਭਾਈ ਨਾਹਰ ਸਿੰਘ ਜੀ ਨੂੰ ਆਪ ਜੀ ਦੀ ਸੇਵਾ ਕਰਦਿਆਂ ਨੂੰ ਤਿੰਨ ਚਾਰ ਮਹੀਨੇ ਹੋ ਗਏ ਸਨ ਤਾਂ ਉਸਨੇ ਤੋਤਾ ਰਾਮ ਵੱਲ ਦੇਖ ਕੇ ਆਪ ਜੀ ਨੂੰ ਆਖਿਆ ਕਿ ਦਾਸ ਤਾਂ ਖਾਲੀ ਰਹਿ ਗਿਆ ਹੈ। ਦਾਸ ਤੇ ਵੀ ਕਿਰਪਾ ਕਰੋ ਤੇ ਕੁਝ ਨਾ ਕੁਝ ਵਿਖਾਉ ਤਾਂ ਆਪ ਜੀ ਨੇ ਕਿਹਾ ਕਿ ਚੰਗਾ ਦੇਖ ਲੈ ਜਦੋਂ ਉਸਨੇ ਸਮਾਧੀ ਲਾਈ ਤਾਂ ਸਾਰੇ ਨਰਕ ਸੁਰਗ ਤੇ ਪੁਰੀਆਂ ਵੇਖੀਆਂ ਤੇ ਫਿਰ ਕਾਪੀ ਵਿੱਚ ਦਰਜ ਕੀਤੀਆਂ ਅਤੇ ਆਪ ਜੀ ਨੇ ਕਿਹਾ ਕਿ ਕਾਪੀ ਕਿਸੇ ਨੂੰ ਨਾ ਵਿਖਾਈ ਉਹ ਕਾਪੀ ਹੁਣ ਵੀ ਉਸ ਦੇ ਕੋਲ ਹੀ ਹੈ।

ਇਕ ਵਾਰ ਭਗਤ ਜੀ ਨੂੰ ਪਹਿਲੇ ਪਾਤਸ਼ਾਹ, ਚੌਥੇ ਪਾਤਸ਼ਾਹ ਅਤੇ ਦਸਵੇਂ ਸਤਿਗੁਰੂ ਜੀ ਨੇ ਪ੍ਰਗਟ ਹੋ ਕੇ ਦਰਸ਼ਨ ਦਿੱਤੇ ਤੇ ਆਖਿਆ ਕਿ ਤੁਸੀਂ ਤਾਂ ਹੁਣ ਸੇਵਾ ਕਰਕੇ ਹੱਦ ਮੁਕਾ ਦਿੱਤੀ ਹੈ। ਅਸੀਂ ਤੁਹਾਨੂੰ ਹੁਣ ਬਖਸ਼ਸ਼ ਕਰਦੇ ਹਾਂ ਤੇ ਸੰਤਾਂ ਨੂੰ ਵੀ ਸਨਮੁੱਖ ਕੀਤਾ ਅਤੇ ਉਹਨਾਂ ਦੀ ਸਾਰੀ ਸ਼ਕਤੀ ਵਿੱਚੋਂ ਅੱਧੀ ਸ਼ਕਤੀ ਦੇਣ ਲਈ ਆਖਿਆ ਤਾਂ ਸੰਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਕਰਤਾਰ ਸਿੰਘ ਵਾਸਤੇ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਨਹੀਂ ਹੁਣ ਇਨ੍ਹਾਂ ਨੂੰ ਦਿਉ ਇਸ ਤਰ੍ਹਾਂ ਭਗਤ ਜੀ ਤੇ ਬਖਸ਼ਸ਼ ਹੋਈ ਅਤੇ ਫਿਰ ਆਪ ਜੀ ਨੇ ਹੋਰ ਬੇਨਤੀਆਂ ਕੀਤੀਆਂ ਤਾਂ ਗੁਰੂ ਸਾਹਿਬ ਨੇ ਆਖਿਆ ਕਿ ਹੋਰ ਕੀ ਮੰਗ ਹੈ, ਤਾਂ ਆਪ ਜੀ ਨੇ ਕਿਹਾ ਕਿ ਆਪ ਜੀ ਘਟ-ਘਟ ਕੇ ਪਟ-ਪਟ ਕੀ ਜਾਨਤ ਹੋ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਅਸੀਂ ਸਮਝ ਗਏ ਹਾਂ। ਲਉ ਜਰਾ ਕੁ ਭਾਰਾ ਕਰ ਦਿੰਦੇ ਹਾਂ ਭਾਵ ਇਹ ਸੀ ਕਿ ਹੁਣ ਕਿਸੇ ਹੋਰ ਸਾਧੂ ਦਾ ਆਪ ਜੀ ਉਪਰ ਜੋਰ ਨਹੀਂ ਚੱਲੇਗਾ।

ਭਾਈ ਬਹਾਲ ਸਿੰਘ ਜੋ ਬਾਬਾ ਕੁਠਾਰੀ ਦੀ ਸੇਵਾ ਕਰਦਾ ਹੁੰਦਾ ਸੀ ਅਤੇ ਬਾਬਾ ਕੁਠਾਰੀ ਬਾਰ੍ਹਾਂ ਇਕ ਵਜੇ ਉੱਠ ਕੇ ਕਿਰਿਆ ਕਰਦਾ ਅਤੇ ਫਿਰ ਇਸ਼ਨਾਨ ਕਰਦਾ ਸੀ ਤੇ ਨਾਲ ਹੀ ਭਾਈ ਬਹਾਲ ਸਿੰਘ ਨੂੰ ਉਠਾ ਲੈਂਦਾ ਸੀ। ਇਕ ਵਾਰੀ ਤਾਂ ਭਾਈ ਬਹਾਲ ਸਿੰਘ

ਉਸਨੂੰ ਜੁਆਬ ਦੇ ਆਇਆ ਸੀ ਕਿ ਮੈਂ ਸੇਵਾ ਨਹੀਂ ਕਰਨੀ। ਬਾਬਾ ਕੁਠਾਰੀ ਨੇ ਫਿਰ ਸੰਤਾਂ ਕੋਲ ਸ਼ਿਕਾਇਤ ਕੀਤੀ ਕਿ ਉਹ ਸੇਵਾ ਤੋਂ ਜੁਆਬ ਦੇ ਗਿਆ ਹੈ। ਜਦੋਂ ਬਹਾਲ ਸਿੰਘ ਨੂੰ ਪਤਾ ਲੱਗਾ ਤਾਂ ਬਹਾਲ ਸਿੰਘ ਬਹੁਤ ਡਰਿਆ ਤੇ ਆਪ ਜੀ ਕੋਲ ਰਹਿਣ ਲੱਗਾ ਜੋ ਦੋ ਤਿੰਨ ਦਿਨ ਤੋਂ ਆਪ ਜੀ ਕੋਲ ਰਹਿ ਰਿਹਾ ਸੀ ਫਿਰ ਡਰ ਕੇ ਕੁਠਾਰੀ ਦੀ ਸੇਵਾ ਕਰਨ ਲਈ ਤਿਆਰ ਹੋ ਗਿਆ ਸੀ। ਆਪ ਜੀ ਨੇ ਕਿਹਾ ਕਿ ਅੱਜ ਦੀ ਰਾਤ ਠਹਿਰ ਜਾ ਸਭ ਕੰਮ ਆਪੇ ਹੀ ਠੀਕ ਹੋ ਜਾਣਗੇ। ਇਸ ਤਰ੍ਹਾਂ ਉਸਨੇ ਬਚਨ ਮੰਨਿਆ ਅਤੇ ਕੁਠਾਰੀ ਦੀ ਸੇਵਾ ਤੋਂ ਛੁਟਕਾਰਾ ਕਰਵਾ ਦਿੱਤਾ।

ਆਪ ਜੀ ਜਦੋਂ ਭੂਰਿਆਂ ਤੋਂ ਆਪਣੇ ਪਿੰਡ ਚਲੇ ਗਏ ਤਾਂ ਘਰ ਜਾ ਕੇ ਗੁਰੂ ਸਾਹਿਬ ਦੇ ਹੁਕਮ ਦੇ ਅਨੁਸਾਰ ਛੇ ਮਹੀਨੇ ਘਰ ਦੀ ਕੋਠੀ ਵਿੱਚ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਭਾਰੀ ਸਿਮਰਨ ਦਾ ਅਭਿਆਸ ਕੀਤਾ ਅਤੇ ਸਾਰਾ ਦਿਨ ਸਿਮਰਨ ਕਰਨ ਤੋਂ ਬਾਅਦ ਰਾਤ ਨੂੰ ਭੂਮ ਆਸਣ ਕਰਕੇ ਅੰਦਰ ਕੁਟੀਆ ਵਿੱਚ ਹੀ ਬਿਰਾਜਦੇ ਰਹੇ। ਮਾਤਾ ਭਗਤਨੀ ਬੀਬੀ ਅਮਰੋ ਵੀ ਆਪ ਜੀ ਵੱਲ ਵੇਖ ਕੇ ਅਭਿਆਸ ਕਰਦੇ ਰਹਿੰਦੇ। ਵੱਡੀ ਬੀਬੀ ਬੀਰੋ ਦਾ ਤਾਂ ਪਹਿਲਾਂ ਹੀ ਅਭਿਆਸ ਜਾਰੀ ਰਹਿੰਦਾ ਸੀ। ਇਸ ਤਰ੍ਹਾਂ ਸਾਰਾ ਪਰਿਵਾਰ ਹੀ ਕਾਫੀ ਮਿਹਨਤ ਕਰਦਾ ਸੀ।

ਇਕ ਵਾਰੀ ਮਾਤਾ ਭਗਤਨੀ ਨੇ ਨਿਗ੍ਹਾ ਨਾਲ ਵੇਖ ਕੇ ਆਖਿਆ ਕਿ ਮਹਾਰਾਜ ਆਪ ਜੀ ਜਦੋਂ ਤੁਰਦੇ ਹੋ ਤਾਂ ਮਾਨੋ ਜਿਸ ਤਰ੍ਹਾਂ ਵੱਡੇ ਪਹਿਲਵਾਨ ਤੁਰਦੇ ਹੋਣ ਆਪ ਜੀ ਦੇ ਮੋਢਿਆ ਉੱਤੇ ਬੜੀਆਂ ਸ਼ਕਤੀਆਂ ਸੂਖਮ ਰੂਪ ਧਾਰ ਕੇ ਰਹਿੰਦੀਆਂ ਹਨ।

– **ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆਂ**
**ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥**

– **ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥**

ਆਪ ਜੀ ਨੇ ਪੁੱਛਿਆ ਕਿ ਕਿਹੜੀਆਂ-ਕਿਹੜੀਆਂ ਸ਼ਕਤੀਆਂ ਹਨ ਤਾਂ ਦੱਸਿਆ ਕਿ ਇਕ ਆਦਿ ਸਕਤ ਜੋ ਅਸਟ ਭੁਜੀ ਹੈ ਤੇ ਕਾਲਕਾ ਅਤੇ ਬ੍ਰਹਮਾ, ਵਿਸਨੂੰ, ਸ਼ਿਵ ਜੀ ਅਤੇ ਉਹਨਾਂ ਦੇ ਘਰਵਾਲੀਆਂ ਲਛਮੀ, ਪਾਰਵਤੀ, ਸਰਸਵਤੀ ਅਤੇ ਕ੍ਰਿਸ਼ਨ ਜੀ ਅਤੇ ਅਰਜਨ ਧਨੁੱਖ ਬਾਣ ਫੜ੍ਹ ਕੇ ਖੜ੍ਹੇ ਆਪ ਜੀ ਦੀ ਆਗਿਆ ਵਿੱਚ ਹਨ ਅਤੇ ਕਦੋ ਆਪ ਜੀ ਹੁਕਮ ਕਰੋ ਤੇ ਅਸੀਂ ਉਹ ਕੰਮ ਕਰੀਏ। ਇਹ ਬਖਸ਼ਸ਼ ਜਦੋਂ ਆਪ ਜੀ ਗੰਗਾਨਗਰ ਸੀ ਉਸ ਵੇਲੇ ਹੋਈ ਸੀ। ਆਦਿ ਸਕਤ ਨੇ ਕਈ ਵਾਰੀ ਸ਼ਹੀਦਾਂ ਨਾਲ ਮੁਕਾਬਲਾ ਕਰਕੇ ਉਹਨਾਂ ਨੂੰ ਭਜਾਇਆ ਸੀ।

ਇਕ ਵਾਰੀ ਆਪ ਜੀ ਨੇ ਗੁਰੂ ਸਾਹਿਬ ਤੋਂ ਪੁੱਛ ਕੀਤੀ ਕਿ ਸੰਤਾਂ ਦਾ ਮਿਲਾਪ ਹੁਣ ਕਿੱਥੇ ਹੋਵੇਗਾ ਤਾਂ ਹੁਕਮ ਹੋਇਆ ਕਿ ਸੱਚਖੰਡ ਵਿੱਚ ਜਦੋਂ ਆਪ ਜੀ ਨੂੰ ਸੰਤਾਂ ਨੇ ਭਿੰਡਰਵਾਲੇ ਜੋੜ ਮੇਲੇ ਤੇ ਸੱਦਿਆ ਤਾਂ ਆਪ ਜੀ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਨਾ ਗਏ ਫਿਰ ਤਕਰੀਬਨ ਦੋ ਢਾਈ ਸਾਲ ਬਾਅਦ ਆਪ ਸ੍ਰੀ ਅੰਮ੍ਰਿਤਸਰ ਸਾਹਿਬ ਗਏ ਤਾਂ

ਉਥੇ ਆਪ ਜੀ ਦੇ ਨਾਲ ਪੱਟੀ ਵਾਲੇ ਸਿੰਘ ਵੀ ਸਨ। ਆਪ ਜੀ ਨੂੰ ਪਤਾ ਲੱਗਾ ਕਿ ਸੰਤ ਹਰਿਮੰਦਰ ਸਾਹਿਬ ਗਏ ਹਨ ਤਾਂ ਆਪ ਜੀ ਉਥੇ ਪਹੁੰਚੇ। ਹਰਿਮੰਦਰ ਸਾਹਿਬ ਮੱਥਾ ਟੇਕਿਆ ਸੰਤ ਉਸ ਵਕਤ ਪ੍ਰਕਰਮਾ ਕਰ ਰਹੇ ਸਨ। ਪੱਟੀ ਵਾਲੇ ਸਿੰਘਾਂ ਨੇ ਜਾਕੇ ਸੰਤਾਂ ਨੂੰ ਵੇਖਣਾ ਚਾਹਿਆ ਪਰ ਸੰਤ ਨਾ ਦਿੱਸੇ ਅਤੇ ਦੋ-ਤਿੰਨ ਪਰਿਕਰਮਾ ਕਰਕੇ ਆਪ ਜੀ ਕੋਲ ਵਾਪਸ ਆ ਗਏ ਤੇ ਕਹਿਣ ਲੱਗੇ ਕਿ ਸਾਨੂੰ ਤਾਂ ਸੰਤ ਨਹੀਂ ਮਿਲੇ। ਹਰਿਮੰਦਰ ਸਾਹਿਬ ਦੇ ਬਾਹਰ ਨਿਕਲਣ ਵਾਲੇ ਦਰਵਾਜੇ ਵਿੱਚ ਵੜੇ ਤਾਂ ਆਪ ਜੀ ਨੂੰ ਸੰਤ ਮਿਲੇ ਅਤੇ ਨਾਲ ਹੀ ਦਸਵੇਂ ਪਾਤਸ਼ਾਹ ਨੇ ਪ੍ਰਗਟ ਹੋ ਕੇ ਆਖਿਆ ਕਿ ਹੈ ਨਾ ਸੱਚ ਖੰਡ ਇਸ ਤਰ੍ਹਾਂ ਆਪ ਜੀ ਸੰਤਾਂ ਨੂੰ ਫਤਹਿ ਬੁਲਾ ਕੇ ਮਿਲੇ। ਫਿਰ ਆਪ ਜੀ ਆਪਣੇ ਪਿੰਡ ਚਲੇ ਗਏ।

ਜਦੋਂ ਆਪ ਜੀ ਜਥੇ ਵਿੱਚ ਆਏ ਹੋਏ ਸਨ ਤਾਂ ਮਾਤਾ ਜੀ ਨੂੰ ਆਪ ਜੀ ਨੇ ਦੱਸਿਆ ਹੋਇਆ ਸੀ ਕਿ ਕੋਈ ਵੀ ਕੰਮ ਅੜ ਜਾਵੇ ਤਾਂ ਉਸ ਵਾਸਤੇ ਇੱਕੋ ਸਤਰ ਸੌ ਅਰਦਾਸ ਕਰਨੀ ਚਾਹੀਂਦੀ ਹੈ। ਫਿਰ ਉਹ ਕੰਮ ਨਹੀਂ ਅੜ ਸਕਦਾ ਮਾਤਾ ਜੀ ਨੇ ਆਪ ਜੀ ਨੂੰ ਘਰ ਮੰਗਾਉਣ ਦੇ ਲਈ ਵੈਰਾਗ ਵਿੱਚ ਰੋਟੀ ਵੀ ਛੱਡ ਦਿੱਤੀ ਸੀ ਤੇ ਇਕ ਪਾਸਾ ਵੀ ਮਾਤਾ ਜੀ ਦਾ ਕੰਮ ਕਰਨੋ ਖਲੋ ਗਿਆ ਸੀ ਤਾਂ ਮਾਤਾ ਜੀ ਨੇ ਸੌਂ ਅਰਦਾਸ ਕੀਤੀ ਸੀ। ਇਸ ਤਰ੍ਹਾਂ ਭਗਤ ਜੀ ਨੇ ਘਰ ਆ ਕੇ ਪਤੀਬਰਤਾ ਬੀਬੀਆਂ ਦੇ ਬਚਨ ਸੁਣਾ ਕੇ ਮਾਤਾ ਦਾ ਇਕ ਪਾਸਾ ਖਲੋ ਗਿਆ ਸੀ ਠੀਕ ਕੀਤਾ। ਆਪ ਜੀ ਨੇ ਘਰ ਆ ਕੇ ਆਖਿਆ ਕਿ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਹੁਣ ਅਸੀਂ ਕੋਈ ਕੰਮ ਨਹੀਂ ਕਰਨਾ। ਇਸ ਉਤੇ ਭੁਜੰਗੀ ਅਮਰ ਸਿੰਘ ਨੇ ਸ਼ੰਕਾ ਕੀਤੀ ਤਾਂ ਉਸਨੂੰ ਰਾਤ ਨੂੰ ਸ਼ਹੀਦ ਸਿੰਘਾਂ ਨੇ ਬੜਾ ਤੰਗ ਕੀਤਾ ਤੇ ਇਸ ਲਈ ਮਰੋੜੇ ਆਉਂਦੇ ਰਹੇ। ਉਸ ਦਿਨ ਤੋਂ ਘਰ ਵਾਲਿਆਂ ਨੇ ਆਪ ਜੀ ਨੂੰ ਕੋਈ ਕੰਮ ਨਾ ਆਖਿਆ। ਆਪ ਜੀ ਨੇ ਮਾਤਾ ਭਗਤਨੀ ਨੂੰ ਆਖਿਆ ਸੀ ਕਿ ਭੁਜੰਗੀਆਂ ਦੇ ਵਿਆਹ ਵਾਸਤੇ ਕੋਈ ਵੀ ਵਸਤੂ ਨਹੀਂ ਜੋੜਨੀ ਗੁਰੂ ਸਾਹਿਬ ਆਪੇ ਹੀ ਲੋੜ ਵੇਲੇ ਧਨ ਭੇਜ ਦੇਣਗੇ। ਸੋ ਇਸੇ ਤਰ੍ਹਾਂ ਜਦੋ਼ ਆਪ ਜੀ ਨੇ ਸ੍ਰ. ਅਮਰ ਸਿੰਘ ਦਾ ਵਿਆਹ ਬੜੀ ਧੂਮ-ਧਾਮ ਨਾਲ ਤਲਵੰਡੀ ਵਾਲੇ ਤਾਰਾ ਸਿੰਘ ਦੀ ਲੜਕੀ ਨਾਲ ਕੀਤਾ।

ਬੀਬੀ ਅਮਰੋ ਸਰਦੂਲ ਸਿੰਘ ਵਿਰਕ ਦੇ ਭੁਜੰਗੀ ਪ੍ਰਕਾਸ਼ ਸਿੰਘ ਨਾਲ ਅਤੇ ਸ੍ਰ. ਭਗਵਾਨ ਸਿੰਘ ਦੀ ਸ਼ਾਦੀ ਜਥੇਦਾਰ ਜੰਗੀਰ ਸਿੰਘ ਪਤਰਾਵਾਂ ਵਾਲੇ ਦੀ ਸਪੁੱਤਰੀ ਬੀਬੀ ਪ੍ਰੀਤਮ ਕੌਰ ਨਾਲ ਕੀਤੀ। ਆਪ ਜੀ ਦੇ ਕੁੜਮ ਗੁਰੂ ਘਰ ਨੂੰ ਮੰਨਣ ਵਾਲੇ ਗੁਰਮੁਖ ਹਨ। ਸਭ ਤੋਂ ਛੋਟੀ ਬੀਬੀ ਚਲਾਣਾ ਕਰ ਗਈ ਸੀ ਅਤੇ ਉਸਨੇ ਪੋਤਰੀ ਦੇ ਰੂਪ ਵਿੱਚ ਆਪ ਜੀ ਦੇ ਘਰ ਜਨਮ ਲਿਆ ਅਤੇ ਆਪ ਜੀ ਨਾਲ ਬੜਾ ਪ੍ਰੇਮ ਕਰਿਆ ਕਰਦੀ ਅਤੇ ਕਈ ਕਈ ਘੰਟੇ ਆਪ ਜੀ ਕੋਲ ਹੀ ਬੈਠੀ ਰਹਿੰਦੀ ਸੀ।

ਆਪ ਜੀ ਨੂੰ ਗੁਰੂ ਸਾਹਿਬ ਨੇ ਜਣਾਇਆ ਕਿ ਜਦੋਂ ਤੁਹਾਨੂੰ ਘਰ ਵਾਲੇ ਤਿੰਨ ਦਿਨ ਕੰਮ ਦੱਸਣਗੇ ਉਸ ਵਕਤ ਮਾਤਾ ਭਗਤਨੀ ਦਾ ਸਰੀਰ ਛੱਡਣ ਦਾ ਸਮਾਂ ਹੋਵੇਗਾ ਅਤੇ ਇਹ ਬਚਨ ਸਾਰੇ ਘਰ ਦੇ ਮੈਂਬਰਾਂ ਨੂੰ ਦੱਸ ਦਿਉ ਜਦੋਂ ਆਪ ਜੀ ਨੇ ਇਹ ਬਚਨ ਘਰ ਦੇ ਸਾਰੇ

ਮੈਂਬਰਾਂ ਨੂੰ ਦੱਸਿਆ ਤਾਂ ਉਹਨਾਂ ਨੇ ਅੱਗੋਂ ਆਖਿਆ ਕਿ ਅਸੀਂ ਤਾਂ ਤੁਹਾਨੂੰ ਪਹਿਲਾਂ ਹੀ ਕੰਮ ਨਹੀਂ ਦੱਸਦੇ ਹਾਂ। ਹੁਣ ਕਿਉਂ ਦੱਸਣਾ ਤਾਂ ਆਪ ਜੀ ਨੇ ਕਿਹਾ ਕਿ ਮੈਂ ਤਾਂ ਤੁਹਾਨੂੰ ਦੱਸਣਾ ਸੀ ਸੋ ਦੱਸ ਦਿੱਤਾ। ਸੋ ਜਦੋਂ ਟਾਈਮ ਆਇਆ ਤਾਂ ਉਸ ਵਕਤ ਭੁਜੰਗੀਆਂ ਨੇ ਬਹੁਤ ਸਾਰੀ ਕਣਕ ਵੱਢ ਦਿੱਤੀ ਤਾਂ ਭੁਜੰਗੀਆਂ ਨੇ ਮਾਤਾ ਜੀ ਨੂੰ ਆਖਿਆ ਅਤੇ ਮਾਤਾ ਨੇ ਆਪ ਜੀ ਨੂੰ ਆਖਿਆ ਕਿ ਕਣਕ ਬਹੁਤ ਵੱਢੀ ਗਈ ਹੈ ਤੁਸੀਂ ਸਰ ਦੀਆਂ ਬੇੜਾਂ ਹੀ ਵੱਟ ਦਿਉ ਤਾਂ ਆਪ ਜੀ ਸਮਝ ਗਏ ਕਿ ਮਾਤਾ ਭਗਤਨੀ ਦਾ ਸਮਾਂ ਆ ਗਿਆ ਹੈ ਪਰ ਗੁਰੂ ਸਾਹਿਬ ਦਾ ਹੁਕਮ ਹੋਇਆ ਕਿ ਹੁਣ ਘਰ ਵਾਲਿਆਂ ਨੂੰ ਨਾ ਦੱਸੀ ਸੋ ਆਪ ਜੀ ਨੇ ਘਰ ਵਾਲੇ ਕਿਸੇ ਜੀਅ ਨੂੰ ਨਾ ਦੱਸਿਆ। ਇਸ ਤਰ੍ਹਾਂ ਜਦੋਂ ਆਪ ਜੀ ਕੰਮ ਕਰਕੇ ਘਰ ਆਏ ਤਾਂ ਮਾਤਾ ਭਗਤਨੀ ਨੂੰ ਮਰੋੜੇ ਲੱਗ ਗਏ। ਜਦੋਂ ਭਗਤ ਜੀ ਆ ਕੇ ਪਲੰਘ ਤੇ ਬਿਰਾਜਮਾਨ ਹੋਏ ਤਾਂ ਮਾਤਾ ਜੀ ਉੱਠ ਕੇ ਮੰਜੇ ਤੋਂ ਹੇਠਾਂ ਬੈਠ ਗਏ ਤਾਂ ਆਪ ਜੀ ਨੇ ਬੀਬੀ ਅਮਰੋ ਨੂੰ ਅਵਾਜ਼ ਮਾਰੀ ਕਿ ਬੀਬੀ ਨੂੰ ਪੁੱਛ ਕੇ ਪਾਣੀ ਦੇਵੋ ਜਦੋਂ ਕਿਰਿਆ ਕਰਾਈ ਤਾਂ ਮਾਤਾ ਥੋੜ੍ਹੇ ਚਿਰ ਪਿੱਛੋਂ ਉੱਠ ਬੈਠੀ ਤਾਂ ਫਿਰ ਆਪ ਜੀ ਨੇ ਮਾਤਾ ਨੂੰ ਪੁੱਛਿਆ ਕਿ ਕੀ ਗੱਲ ਹੈ ਤਾਂ ਮਾਤਾ ਭਗਤਨੀ ਨੇ ਕਿਹਾ ਕਿ ਹੁਣ ਮੇਰਾ ਸਰੀਰ ਰਹਿੰਦਾ ਨਹੀਂ ਦਿਸਦਾ ਤਾਂ ਆਪ ਜੀ ਨੇ ਬੜੇ ਬੀਰ ਰਸ ਵਿੱਚ ਆਖਿਆ ਕਿ ਰਹਿੰਦਾ ਕਿਉਂ ਨਹੀਂ ਲੈ ਤੈਨੂੰ ਬਾਣੀ ਸੁਣਾਉਂਦੇ ਹਾਂ। ਮਾਤਾ ਨੇ ਕਿਹਾ, "ਸੁਣਾਉ ਫਿਰ" ਆਪ ਜੀ ਨੂੰ ਗੁਰੂ ਸਾਹਿਬ ਨੇ ਜਣਾਇਆ ਕਿ ਇਸ ਨੂੰ ਉਹ ਬਾਣੀ ਸੁਣਾਉ ਜੋ ਇਸਦੀ ਸੁਰਤ ਫੜ ਲਵੇ ਤਾਂ ਆਪ ਜੀ ਨੇ ਜਪੁਜੀ ਸਾਹਿਬ ਅਤੇ ਸ਼ਬਦ ਹਜਾਰੇ ਦਾ ਪਾਠ ਦੇਹ ਤੋਂ ਪਰੇ ਹੋ ਕੇ ਸੁਣਾਇਆ ਤੇ ਆਖਿਆ ਭਗਤਨੀਏ ਸੁਣਿਆ ਈ ਤਾਂ ਮਾਤਾ ਨੇ ਕਿਹਾ ਕਿ ਬੜੇ ਪ੍ਰੇਮ ਨਾਲ ਸੁਣਿਆ ਹੈ ਜੀ ਇਹ ਕਹਿ ਕੇ ਮਾਤਾ ਜੀ ਨੇ ਸਰੀਰ ਛੱਡ ਦਿੱਤਾ ਅਤੇ ਸਰੀਰ ਛੱਡਣ ਵੇਲੇ ਚਿਹਰੇ ਤੇ ਬਹੁਤ ਪ੍ਰਕਾਸ਼ ਹੋਇਆ ਤਾਂ ਬੀਬੀ ਅਮਰੋ ਨੇ ਆਖਿਆ ਚਾਚਾ ਜੀ ਵੇਖੋ ਬੀਬੀ ਦੇ ਚਿਹਰੇ ਦਾ ਰੰਗ ਕਿਸ ਤਰ੍ਹਾਂ ਦਾ ਹੁੰਦਾ ਜਾਂਦਾ ਹੈ ਤਾਂ ਆਪ ਜੀ ਨੇ ਉੱਠ ਕੇ ਵੇਖਿਆ ਤਾਂ ਕਹਿਣ ਲੱਗੇ ਬੱਸ, ਬੱਸ, ਬੱਸ, ਹੁਣ ਆਪ ਹੀ ਆਪ ਹਨ ਭਾਵ ਕਿ ਚਿਹਰੇ ਤੇ ਬੜਾ ਪ੍ਰਕਾਸ਼ ਸੀ। ਦਸਵੇਂ ਪਾਤਸ਼ਾਹ ਦੀ ਮਿਹਰ ਨਾਲ ਉਹਨਾਂ ਦਾ ਆਪਣਾ ਹੀ ਪ੍ਰਕਾਸ਼ ਸੀ। ਆਪ ਜੀ ਨੇ ਇਕ ਵਾਰੀ ਮਾਤਾ ਨੂੰ ਆਖਿਆ ਸੀ ਕਿ ਤੈਨੂੰ ਦਸਵੇਂ ਪਾਤਸ਼ਾਹ ਆਪ ਸੱਚਖੰਡ ਲੈ ਕੇ ਜਾਣ ਸਮੇਂ ਆਉਣਗੇ। ਕਿਸੇ ਹੋਰ ਦੀ ਜੁਅਰਤ ਨਹੀਂ ਕਿ ਤੈਨੂੰ ਲੈ ਜਾਵੇ। ਜਿਸ ਦਿਨ ਮਾਤਾ ਭਗਤਨੀ ਜੀ ਨੇ ਸਰੀਰ ਛੱਡਿਆ ਉਸ ਸਮੇਂ ਬੀਬੀ ਅਮਰੋ ਅੰਦਰਲੇ ਕਮਰੇ ਵਿੱਚ ਝਾੜੂ ਦੇ ਰਹੀ ਸੀ ਅਤੇ ਮਾਤਾ ਜੀ ਵੀ ਉਥੇ ਹੀ ਬੈਠੇ ਸਨ ਅਤੇ ਦਸਵੇਂ ਪਾਤਸ਼ਾਹ ਵੀ ਪ੍ਰਗਟ ਸਨ। ਮਾਤਾ ਭਗਤਨੀ ਨੇ ਬੀਬੀ ਅਮਰੋ ਨੂੰ ਕਿਹਾ ਕਿ ਹੁਣ ਝਾੜੂ ਨਾ ਲਗਾ ਸਾਡੇ ਤੇ ਘੱਟਾ ਪੈਂਦਾ ਹੈ। ਬੀਬੀ ਨੇ ਸਮਝਿਆ ਕਿ ਮਾਤਾ ਨੇ ਸੁਤੇ ਸਿਧ ਹੀ ਆਖਿਆ ਹੈ ਤਾਂ ਫਿਰ ਝਾੜੂ ਦੇਣ ਲੱਗ ਪਈ ਤਾਂ ਮਾਤਾ ਜੀ ਨੇ ਬੜੇ ਬੀਰ ਰਸ ਵਿੱਚ ਆਖਿਆ ਕਿ ਤੈਨੂੰ ਇਕ ਵਾਰੀ ਪਹਿਲਾਂ ਜਦੋਂ ਆਖਿਆ ਹੈ ਕਿ ਝਾੜੂ ਨਾ ਦੇਹ ਸਾਡੇ ਤੇ ਘੱਟਾ ਪੈਂਦਾ ਹੈ ਜਦੋਂ ਬੀਬੀ ਅਮਰੋ ਨੇ ਮਾਤਾ ਵੱਲ ਵੇਖਿਆ ਤਾਂ ਦਸਵੇਂ ਪਾਤਸ਼ਾਹ ਪ੍ਰਤੱਖ

ਸਾਹਮਣੇ ਖੜੇ ਦਿਸੇ ਤਾਂ ਬੀਬੀ ਹੱਥ ਜੋੜ ਕੇ ਖਲੋ ਗਈ ਅਤੇ ਦਿਲ ਵਿੱਚ ਹੀ ਮੁਆਫੀ ਮੰਗੀ ਅਤੇ ਮਾਤਾ ਭਗਤਨੀ ਜੀ ਦੇ ਜਾਣ ਤੋਂ ਬਾਅਦ ਮਾਤਾ ਜੀ ਨੂੰ ਯਾਦ ਵੀ ਕਰਦੀ ਰਹਿੰਦੀ। ਇਕ ਦਿਨ ਮਾਤਾ ਨੇ ਆਖਿਆ ਕਿ ਜਦੋਂ ਬੀਬੀ ਤੂੰ ਯਾਦ ਕਰਿਆ ਕਰੇ, ਮੈ ਤੇਰੇ ਕੋਲ ਆ ਜਾਇਆ ਕਰਾਂਗੀ ਤੇ ਤੂੰ ਰੋਇਆ ਨਾ ਕਰ।

ਫਿਰ ਬੀਬੀ ਅਮਰੋ ਨੇ ਆਖਿਆ ਕਿ ਵੱਡੀ ਬੀਬੀ ਬੀਰੋ ਨੂੰ ਹੁਣ ਨਾਲ ਹੀ ਲੈ ਜਾਉ ਕਿਉਂਕਿ ਵੱਡੀ ਬੀਬੀ ਨੂੰ ਬਹੁਤ ਦਸਤ ਲੱਗ ਗਏ ਤਾਂ ਬੀਬੀ ਅਮਰੋ ਬੜੇ ਪ੍ਰੇਮ ਨਾਲ ਸੇਵਾ ਕਰਦੀ ਹੁੰਦੀ ਸੀ। ਸੋ ਇਕ ਮਹੀਨੇ ਤੋਂ ਬਾਅਦ ਉਸ ਬੀਬੀ ਦਾ ਸਮਾਂ ਵੀ ਨੇੜੇ ਆ ਗਿਆ ਤਾਂ ਉਸਦੀ ਸੱਸ ਵੀ ਉਸ ਵਕਤ ਕੋਲ ਹੀ ਸੀ ਅਤੇ ਭਗਤ ਜੀ ਅਤੇ ਬੀਬੀ ਅਮਰੋ ਵੀ ਕੋਲ ਹੀ ਸਨ। ਜਦੋ ਸ਼ਹੀਦ ਸਿੰਘ ਲੈਣ ਦੇ ਲਈ ਆਏ ਤਾਂ ਕਹਿਣ ਲੱਗੇ ਕਿ ਭਗਤਾਂ ਦੇ ਸਾਹਮਣੇ ਬੀਬੀ ਨੂੰ ਕਿਸ ਤਰ੍ਹਾਂ ਲੈ ਕੇ ਜਾਈਏ ਜਦੋਂ ਆਪ ਜੀ ਨੇ ਸੁਣਿਆ ਤਾਂ ਆਪ ਜੀ ਰਹਿਰਾਸ ਦਾ ਪਾਠ ਕਰਨ ਦੇ ਬਹਾਨੇ ਘਰ ਦੇ ਬਾਹਰ ਨੇੜੇ ਹੀ ਤੁਰਨ ਫਿਰਨ ਲੱਗੇ ਤੇ ਬੀਬੀ ਅਮਰੋ ਨੂੰ ਆਖਿਆ ਕਿ ਲੋੜ ਪੈਣ ਤੇ ਮੈਨੂੰ ਬੁਲਾ ਲਵੀਂ। ਉਸ ਵਕਤ ਸ਼ਹੀਦ ਸਿੰਘ ਬੀਬੀ ਨੂੰ ਲੈ ਕੇ ਜਾਣ ਲਈ ਤਿਆਰ ਸਨ ਅਤੇ ਨੇਤਰ ਖੁੱਲੇ ਹੀ ਸਨ ਕਿ ਬੀਬੀ ਨੇ ਸੁਆਸ ਛੱਡਣੇ ਸ਼ੁਰੂ ਕਰ ਦਿੱਤੇ ਤਾਂ ਬੀਬੀ ਅਮਰੋ ਨੇ ਕਿਹਾ ਕਿ ਚਾਚਾ ਜੀ ਦੇ ਆਉਣ ਤੋਂ ਬਿਨਾ ਹੀ ਚੱਲੀ ਹੈ, ਤਾਂ ਬੀਬੀ ਅਮਰੋ ਜੀ ਨੇ ਆਪ ਜੀ ਨੂੰ ਅਵਾਜ਼ ਮਾਰੀ ਤਾਂ ਆਪ ਜੀ ਦੇ ਆਉਣ ਤੋਂ ਪਹਿਲਾਂ ਹੀ ਬੀਬੀ ਨੇ ਸਰੀਰ ਛੱਡ ਦਿੱਤਾ।

ਇਕ ਵਾਰੀ ਜਦੋਂ ਬੀਬੀ ਅਮਰੋ ਦਾ ਭੁਜੰਗੀ ਜਨਮਿਆ ਸੀ ਤਾਂ ਥੋੜੇ ਦਿਨਾਂ ਬਾਅਦ ਬੀਬੀ ਨੇ ਇਕ ਵਾਰੀ ਸਮਾਧੀ ਲਾ ਲਈ ਉਸ ਵਕਤ ਆਪ ਜੀ ਨੂੰ ਵੀ ਕੋਲ ਸੱਦ ਲਿਆ । ਬੀਬੀ ਅਮਰੋ ਦੀ ਸਮਾਧੀ ਲੱਗੀ ਰਹੀ ਤੇ ਆਪ ਜੀ ਵੀ ਕੋਲ ਹੀ ਬੈਠੇ ਰਹੇ। ਉਸ ਵਕਤ ਇਕ ਸ਼ਹੀਦ ਸਿੰਘ  ਘੋੜਾ ਲੈ ਕੇ ਆਇਆ ਤੇ ਕਹਿਣ ਲੱਗਾ ਬੀਬੀ ਘੋੜੇ ਤੇ ਚੜ੍ਹ ਜਾ । ਬੀਬੀ ਨੇ ਕਿਹਾ ਕਿ ਤੁਸੀਂ ਪਰੇ ਹਟ ਜਾਉ ਤੇ ਮੈਂ ਆਪੇ ਘੋੜੇ ਤੇ ਚੜ੍ਹ ਜਾਵਾਂਗੀ ਕਿਉਂਕਿ ਬੀਬੀ ਪਤੀਬਰਤ ਸੀ ਇਸ ਲਈ ਉਹ ਉਸ ਬਾਬੇ ਨਾਲ ਆਪਣਾ ਪੱਲਾ ਵੀ ਨਹੀਂ ਸੀ ਲੱਗਣ ਦੇਣਾ ਚਾਹੁੰਦੀ। ਇਸ ਤਰ੍ਹਾਂ ਆਪ ਹੀ ਘੋੜੇ ਤੇ ਚੜ੍ਹ ਗਈ ਤੇ ਉੱਡ ਕੇ ਫਿਰ ਹਰਿਮੰਦਰ ਸਾਹਿਬ ਪਹੁੰਚ ਗਈ। ਉਥੇ ਘੋੜੇ ਤੋਂ ਉਤਰ ਕੇ ਪਹਿਲਾ ਅਠਸਠ ਘਾਟ ਤੇ ਮੱਥਾ ਟੇਕ ਕੇ ਜਨਾਨਾ ਪਰਦੇ ਵਿੱਚ ਇਸ਼ਨਾਨ ਕੀਤਾ ਤੇ ਇਸ਼ਨਾਨ ਕਰਨ ਵੇਲੇ ਆਖਿਆ ਕਿ ਹੁਣ ਮੈਂ ਇਸ਼ਨਾਨ ਕਰਨ ਲੱਗੀ ਹਾਂ। ਇਸ਼ਨਾਨ ਤੋਂ ਬਾਅਦ ਬਾਬਾ ਦੀਪ ਸਿੰਘ ਨਿਸ਼ਾਨ ਸਾਹਿਬ ਵਾਲੀ ਥਾਂ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਲੱਗੀ ਹਾਂ ਫਿਰ ਉਥੇ ਮੱਥਾ ਟੇਕਣ ਤੋਂ ਪਿਛੋ ਅਕਾਲ ਤਖ਼ਤ ਅੱਗੇ ਛੇਵੇਂ ਪਾਤਸ਼ਾਹ ਨੂੰ ਮੱਥਾ ਟੇਕਣ ਲੱਗੀ ਹਾਂ। ਉਥੇ ਮੱਥਾ ਟੇਕ ਕੇ ਫਿਰ ਹਰਿਮੰਦਰ ਸਾਹਿਬ ਵਿੱਚ ਗੁਰੂ ਰਾਮਦਾਸ ਜੀ ਪ੍ਰਗਟ ਸਨ ਤਾਂ ਫੇਰ ਬੀਬੀ ਨੇ ਆਖਿਆ ਹੁਣ ਮੈਂ ਪਾਤਸ਼ਾਹ ਨੂੰ ਮੱਥਾ ਟੇਕਣ ਲੱਗੀ ਹਾਂ। ਇਸ ਤਰ੍ਹਾਂ ਮੱਥਾ ਟੇਕ ਕੇ ਫਿਰ ਆਪਣੇ ਪਿੰਡ ਸੱਦੂਵਾਲੇ ਸੂਖਮ ਰੂਹ ਸਰੀਰ ਵਿੱਚ ਆਈ ਤੇ ਸਮਾਧੀ ਖੁੱਲੀ ਤੇ ਆਖਿਆ

ਕਿ ਚਾਚਾ ਜੀ ਮੈਨੂੰ ਪਤਾ ਨਹੀਂ ਲੱਗਾ ਕਿ ਕਦੋਂ ਮੈਂ ਇੱਥੇ ਪਹੁੰਚ ਗਈ ਤਾਂ ਆਪ ਜੀ ਨੇ ਆਖਿਆ ਕਿ ਮੈਂ ਇਸੇ ਲਈ ਤੇਰੇ ਕੋਲ ਬੈਠਾ ਸੀ।

ਇਕ ਵਾਰੀ ਮਾਤਾ ਜੀ ਨੂੰ ਬਹੁਤ ਦਸਤ ਲੱਗ ਗਏ ਸਨ ਅਤੇ ਅੰਦਰ ਨੂੰ ਗਰਮੀ ਹੋ ਗਈ ਅਤੇ ਬਹੁਤ ਸਾਰੀ ਲੱਸੀ ਪੀਣੀ ਪੈਂਦੀ ਸੀ। ਇਹ ਕਿਸੇ ਸਾਧੂ ਨੇ ਆਪਣਾ ਜੋਰ ਚਲਾਇਆ ਸੀ ਕਿ ਉਸਦੇ ਬਦਲੇ ਉਸਨੂੰ ਵੀ ਬੜੇ ਭਾਰੀ ਦਸਤ ਲੱਗੇ ਸਨ ਅਤੇ ਛਕਣ ਨਾਲ ਕਈ ਗੁਣਾ ਜਿਆਦਾ ਮੈਦਾਨ ਆਉਂਦਾ ਰਿਹਾ ਸੀ ਅਤੇ ਨਾਲ ਨਾਲ ਉਹ ਸਾਧੂ ਦਰਸ਼ਨ ਵੀ ਦਿੰਦਾ ਸੀ ਤਾਂ ਫਿਰ ਮਾਤਾ ਜੀ ਨੇ ਆਪ ਜੀ ਦੀ ਕਿਰਪਾ ਸਦਕਾ ਉਸ ਸਾਧੂ ਨੂੰ ਬੜੇ ਕਰੜੇ ਬਚਨ ਆਖੇ ਤੇ ਇਹ ਬਚਨ ਸੁਣਕੇ ਉਹ ਸਾਧੂ ਚਲਾ ਗਿਆ ਅਤੇ ਮਾਤਾ ਜੀ ਨੂੰ ਵੀ ਅਰਾਮ ਆ ਗਿਆ।

ਬਾਬਾ ਕੁਲਵੰਤ ਸਿੰਘ ਜੀ ਦੇ ਭੁਜੰਗੀ ਰਾਹ ਵਿੱਚ ਜਾਂਦਾ ਜਾਦਾ ਕਮਲਾ ਜਿਹਾ ਹੋ ਜਾਂਦਾ ਸੀ। ਜਦੋਂ ਆਪ ਜੀ ਕੋਲ ਬਾਬਾ ਜੀ ਨੇ ਬਚਨ ਕੀਤਾ ਤਾਂ ਆਪ ਜੀ ਨੇ ਕਿਹਾ ਕਿ ਫਿਕਰ ਨਾ ਕਰੋ ਜਦੋਂ ਵੀ ਭੁਜੰਗੀ ਮੂਲ ਮੰਤਰ ਪੜ੍ਹ ਕੇ ਸਾਨੂੰ ਯਾਦ ਕਰੇਗਾ ਤਾਂ ਅਸੀਂ ਰੱਖਿਆ ਕਰਾਗੇ। ਉਸ ਦਿਨ ਤੋਂ ਆਪ ਜੀ ਭੁਜੰਗੀ ਨੂੰ ਦਰਸ਼ਨ ਵੀ ਦਿੰਦੇ ਰਹੇ ।

ਫਿਰ ਆਪ ਜੀ ਜਦੋਂ ਹਜੂਰ ਸਾਹਿਬ ਪੁੱਜੇ ਤਾਂ ਆਪ ਜੀ ਇਕ ਵਜੇ ਉਠ ਕੇ ਕਿਰਿਆ ਕਰਕੇ ਇਸ਼ਨਾਨ ਕਰਦੇ। ਉਥੇ ਹੀ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਅੱਜ ਤੋਂ ਕਿਰਿਆ ਸ਼ਾਮ ਨੂੰ ਕਰ ਲਿਆ ਕਰੋ। ਇਸ ਤਰ੍ਹਾਂ ਤੁਹਾਡਾ ਟਾਈਮ ਬਚ ਜਾਇਆ ਕਰੇਗਾ। ਸੋ ਇਸ ਤਰ੍ਹਾਂ ਆਪ ਜੀ ਸ਼ਾਮ ਨੂੰ ਕਿਰਿਆ ਕਰਨ ਲੱਗ ਪਏ ਸਨ। ਇਸ਼ਨਾਨ ਕਰਕੇ ਆਪ ਦੋ ਵਜੇ ਦੇ ਕਰੀਬ ਸੱਚਖੰਡ ਵਿੱਚ ਪਹੁੰਚ ਜਾਂਦੇ ਸਨ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਪ੍ਰਕਾਸ਼ ਹੁੰਦੇ ਸਨ ਉਥੇ ਇਸ਼ਨਾਨ ਆਦਿ ਦੀ ਸੇਵਾ ਕਰਵਾ ਕੇ ਵਿਛਾਈ ਆਦਿ ਕਰਵਾਉਂਦੇ ਅਤੇ ਫਿਰ ਸਾਢੇ ਤਿੰਨ ਵਜੇ ਕੀਰਤਨ ਸ਼ੁਰੂ ਹੋ ਜਾਂਦਾ ਅਤੇ ਇਸ ਤੋਂ ਪਹਿਲਾਂ ਸੁਖਮਨੀ ਸਾਹਿਬ ਅਤੇ ਹੋਰ ਬਾਣੀਆਂ ਦੇ ਨਿਤਨੇਮ ਹੋ ਜਾਂਦੇ। ਇਕ ਤਾਂ ਅਖੰਡ ਪਾਠ ਸਾਹਿਬ ਹੀ ਹੁੰਦਾ ਰਹਿੰਦਾ ਸੀ ਅਤੇ ਦੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵੀ ਪ੍ਰਕਾਸ਼ ਕੀਤੇ ਜਾਂਦੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਿਛਲੇ ਦਰਵਾਜੇ ਰਾਹੀਂ ਵੀ ਲਿਆਏ ਜਾਂਦੇ ਸਨ ਅਤੇ ਗੁਰੂ ਸਾਹਿਬ ਦੇ ਅੱਗੇ ਤੇ ਪਿੱਛੇ ਚੌਰ ਝੁਲਾਏ ਜਾਂਦੇ ਸਨ। ਗੁਰੂ ਸਾਹਿਬ ਅਤੇ ਅੰਗੀਠੀ ਸਾਹਿਬ ਦੇ ਦਰਮਿਆਨ ਕਿਸੇ ਸਿੰਘ ਨੂੰ ਨਹੀਂ ਆਉਣ ਦਿੱਤਾ ਜਾਂਦਾ ਸੀ ਇਕ ਵਾਰੀ ਤਾਂ ਆਪ ਜੀ ਨੂੰ ਪਤਾ ਨਹੀਂ ਸੀ ਤੇ ਆਪ ਜੀ ਕੰਧ ਦੇ ਨਾਲ ਹੋ ਕੇ ਖਲੋ ਗਏ ਤਾਂ ਚੌਰ ਕਰਨ ਵਾਲੇ ਜਿਨਾਂ ਤੇ ਗੁਰੂ ਸਾਹਿਬ ਜੀ ਦੀ ਬੜੀ ਕਿਰਪਾ ਹੁੰਦੀ ਸੀ। ਉਸ ਨੇ ਇਕ ਵਾਰੀ ਤਾਂ ਆਪ ਜੀ ਨੂੰ ਇਸ਼ਾਰਾ ਕੀਤਾ ਪਰੇ ਹਟ ਜਾਵੋ ਪਰ ਆਪ ਜੀ ਕੰਧ ਵਾਲੇ ਪਾਸੇ ਹੋ ਗਏ ਤਾਂ ਉਸਨੇ ਬੀਰ ਰਸ ਵਿੱਚ ਆਖਿਆ ਪਰੇ ਹਟਜਾ ਉਸ ਦਾ ਕਹਿਣਾ ਹੀ ਸੀ ਕਿ ਇਕ ਗੋਲਾ ਆਪ ਜੀ ਦੇ ਸਿਰ ਵਿੱਚ ਆ ਲੱਗਾ। ਆਪ ਜੀ ਨੇ ਤਾਂ ਝੱਲ ਲਿਆ ਪਰ ਉਸ ਉਤੇ ਵੀ ੧ਓਂ ਦਾ ਕਰੰਟ ਮੱਥੇ ਵਿੱਚ ਵੱਜਿਆ ਤਾਂ ਉਹ ਭੱਜ ਗਿਆ। ਗੁਰੂ ਸਾਹਿਬ ਜੀ ਨੇ ਆਖਿਆ

ਕਿ ਅਸੀਂ ਤਾਂ ਮਰਿਯਾਦਾ ਰੱਖਣ ਲਈ ਇਹਨਾਂ ਨੂੰ ਸ਼ਕਤੀ ਦਿੱਤੀ ਹੈ ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਸਾਰੇ ਹੀ ਭੱਜ ਜਾਣਗੇ।

ਫਿਰ ਆਪ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਚੌਰ ਦੀ ਸੇਵਾ ਆਪ ਹੀ ਬਖਸ਼ੋ ਤਾਂ ਗੁਰੂ ਸਾਹਿਬ ਨੇ ਆਖਿਆ ਕਿ ਕੱਲ ਨੂੰ ਤੁਸੀਂ ਚੌਰ ਕਰਨ ਵਾਲਾ ਜੋ ਸਾਧ ਹੈ ਪੀਲੇ ਕੱਪੜਿਆਂ ਵਾਲਾ ਹੈ ਉਸ ਦੇ ਪਿੱਛੇ ਖਲੋ ਜਾਣਾ ਇਸੇ ਤਰ੍ਹਾਂ ਜਦੋਂ ਆਪ ਜੀ ਦੂਜੇ ਦਿਨ ਉਸ ਚੌਰ ਸਾਹਿਬ ਕਰਨ ਵਾਲੇ ਪੁਜਾਰੀ ਦੇ ਪਿੱਛੇ ਖਲੋ ਗਏ ਤਾਂ ਉਸ ਪੁਜਾਰੀ ਨੇ ਇਕ ਦੋ ਵਾਰ ਚੌਰ ਸਾਹਿਬ ਦੀ ਸੇਵਾ ਕਰਨ ਤੋਂ ਬਾਅਦ ਆਪਣੇ ਪਿੱਛੇ ਵੇਖਿਆ ਤਾਂ ਆਪ ਜੀ ਪਿੱਛੇ ਖਲੌਤੇ ਸਨ ਤਾਂ ਉਸਨੇ ਚੌਰ ਸਾਹਿਬ ਆਪ ਜੀ ਨੂੰ ਦੇਣਾ ਕੀਤਾ। ਇਸ ਤਰ੍ਹਾਂ ਚੌਰ ਸਾਹਿਬ ਦੀ ਸੇਵਾ ਆਪ ਜੀ ਨੂੰ ਮਿਲੀ ਅਤੇ ਇਕ ਘੰਟਾ ਲਾਜਮੀ ਆਪ ਜੀ ਚੋਰ ਸਾਹਿਬ ਦੀ ਸੇਵਾ ਕਰਦੇ ਰਹਿੰਦੇ ਅਤੇ ਨਾਲ ਨਾਲ ਨਿਤਨੇਮ ਕਰਦੇ ਰਹਿੰਦੇ ਉਥੇ ਆਪ ਜੀ ਹੋਰ ਵੀ ਕਾਫੀ ਸ਼ਬਦਾਂ ਦਾ ਜਾਪ ਕਰਦੇ ਰਹਿੰਦੇ ਅਤੇ ਫਿਰ ਪ੍ਰਸ਼ਾਦਿ ਛੱਕਕੇ ਹੱਥ ਧੋਕੇ, ਕੀਰਤਨ ਸੁਣਣ ਲੱਗ ਜਾਂਦੇ। ਕੀਰਤਨ ਤੋਂ ਬਾਅਦ ਅਰਦਾਸ ਫਿਰ ਆਰਤੀ ਤੇ ਫਿਰ ਕਥਾ ਸੁਣ ਕੇ ਨੌਂ ਵਜੇ ਵਾਪਸ ਆਸਣ ਤੇ ਆਉਂਦੇ। ਆਪ ਜੀ ਆਰਤੀ ਵੀ ਕਾਫੀ ਉੱਚੀ ਅਵਾਜ ਵਿੱਚ ਪੜ੍ਹਦੇ ਉਥੋਂ ਦੇ ਪੁਜਾਰੀ ਵੀ ਆਪ ਜੀ ਦੀ ਉੱਚੀ ਅਵਾਜ਼ ਸੁਣ ਕੇ ਹੈਰਾਨ ਰਹਿ ਜਾਂਦੇ ਉਹਨਾਂ ਕੋਲੋਂ ਆਪ ਜੀ ਜਿੰਨਾ ਉੱਚੀ ਨਾ ਬੋਲ ਹੁੰਦਾ ਫਿਰ ਵਾਪਸ ਆ ਕੇ ਕਿਰਿਆ ਕਰਦੇ ਪ੍ਰਸ਼ਾਦਾ ਛਕਦੇ ਤੇ ਕੁਝ ਸਮਾਂ ਗਿਆਨੀ ਮੋਹਨ ਸਿੰਘ ਹੋਰਾਂ ਨਾਲ ਬਚਨ ਕਰਦੇ। ਫਿਰ ਆਪ ਬਿਰਾਜ ਜਾਂਦੇ ਫਿਰ ਆਪ ਜੀ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਗਿਆਨੀ ਮੋਹਣ ਸਿੰਘ ਜੀ, ਗਿ: ਗੁਰਨਾਮ ਸਿੰਘ, ਹਰਨਾਮ ਸਿੰਘ ਭੂਰਿਆਂ ਵਾਲਿਆਂ ਦਾ ਛੋਟਾ ਭੁਜੰਗੀ ਇਹ ਸਾਰੇ ਆਪ ਜੀ ਦੇ ਨਾਲ ਤੇਤੀ-ਤੇਤੀ ਪਾਠ ਜਪੁਜੀ ਸਾਹਿਬ ਦੇ ਕਰਦੇ।

ਇਕ ਵਾਰੀ ਆਪ ਜੀ ਸੱਚਖੰਡ ਤੋਂ ਆਸਣ ਵਲ ਆ ਰਹੇ ਸਨ ਤੇ ਸੰਤ ਗਿ: ਗੁਰਬਚਨ ਸਿੰਘ ਭਿੰਡਰਾਂਵਾਲੇ ਅਤੇ ਸੰਤ ਕਰਤਾਰ ਸਿੰਘ ਅੰਦਰ ਕਮਰੇ ਵਿੱਚ ਬੈਠੇ ਸਨ ਅਤੇ ਆਪ ਜੀ ਸੰਤਾਂ ਦੇ ਕਮਰੇ ਦੇ ਅੱਗੋਂ ਦੀ ਲੰਘੇ ਤਾਂ ਕਰਤਾਰ ਸਿੰਘ ਨੇ ਕਿਹਾ ਕਿ ਭਗਤ ਆ ਗਏ ਹਨ - ਸੰਤਾਂ ਨੇ ਕਿਹਾ ਕਿ ਕਿਹੜੇ ਭਗਤ, ਜੋੜਾਂ ਭਗਤ, ਉੱਤਰ ਨਹੀਂ ਜੀ - "ਮਸ਼ੀਨੀ ਭਗਤ" ਨਹੀਂ ਜੀ, ਤੇਜਾ ਸਿੰਘ, ਨਹੀਂ ਜੀ, ਹੋਰ ਕਿਹੜੇ ਤਾਂ ਭਾਈ ਕਰਤਾਰ ਸਿੰਘ ਨੇ ਦੱਸਿਆ ਕਿ ਕਾਹਨੇ ਵਾਲੇ ਭਗਤ ਤਾਂ ਫਿਰ ਸੰਤਾਂ ਨੇ ਕਿਹਾ ਕਿ ਇਹ ਤਾਂ ਸਾਰਿਆਂ ਦੇ ਮੁੱਢ ਹਨ ਤੇ ਦੂਜੇ ਸਾਰੇ ਸਾਖਾਂ ਤੇ ਪੱਤੇ ਹਨ।


ਫਿਰ ਆਪ ਜੀ ਹਜ਼ੂਰ ਸਾਹਿਬ ਤੋ ਸੰਤਾਂ ਦੇ ਜੱਥੇ ਨਾਲ ਪੰਜੋਖਰਾ ਸਾਹਿਬ ਪਹੁੰਚੇ। ਕੁਝ ਦਿਨਾਂ ਬਾਅਦ ਆਪ ਜੀ ਨੇ ਸੰਤਾਂ ਨੂੰ ਦੱਸਿਆ ਕਿ ਸਾਨੂੰ ਹੁਣ ਗੁਰੂ ਸਾਹਿਬ ਦਾ ਹੁਕਮ ਹੈ ਘਰ ਜਾਣਾ ਹੈ। ਇਹ ਸੁਣ ਕੇ ਸੰਤ ਚੁੱਪ ਕਰ ਗਏ। ਆਪ ਜੀ ਅੰਬਾਲਾ ਤੋ ਸਿੱਧੀ ਫਿਰੋਜਪੁਰ ਵਾਲੀ ਮੋਟਰ ਤੇ ਚੜ੍ਹ ਕੇ ਆਏ ਸਨ। ਇਸ ਤੋਂ ਪਹਿਲਾਂ ਜਦੋ ਸੰਤ ਪਤਰਾਵਾਂ ਵਿੱਚ ਆਏ ਸਨ ਤਾਂ ਸੋਹਣ ਸਿੰਘ ਮਿਸਤਰੀ ਦੇ ਘਰ ਝੋਕ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ

ਪ੍ਰਕਾਸ਼ ਸੀ ਪਹਿਲੇ ਤਾਂ ਗਿ: ਮੋਹਨ ਸਿੰਘ ਜੀ ਨੂੰ ਸੋਹਣ ਸਿੰਘ ਕਥਾ ਕਰਵਾਉਣ ਦੇ ਲਈ ਲੈ ਗਿਆ ਤੇ ਫਿਰ ਭਾਈ ਕਰਤਾਰ ਸਿੰਘ ਚਲਾ ਗਿਆ। ਇਹ ਵੇਖ ਕੇ ਗਿਆਨੀ ਜੀ ਵਾਪਸ ਪਤਰਾਵਾਂ ਪਹੁੰਚ ਗਏ ਅਤੇ ਕਥਾ ਭਾਈ ਕਰਤਾਰ ਸਿੰਘ ਜੀ ਨੇ ਉਥੇ ਕੀਤੀ, ਆਉਂਦੇ ਹੀ ਭਾਈ ਕਰਤਾਰ ਸਿੰਘ ਨੂੰ ਸੰਤ ਬਹੁਤ ਲੜੇ ਕਿ ਤੂੰ ਉਥੇ ਨਹੀਂ ਸੀ ਜਾਣਾ। ਦੂਜੇ ਸਾਲ ਜਦੋਂ ਸੰਤ ਢਿੱਲਵੀ ਸਨ ਤੇ ਜਥੇਦਾਰ ਜੰਗੀਰ ਸਿੰਘ ਸੰਤਾਂ ਨੂੰ ਲੈਣ ਗਿਆ ਸੀ। ਉਥੇ ਸੰਤਾਂ ਨੇ ਆਖਿਆ ਕਿ ਉਥੇ ਤਾਂ ਭਗਤਾਂ ਨੇ ਗਿਆਨੀ ਜੀ ਨੂੰ ਕਥਾ ਕਰਵਾਉਣ ਦੇ ਲਈ ਬਿਠਾਇਆ ਹੋਇਆ ਹੈ ਤੇ ਸਾਨੂੰ ਉਥੇ ਲਿਜਾ ਕੇ ਕੀ ਕਰੇਗਾ। ਇਹ ਸੁਣ ਕੇ ਉਹ ਹੈਰਾਨ ਹੋ ਗਿਆ ਜਦੋਂ ਉਹ ਘਰ ਆਇਆ ਤਾਂ ਭਗਤ ਵੀ ਕੁੜਮ ਹੋਣ ਕਰਕੇ ਘਰ ਵਿਚ ਹੀ ਸਨ ਤੇ ਕਹਿਣ ਲੱਗਾ ਕਿ ਤੁਸੀਂ ਬੇਪਰਵਾਹੀ ਨਾਲ ਬਚਨ ਕਰ ਦਿੰਦੇ ਹੋ ਸੰਤਾਂ ਨੇ ਮੈਨੂੰ ਇਹ ਗੱਲ ਆਖੀ ਹੈ। ਇਹ ਸੁਣ ਕੇ ਆਪ ਚੁੱਪ ਕਰ ਗਏ ਅਤੇ ਦਿਲ ਵਿੱਚ ਆਖਿਆ ਕਿ ਅੱਗੇ ਤਾਂ ਕੋਈ ਖਿਆਲ ਨਹੀਂ ਸੀ ਪਰ ਹੁਣ ਕਥਾ ਜਰੂਰ ਕਰਵਾਵਾਂਗੇ। ਉਸ ਵਕਤ ਉਹ ਜੋ ਭਾਰੀ ਬਖਸ਼ਸ਼ ਹੋਈ ਇਸ ਤਰ੍ਹਾਂ ਆਪ ਜੀ ਨੇ ਗਿਆਨੀ ਜੀ ਤੋਂ ਐਸੀ ਕਥਾ ਕਰਵਾਈ ਕਿ ਸਾਰੇ ਸਿੰਘ ਹੈਰਾਨ ਹੋ ਗਏ ਕਿ ਸੰਤਾਂ ਵਰਗੀ ਕਥਾ ਕਰਦੇ ਹਨ। ਕਥਾ ਵੀ ਡੇਢ ਤੋਂ ਦੋ ਘੰਟੇ ਕਰਦੇ ਰਹੇ। ਝੋਕ ਵੀ ਗਿਆਨੀ ਜੀ ਨੇ ਕਥਾ ਕੀਤੀ ਤਾਂ ਸੰਤ ਅਖੀਰਲੇ ਦਿਨ ਉਥੇ ਆਏ ਤਾਂ ਸੰਤਾਂ ਨੇ ਵੀ ਕਥਾ ਸੁਣੀ ਤਾਂ ਬਾਅਦ ਵਿੱਚ ਸੰਤਾਂ ਨੇ ਕਿਹਾ ਕਿ ਇਹ ਭਗਤ ਆਪ ਅਕਰਸ਼ਣ ਸ਼ਕਤੀ ਨਾਲ ਸਭ ਕਰਵਾ ਰਹੇ ਹਨ।

ਉਥੇ ਸੰਤਾਂ ਦਾ ਭੂਰਿਆ ਨੂੰ ਜਾਣ ਦਾ ਪ੍ਰੋਗਰਾਮ ਸੀ ਅਤੇ ਭਾਈ ਕਰਤਾਰ ਸਿੰਘ ਜੀ ਨੇ ਆਪ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਹੁਣ ਭੂਰਿਆ ਵਿੱਚ ਵੀ ਦਰਸ਼ਨ ਦੇਣੇ ਕਿਉਂਕਿ ਪਿਛਲੀ ਵਾਰੀ ਲੋਕ ਕਥਾ ਸੁਣਨ ਵੀ ਬਹੁਤ ਹੀ ਘੱਟ ਆਏ ਸਨ ਅਤੇ ਕਿਸੇ ਨੇ ਮੱਦਦ ਵੀ ਨਹੀਂ ਕੀਤੀ ਸੀ। ਇਸ ਲਈ ਹੁਣ ਇਸ ਵਾਰ ਜਰੂਰ ਆ ਕੇ ਦਰਸ਼ਨ ਦਿਉ। ਇਹ ਸੁਣ ਕੇ ਆਪ ਜੀ ਦ੍ਰਵ ਗਏ ਅਤੇ ਆਖਣ ਲੱਗੇ ਕਿ "ਤੂੰ ਕੀ ਸਮਝਦਾ ਹੈ ਕਿ ਹੁਣ ਵੀ ਉਸੇ ਤਰ੍ਹਾਂ ਹੀ ਹੋਵੇਗਾ। ਲੈ ਹੁਣ ਅਸੀਂ ਆਵਾਂਗੇ ਐਤਕੀ ਪ੍ਰੋਗਰਾਮ ਇਉ ਨਿਭੇਗਾ ਜਿਸ ਤਰ੍ਹਾ ਬਿਜਲੀ ਬੱਦਲਾਂ ਵਿੱਚ ਚਮਕ ਕੇ ਅੱਖਾਂ ਚੁੰਧਿਆਂ ਜਾਂਦੀ ਹੈ। ਇਸ ਤਰ੍ਹਾਂ ਹੋਵੇਗਾ ਜੇ ਕੋਈ ਕੰਮ ਅੜਿਆ ਤਾਂ ਸਾਨੂੰ ਦੱਸੀ।

ਇਸੇ ਤਰ੍ਹਾਂ ਹੀ ਪਤਰਾਵਾਂ ਦੇ ਵਿੱਚ ਬਾਬਾ ਕੁਲਵੰਤ ਸਿੰਘ ਨੂੰ ਇਕ ਸਾਧੂ ਬੜਾ ਤੰਗ ਕਰਦਾ ਸੀ ਅਤੇ ਆਪ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਦਾ ਜੰਗ ਉਸ ਸਾਧੂ ਨਾਲ ਕਰਵਾਇਆ ਜਿਸ ਵਿੱਚ ਸਾਧੂ ਦੀ ਹਾਰ ਹੋਈ। ਜਦੋਂ ਆਪ ਜੀ ਭੂਰੀ ਬਾਬਾ ਕੁਲਵੰਤ ਸਿੰਘ ਜੀ ਨੂੰ ਨਾਲ ਲੈ ਕੇ ਪਹੁੰਚੇ ਤਾਂ ਸੰਤ ਬੜੇ ਹੈਰਾਨ ਹੋਏ। ਫਿਰ ਬਾਬਾ ਜੀ ਉਪਰ ਕਿਸੇ ਸਾਧੂ ਦਾ ਹਮਲਾ ਨਾ ਹੋਇਆ। ਫਿਰ ਬਾਬਾ ਜੀ ਦੀ ਰੱਖਿਆ ਨੌਵੇਂ ਪਾਤਸ਼ਾਹ ਦੇ ਖੰਡੇ ਅਤੇ ਦਸਵੇਂ ਪਾਤਸ਼ਾਹ ਦੇ ਤੀਰ-ਕਮਾਨ ਨਾਲ ਹੋਈ। ਫਿਰ ਆਪ ਜੀ ਤੇ ਵੀ ਇਕ ਹਮਲਾ ਹੋਇਆ ਜੋ ਵਾਪਸ ਪੁੱਠਾ ਹੀ ਪਿਆ।

ਇਸ ਤਰ੍ਹਾਂ ਪੱਟੀ ਵਾਲੇ ਸਿੰਘ ਸੰਤ ਗਿ: ਗੁਰਬਚਨ ਸਿੰਘ ਜੀ ਤੋਂ ਪ੍ਰੋਗਰਾਮ ਲੈਣ ਲਈ ਆਏ ਜਿੰਨਾ ਨੂੰ ਜੁਆਬ ਦਿੱਤਾ ਗਿਆ ਛੀਨੇਵਾਲ ਵਾਲੇ ਅਤੇ ਹੋਰ ਵੀ ਆਏ ਸਨ ਤਾਂ ਸਭਨਾਂ ਨੂੰ ਜੁਆਬ ਦਿੱਤਾ। ਫਿਰ ਪੱਟੀ ਵਾਲੇ ਸਿੰਘਾਂ ਨੇ ਆਪ ਜੀ ਨੂੰ ਬੇਨਤੀ ਕੀਤੀ ਤਾਂ ਆਪ ਜੀ ਨੇ ਉਹਨਾਂ ਨੂੰ ਫਿਰ ਸੰਤਾਂ ਕੋਲ ਭੇਜਿਆ ਤਾਂ ਭਾਈ ਕਰਤਾਰ ਸਿੰਘ ਜੀ ਨੇ ਸੰਤਾਂ ਕੋਲ ਬੈਠੇ ਹੀ ਨਾਂਹ ਕਰ ਦਿੱਤੀ ਤਾਂ ਸੰਤਾਂ ਨੇ ਆਖਿਆ ਕਿ ਇਹ ਪ੍ਰੋਗਰਾਮ ਭਗਤ ਮੰਗਦੇ ਹਨ ਤਾਂ ਭਾਈ ਕਰਤਾਰ ਸਿੰਘ ਜੀ ਚੁੱਪ ਕਰ ਗਏ ਤੇ ਫਿਰ ਸੰਤ ਜੀ ਜੱਥੇ ਸਮੇਤ ਪੱਟੀ ਪਹੁੰਚੇ।




**ਸ਼੍ਰੀ ਮਾਨ ਭਗਤ ਉਜਾਗਰ ਸਿੰਘ ਜੀ ਜੱਥੇ ਸਮੇਤ**

## ਹਜ਼ੂਰ ਸਾਹਿਬ ਦੀ ਸਾਖੀ

ਜਦੋਂ ਆਪ ਜੀ ਹਜ਼ੂਰ ਸਾਹਿਬ ਸਨ ਤਾਂ ਉਥੇ ਭਾਈ ਕਰਤਾਰ ਸਿੰਘ ਜੀ ਨੇ ਆਪ ਜੀ ਨੂੰ ਕਿਹਾ ਕਿ ਹੁਣ ਤਾਂ ਕਦੀ ਤੁਹਾਡੇ ਸਿੰਘਾਂ ਨੇ ਇਹ ਨਹੀਂ ਦੱਸਿਆ ਕਿ ਸਾਨੂੰ ਆਹ ਨਜਾਰਾ ਹੋਇਆ ਤੇ ਹੁਣ ਆਹ ਨਜ਼ਾਰਾਂ ਹੋਇਆ ਤਾਂ ਆਪ ਜੀ ਨੇ ਵਿਚਾਰ ਕੀਤਾ ਤਾਂ ਸਮਝ ਗਏ ਕਿ ਸਾਡੇ ਸਿੰਘਾਂ ਦੀ ਸੁਰਤ ਨੂੰ ਸੰਤਾਂ ਨੇ ਖਿੱਚ ਲਿਆ ਹੈ ਅਤੇ ਖਿਆਲ ਕੀਤਾ ਕਿ ਹੁਣ ਅਸੀਂ ਆਪਣੇ ਸਿੰਘਾਂ ਨੂੰ ਇੱਥੇ ਹੀ ਉਹਨਾਂ ਦੀ ਕਮਾਈ ਦਿਵਾਵਾਂਗੇ। ਜਦੋਂ ਆਪ ਪਤਰਾਵਾਂ ਪਹੁੰਚੇ ਤਾਂ ਆਪ ਨੇ ਆਪਣੇ ਸਿੰਘਾਂ ਨੂੰ ਆਖਿਆ ਕਿ ਜਦੋਂ ਹੁਣ ਸੰਤ ਕਥਾ ਕਰਨਗੇ ਤੁਸੀਂ ਜੁੜ ਕੇ ਬੈਠਣਾ ਤੇ ਹੁਣ ਤੁਹਾਡੇ ਉਤੇ ਉਸੇ ਤਰ੍ਹਾਂ ਕਿਰਪਾ ਹੋਵੇਗੀ ਅਤੇ ਫਿਰ

ਸਿੰਘਾਂ ਨੇ ਦੱਸਿਆ ਕਿ ਹੁਣ ਸਾਡੇ ਉਤੇ ਇਉ ਕਿਰਪਾ ਹੋਈ ਹੈ ਜਿਵੇਂ ਸੂਰਜ ਵਿੱਚੋਂ ਕਿਰਨਾਂ ਨਿਕਲਦੀਆਂ ਹਨ ਅਤੇ ਸਾਡੇ ਸਰੀਰ ਨਾਲ ਚਿੰਬੜ ਗਈਆਂ ਹਨ ਪਰ ਸ਼੍ਰੀਮਾਨ ਜੀ ਦੀ ਬਿਰਤੀ ਨੂੰ ਫਿਰ ਖਿੱਚ ਲਿਆ ਸੀ। ਜਦੋਂ ਆਪ ਜੀ ਆਸਣ ਤੇ ਪਹੁੰਚੇ ਤਾਂ ਸ਼੍ਰੀਮਾਨ ਨੂੰ ਆਪ ਜੀ ਨੇ ਸਾਹਮਣੇ ਬਿਠਾ ਕੇ ਅੱਧਾ ਘੰਟਾਂ ਬ੍ਰਹਮ ਦਾ ਕਰੰਟ ਰੱਖਿਆ ਅਤੇ ਉਥੇ ਗੁਰੂ ਸਾਹਿਬ ਜੀ ਪ੍ਰਗਟ ਹੋ ਗਏ ਅਤੇ ਸੰਤਾਂ ਦੀ ਸੂਖਮ ਦੇਹ ਨੂੰ ਸੱਦ ਕੇ ਅਤੇ ਭਾਈ ਕਰਤਾਰ ਸਿੰਘ ਜੀ ਦੀ ਸੂਖਮ ਦੇਹ ਨੂੰ ਸੱਦ ਕੇ ਸੰਤਾਂ ਕੋਲੋਂ ਸ਼੍ਰੀਮਾਨ ਦੀ ਕਮਾਈ ਦਿਵਾਈ।

ਫਿਰ ਜਦੋਂ ਸੰਤਾਂ ਨੇ ਸਰੀਰ ਛੱਡਿਆ ਤਾਂ ਆਪ ਜੀ ਕਬਰ ਵਾਲੇ ਪਿੰਡ ਗਏ ਹੀ ਸਨ। ਉਥੇ ਹੀ ਦਰਸ਼ਨ ਸਿੰਘ ਪਤਰਾਵਾਂ ਵਾਲਾ ਆਪ ਜੀ ਕੋਲ ਰਾਤ ਦੇ ਗਿਆਰਾਂ ਵਜ੍ਹੇ ਪਹੁੰਚਿਆ ਅਤੇ ਆਪ ਜੀ ਉਥੋਂ ਸਵੇਰੇ ਤਿੰਨ ਵਜੇ ਚੱਲ ਪਏ। ਆਪ ਜੀ ਨੇ ਦਰਸ਼ਨ ਸਿੰਘ ਨੂੰ ਕਿਹਾ ਸੀ ਕਿ ਸਾਨੂੰ ਸਿੱਧਾ ਪਾਤਲਪੁਰੀ ਜਾਣ ਦੇ ਪਰ ਉਸ ਨੇ ਆਖਿਆ ਕਿ ਪਹਿਲੇ ਆਪਾਂ ਭਿੰਡਰੀ ਚਲੀਏ। ਇਸ ਕਰਕੇ ਆਪ ਜਦੋਂ ਪਤਾਲਪੁਰੀ ਅੱਪੜੇ ਤਾਂ ਸੰਤਾਂ ਦਾ ਸੰਸਕਾਰ ਹੋ ਚੁੱਕਾ ਸੀ ਅਤੇ ਸ੍ਰ. ਗੁਰਮੁਖ ਸਿੰਘ ਨੇ ਉਸੇ ਵੇਲੇ ਸੰਤਾਂ ਦੀ ਚਿਖਾ ਵਿੱਚ ਛਾਲ ਮਾਰੀ ਸੀ।

ਸ੍ਰ. ਅਵਤਾਰ ਸਿੰਘ ਨੇ ਜੋ ਭਗਤ ਉਜਾਗਰ ਸਿੰਘ ਜੀ ਦੇ ਨਾਲ ਸੀ ਉਸਦਾ ਵੀ ਚਿੱਤ ਕੀਤਾ ਸਰੀਰ ਤਿਆਗਣ ਦਾ ਪਰ ਆਪ ਜੀ ਦੇ ਦਰਸ਼ਨ ਕਰਕੇ ਉਸਨੂੰ ਧੀਰਜ ਮਿਲਿਆ ਤੇ ਪ੍ਰਣ ਕੀਤਾ ਕਿ ਜਿੰਨਾ ਚਿਰ ਆਪ ਜੀ ਸਰੀਰ ਵਿੱਚ ਰਹੋਗੇ ਉਨ੍ਹਾਂ ਚਿਰ ਹੀ ਮੈਂ ਵੀ ਸਰੀਰ ਵਿੱਚ ਰਹਾਂਗਾ ਅਤੇ ਫਿਰ ਭਗਤ ਜੀ ਨੇ ਉਸਨੂੰ ਗੁਰਬਾਣੀ ਦੇ ਫੁਰਮਾਨ ਰਾਹੀਂ ਸਮਝਾਉਣਾ ਵੀ ਕੀਤਾ।

– **ਸਤੀਆ ਏਹਿ ਨਾ ਆਖੀਅਨਿ ਜੋ ਮੜਿਆ ਲਗਿ ਜਲੰਨਿ ॥**

ਅਤੇ ਫਿਰ ਅਵਤਾਰ ਸਿੰਘ ਨੂੰ ਬੜਾ ਧੀਰਜ ਬਖਸ਼ਿਆ। ਫਿਰ ਉਸਨੇ ਆਪ ਜੀ ਦੀ ਸੇਵਾ ਵਿਚ ਰਹਿਣ ਦੀ ਬੇਨਤੀ ਕੀਤੀ ਤਾਂ ਆਪ ਜੀ ਨੇ ਦਿਆਲਤਾ ਦੇ ਨਾਲ ਬੇਨਤੀ ਪ੍ਰਵਾਨ ਕਰ ਲਈ। ਫਿਰ ਸਾਰੀਆਂ ਸੰਗਤਾਂ ਪਾਤਾਲਪੁਰੀ ਤੋ ਆਨੰਦਪੁਰ ਸਾਹਿਬ ਅਤੇ ਫਿਰ ਭਿੰਡਰੀ ਪੁੱਜੀਆਂ।

ਹਲਵਾਰੇ ਵਿੱਚ ਆਪ ਜੀ ਦੇ ਆਸਣ ਤੇ ਬੜੇ ਸਿੰਘ ਆ ਕੇ ਪ੍ਰੇਮ ਨਾਲ ਬਚਨ ਸੁਣਦੇ ਸਨ ਅਤੇ ਜਦੋਂ ਆਪ ਜੀ ਸੰਤਾਂ ਦੇ ਨਾਲ ਘਰਾਂ ਵਿੱਚ ਪ੍ਰਸਾਦਾ ਛਕਣ ਜਾਂਦੇ ਤਾਂ ਉੱਥੇ ਵੀ ਬਚਨ ਕਰ ਧੀਰਜ ਬਖਸ਼ਦੇ ਸਨ। ਇਕ ਕਲਰਕ ਜੰਗੀਰ ਸਿੰਘ ਦਾ ਦਿਲ ਆਪ ਜੀ ਦੇ ਬਚਨਾ ਨਾਲ ਟਿਕ ਗਿਆ ਸੀ। ਇਕ ਮਾਈ ਜਿਸ ਨੂੰ ਘਰ ਵਿੱਚ ਬੜਾ ਦੁੱਖ ਸੀ ਤੇ ਆਪ ਜੀ ਕੋਲ ਆ ਕੇ ਰੋ ਪਈ। ਆਪ ਜੀ ਨੇ ਦਇਆ ਵਿੱਚ ਆ ਕੇ ਐਸੇ ਬਚਨ ਕੀਤੇ ਕਿ ਉਸਦਾ ਚਿੱਤ ਟਿਕ ਗਿਆ ਅਤੇ ਦੁਖ ਦੂਰ ਹੋਣ ਲਈ ਬਚਨ ਕੀਤਾ।

– **ਸੰਤ ਮਿਲੈ ਕਿਛੁ ਸੁਣੀਐ ਕਹੀਐ ॥**
**ਮਿਲੈ ਅਸੰਤੁ ਮਸਟਿ ਕਰ ਰਹੀਐ ॥**

ਇੱਥੇ ਮਸੀਤ ਵਿੱਚ ਕਥਾ ਹੋਇਆ ਕਰਦੀ ਸੀ। ਉਥੇ ਦਸਦੇ ਸਨ ਕਿ ਤਕਰੀਬਨ ਨੌ ਮਸੀਤਾ ਸਨ। ਉਥੇ ਗੁਪਤ ਰੂਹਾਂ ਵਿੱਚ ਮੁਸਲਮਾਨ ਆ ਜਾਂਦੇ ਸਨ। ਫਿਰ ਆਪ ਜੀ ਨੇ ਜਦੋਂ ਗੁਰੂ ਸਾਹਿਬ ਜੀ ਅੱਗੇ ਬੇਨਤੀ ਕੀਤੀ ਤਾਂ ਸ਼ਹੀਦੀ ਫੌਜਾਂ ਆ ਗਈਆਂ ਅਤੇ ਉਹਨਾਂ ਦੇ ਆਉਣ ਤੇ ਸਾਰੇ ਭੱਜ ਗਏ ਅਤੇ ਉਸ ਤੋਂ ਬਾਅਦ ਕਦੇ ਵੀ ਕੋਈ ਮਸੀਤ ਦੇ ਨੇੜੇ ਨਾ ਆਇਆ। ਸ਼ਾਮ ਸਿੰਘ ਮੋਨੀ ਜੋ ਆਪ ਜੀ ਨੂੰ ਭਿੰਡਰੀ ਮਿਲਿਆ ਸੀ ਉਸ ਉਤੇ ਵੀ ਗੁਰੂ ਸਾਹਿਬ ਜੀ ਦੀ ਕਿਰਪਾ ਸੀ ਅਤੇ ਉਸਨੇ ਆਪ ਜੀ ਤੋਂ ਕਈ ਗੁਪਤ ਬਚਨ ਸੁਣੇ ਅਤੇ ਸੁਣਾਏ। ਉਸ ਨੇ ਸਰੀਰ ਛੱਡਣ ਤੋਂ ਬਾਅਦ ਭਾਈ ਅਵਤਾਰ ਸਿੰਘ ਉਰਫ ਜੋੜਾ ਭਗਤ ਉਹਨਾਂ ਨੂੰ ਭਗਤ ਜੀ ਬਾਰੇ ਦੱਸਿਆ। ਭਗਤ ਜੀ ਪਹਿਲਾਂ ਬਸ਼ਿਸ਼ਟ ਮੁਨੀ ਸਨ ਅਤੇ ਫਿਰ ਭਾਈ ਰਾਮ ਕੌਰ ਬਣੇ ਸਨ।

ਹਲਵਾਰੇ ਭਾਈ ਸੰਤੋਖ ਸਿੰਘ ਕਾਫੀ ਚਿਰ ਰਿਹਾ ਅਤੇ ਛੀਨੇਵਾਲ ਵੀ ਰਿਹਾ ਸੀ। ਉਹ ਗਿਆਨੀ ਗੁਰਨਾਮ ਸਿੰਘ ਨੂੰ ਕਹਿੰਦਾ ਹੁੰਦਾ ਸੀ ਕਿ ਮੈਂ ਕਿਸੇ ਪੂਰਨ ਸਾਧੂ ਦੀ ਸੰਗਤ ਕਰਨੀ ਹੈ ਜਦੋਂ ਆਪ ਜੀ ਕੋਲ ਆ ਕੇ ਭਾਈ ਸੰਤੋਖ ਸਿੰਘ ਨੇ ਬਚਨ ਸੁਣੇ ਤਾਂ ਉਸਦੀ ਨਿਸ਼ਾ ਹੋ ਗਈ। ਪਹਿਲਾਂ ਉਸਨੇ ਪੰਦਰਾਂ ਪਾਠ ਜਪੁਜੀ ਸਾਹਿਬ ਦੇ ਕਰਨੇ ਸ਼ੁਰੂ ਕੀਤੇ ਅਤੇ ਹੌਲੀ ਹੌਲੀ ਵਧਾਕੇ ਪੰਜਾਹ ਪਾਠ ਵੀ ਕਰਦਾ ਰਿਹਾ ਅਤੇ ਉਸਨੂੰ ਗੁਰੂ ਨਾਨਕ ਸਾਹਿਬ ਜੀ ਦਾ ਕੁਝ ਨਜਾਰਾ ਵੀ ਹੋਇਆ।

**ਸ਼੍ਰੀ ਅੰਮ੍ਰਿਤਸਰ ਸਾਹਿਬ**

ਫਿਰ ਆਪ ਜੀ ਪਿੰਡ ਵਿੱਚ ਸੰਤਾਂ ਨਾਲ ਵਿਚਰਦੇ ਹੋਏ ਪ੍ਰਚਾਰ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਉਥੇ ਸੰਤਾਂ ਨੇ ਮੰਜੀ ਸਾਹਿਬ ਵਿਖੇ ਸਵੇਰ ਦੇ ਟਾਈਮ ਛੇ ਸੱਤ ਦਿਨ ਕਥਾ ਕੀਤੀ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਪੰਜ ਸੌ ਸਾਲਾਂ ਬਰਸੀ ਬੜੀ ਧੂਮ-ਧਾਮ ਨਾਲ ਮਨਾਈ ਗਈ। ਉਸਦਾ ਜੋ ਭਾਰੀ ਜਲੂਸ ਨਿਕਲਿਆ ਸੀ ਜਿਸ ਵਿੱਚ ਕਈ ਰਾਗੀ ਜੱਥੇ, ਢਾਡੀ ਜੱਥੇ, ਲੈਕਚਰਾਰ ਅਤੇ ਕਈ ਸਕੂਲ ਦੇ ਵਿਦਿਆਰਥੀ ਅਤੇ ਪੰਜਾਬ ਤੋਂ ਬਾਹਰ ਦੀ ਬਹੁਤ ਭਾਰੀਆਂ ਸੰਗਤਾਂ ਸਨ। ਤਿੰਨ-ਤਿੰਨ ਵਾਰ ਸੰਤਾਂ ਦੇ ਜੱਥੇ ਦਾ ਜਲੂਸ ਵਿੱਚ ਸ਼ਾਮਲ ਹੋਣਾ। ਰੇਡੀਓ ਤੇ ਬਰਾਡ ਟੈਲੀਕਾਸਟ ਕੀਤਾ ਗਿਆ ਅਤੇ ਆਪ ਜੀ ਤੇ ਸੰਤਾਂ ਨੂੰ ਕਾਰ ਵਿੱਚ ਬਿਠਾਇਆ ਗਿਆ ਸੀ।

ਆਪ ਜੀ ਨੇ ਹਲਵਾਰੇ, ਫਰਵਾਹੀ, ਸੰਗੇੜੇ, ਛੀਨੇਵਾਲ, ਧਨੌਲਾ, ਕਲਾਲ, ਬੌਪਾਰਾਇ ਭੰਮੇ, ਮੌੜ ਆਦਿਕ ਸਥਾਨਾਂ ਤੇ ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਲੱਗ ਕੇ ਕਈ ਵਾਰ ਉਪਦੇਸ਼ ਕਰਕੇ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਉਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਆਪ ਜੀ ਨੇ ਪੰਜਾਂ ਸਰੋਵਰਾਂ ਦੀ ਯਾਤਰਾ ਕੀਤੀ ਉਥੇ ਹੀ ਕਪੂਰ ਸਿੰਘ ਬਰਾੜ ਜੋ ਕਿ ਹਰਿਮੰਦਰ ਸਾਹਿਬ ਹੈੱਡ ਗ੍ਰੰਥੀ ਸਨ। ਉਹਨਾਂ ਨੇ ਆਪਣੀ ਸਿੰਘਣੀ ਨੂੰ ਨਾਲ ਲੈ ਕੇ ਆਪਣੇ ਇਤਿਫਾਕ ਅਤੇ ਬੀਮਾਰੀ ਲਈ ਬਚਨ ਕੀਤੇ ਜਿਨ੍ਹਾਂ ਬਾਰੇ ਉਹ

ਕਾਫੀ ਮਾਇਆ ਖ਼ਰਚ ਕਰ ਚੁੱਕੇ ਸਨ ਅਤੇ ਫਿਰ ਆਪ ਜੀ ਨੇ ਉਹਨਾਂ ਦੇ ਨਮਿੱਤ ਇਕ ਅਖੰਡ ਪਾਠ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰਾਉਣ ਦੀ ਅਰਦਾਸ ਕੀਤੀ। ਉਸਤੋਂ ਬਾਅਦ ਉਹਨਾ ਨੇ ਦੱਸਿਆ ਕਿ ਬੀਬੀ ਬਿਲਕੁਲ ਰਾਜੀ ਹੋ ਗਈ ਸੀ ਅਤੇ ਇਤਫਾਕ ਵੀ ਚੰਗਾ ਹੋ ਗਿਆ ਸੀ।

ਹੈੱਡਗ੍ਰੰਥੀ ਗਿਆਨੀ ਕਿਰਪਾਲ ਸਿੰਘ ਜੀ ਵੀ ਆਪ ਜੀ ਦੇ ਆਸਣ ਤੇ ਆ ਕੇ ਕਾਫੀ ਬਚਨ ਬਿਲਾਸ ਕਰਦੇ ਰਹਿੰਦੇ ਸਨ। ਇਕ ਵਾਰ ਆਪ ਜੀ ਨੂੰ ਸੰਤਾਂ ਸਮੇਤ ਇਕ ਗੁਰਦੁਆਰੇ ਦੀ ਨੀਂਹ ਵੀ ਰਖਵਾਈ ਸੀ। ਉਥੇ ਆਪ ਜੀ ਕੋਲ ਪਤਰਾਵਾਂ ਦੇ ਸਿੰਘ ਆ ਕੇ ਮਿਲੇ ਸਨ। ਫਿਰ ਆਪ ਜੀ ਜਥੇ ਸਮੇਤ ਪਤਰਾਵਾਂ ਪਹੁੰਚ ਗਏ। ਪਤਰਾਵਾਂ ਵਿੱਚ ਦਸ ਦਿਨ ਦਾ ਪ੍ਰੋਗਰਾਮ ਬੜੀ ਧੂਮਧਾਮ ਨਾਲ ਹੋਇਆ। ਪ੍ਰੋਗਰਾਮ ਤੋਂ ਪਹਿਲਾਂ ਪਤਰਾਵਾਂ ਦੀ ਸੰਗਤ ਨੇ ਪ੍ਰੋਗਰਾਮਾਂ ਦੇ ਸੰਪੂਰਨ ਹੋਣ ਦੀ ਅਰਦਾਸ ਕਰਵਾਈ ਸੀ। ਇਸ ਤਰ੍ਹਾਂ ਆਪ ਜੀ ਬਰਨਾਲੇ ਦੇ ਕੋਲ ਫਰਵਾਹੀ ਪਿੰਡ ਵੀ ਗਏ ਉਥੇ ਵੀ ਆਪ ਜੀ ਨਾਮ ਬਾਣੀ ਦਾ ਪ੍ਰਚਾਰ ਕਰਦੇ ਰਹੇ। ਫਿਰ ਆਪ ਜੀ ਰਾਜਗੜ੍ਹ ਅਤੇ ਉਥੋਂ ਧਨੌਲੇ ਜੱਥੇ ਸਮੇਤ ਗਏ। ਇਥੇ ਆਪ ਜੀ ਨੇ ਇਕ ਸਿੰਘ ਦੇ ਕੋਲੋਂ ਸੰਤ ਅਤਰ ਸਿੰਘ ਜੀ ਦੇ ਜੀਵਨ ਦਾ ਪਹਿਲਾ ਭਾਗ ਸੁਣਿਆ। ਇੱਥੇ ਆਪ ਜੀ ਨੇ ਭਾਈ ਬਚਨ ਸਿੰਘ ਭਿੰਡਰਾਂ ਵਾਲੇ ਦੀ ਸ਼ਹੀਦਾਂ ਤੋਂ ਰੱਖਿਆ ਕੀਤੀ ਅਤੇ ਜਿੱਥੋਂ ਉਹ ਸ਼ਹੀਦ ਸਿੰਘ ਆਏ ਸਨ ਉਹਨਾਂ ਨੂੰ ਪੁੱਠੇ ਉਧਰੇ ਹੀ ਮੋੜ ਦਿੱਤਾ। ਬਚਨ ਸਿੰਘ ਦੀ ਹਾਲਤ ਨੂੰ ਵੇਖ ਕੇ ਸਾਰੇ ਹੈਰਾਨ ਹੋ ਗਏ ਸਨ।

## ਹੇਮਕੁੰਟ ਸਾਹਿਬ ਯਾਤਰਾਂ ਬਾਰੇ

ਗਿ: ਗੁਰਨਾਮ ਸਿੰਘ ਜਦੋਂ ਪਿੰਡ ਸ਼ੇਰੋਂ ਵਿੱਚ ਰਹਿੰਦਾ ਸੀ। 1967 ਈ. ਵਿੱਚ ਆਪ ਜੀ ਨੂੰ ਹੇਮਕੁੰਟ ਜਾਣ ਲਈ ਆਖਿਆ ਅਤੇ ਫਿਰ ਪਿੰਡ ਵਿਚੋਂ ਪੰਜ ਜਿਮੀਦਾਰਾਂ ਨੂੰ ਤਿਆਰ ਕਰਕੇ ਆਪ ਜੀ ਨੂੰ ਆਪਣੇ ਪਿੰਡ ਲੈ ਗਿਆ। ਉਥੇ ਆਪ ਜੀ ਦਾ ਬਹੁਤ ਹੀ ਸਤਿਕਾਰ ਕੀਤਾ ਤੇ ਮੁਖਵਾਕ ਦੀ ਆਪ ਜੀ ਤੋਂ ਕਥਾ ਵੀ ਕਰਵਾਈ। ਆਪ ਜੀ ਦੇ ਨਾਲ ਬਾਬਾ ਕੁਲਵੰਤ ਸਿੰਘ ਜੀ ਵੀ ਸਨ ਅਤੇ ਦਰਸ਼ਨ ਸਿੰਘ ਪਤਰਾਵਾਂ ਵਾਲਾ ਵੀ ਨਾਲ ਗਿਆ ਸੀ। ਆਪ ਜੀ ਨੇ ਹੇਮਕੁੰਟ ਸਾਹਿਬ ਨੂੰ ਜਾਣ ਸਮੇਂ ਗਿਆਨੀ ਗੁਰਨਾਮ ਸਿੰਘ ਜੀ ਨੂੰ ਕਿਹਾ ਕਿ ਤੁਹਾਨੂੰ ਕਿਸੇ ਸ਼ਕਤੀ ਨੇ ਪ੍ਰੇਰਨਾ ਹੈ ਜਿਸ ਨੇ ਸਾਡੇ ਤੋਂ ਤੈਨੂੰ ਉਲਟ ਕਰ ਦੇਣਾ ਹੈ। ਉਸ ਵੇਲੇ ਗਿਆਨੀ ਜੀ ਨੇ ਆਪਣੀ ਲਾਪਰਵਾਹੀ ਵਿੱਚ ਕਿਹਾ ਮੈਂ ਆਪ ਜੀ ਤੋਂ ਕਦੇ ਵੀ ਉਲਟ ਹੋ ਨਹੀਂ ਸਕਦਾ। ਐਸੇ ਟਾਈਮ ਵਿੱਚ ਜੇਕਰ ਇਸਦੀ ਨਵਿਰਤੀ ਵਾਸਤੇ ਬੇਨਤੀ ਕਰਦੇ ਤਾਂ ਐਸਾ ਨਾ ਹੁੰਦਾ ਪਰ ਮਹਾਰਾਜ ਜੀ ਨੇ ਐਸਾਂ ਭਾਣਾਂ ਵਰਤਾਇਆ ਰਾਹ ਵਿੱਚ ਗਿਆਨੀ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਜੋ ਪੰਜ ਗ੍ਰੰਥੀ ਦਾ ਪਾਠ ਰੋਜ਼ ਕਰਦੇ ਹੁੰਦੇ ਸਨ ਬਾਬਾ ਕੁਲਵੰਤ ਸਿੰਘ ਜੀ ਜਦੋਂ ਆਪ ਜੀ ਕੋਲ ਆਉਂਦੇ ਤਾਂ ਆਪ ਜੀ ਬਾਬਾ ਕੁਲਵੰਤ ਸਿੰਘ ਜੀ ਕੋਲੋਂ ਬਾਣੀ ਸੁਣ ਲੈਂਦੇ ਸਨ। ਗਿਆਨੀ ਗੁਰਨਾਮ ਸਿੰਘ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਨੂੰ

ਬਾਣੀ ਪੜਨ ਸਮੇਂ ਆਖਿਆ ਕਿ ਇਹ ਸਿੰਘ ਬਾਣੀ ਬਹੁਤ ਗਲਤ ਪੜ੍ਹਦਾ ਹੈ ਤਾਂ ਆਪ ਜੀ ਨੇ ਕਿਹਾ ਕਿ ਇਸ ਵਿਚਾਰੇ ਨੂੰ ਕੰਮ ਰਹਿਣ ਕਰਕੇ ਰਾਤ ਨੂੰ ਨਿਤਨੇਤ ਕਰਨ ਜੋਗਾ ਟਾਈਮ ਹੀ ਲਗਦਾ ਹੈ। ਇਸ ਲਈ ਮਹਾਰਾਜ ਨੂੰ ਇਸ ਦਾ ਪ੍ਰੇਮ ਨਾਲ ਕੀਤਾ ਹੋਇਆ ਪਾਠ ਭਾਉਂਦਾ ਹੈ। ਇਸ ਤੋਂ ਬਾਅਦ ਦੋ ਵਾਰ ਫਿਰ ਗਿਆਨੀ ਜੀ ਨੇ ਟੋਕਿਆ। ਇਸ ਪਰ ਆਪ ਜੀ ਨੇ ਆਪਣੇ ਗੜਵਈ ਦੀ ਨਿਰਾਦਰੀ ਨਾ ਸਹਾਰਦੇ ਹੋਏ ਕਿਹਾ ਕਿ ਅਸੀਂ ਵੇਖੇ ਹਨ। ਤੇਰੇ ਵਰਗੇ ਵਿਕਾਰੀ ਜਿਹੜੇ ਲੜਕੀਆਂ ਦੇ ਪਿੱਛੇ ਤੁਰੇ ਫਿਰਦੇ ਹਨ। ਇਹਨਾਂ ਬਚਨਾ ਦੇ ਕਹਿਣ ਨਾਲ ਗਿ: ਗੁਰਨਾਮ ਸਿੰਘ ਜੀ ਦੇ ਮਨ ਵਿੱਚ ਮੈਲ ਆ ਗਈ ਤੇ ਇਵੇਂ ਹੀ ਹੋਇਆ ਅਤੇ ਗਿਆਨੀ ਜੀ ਮਸਾਂ ਹੀ ਗੰਡਾਸੇ ਅਤੇ ਡਾਗਾਂ ਵਾਲਿਆਂ ਤੋਂ ਬਚੇ। ਇਸ ਸਮੇਂ ਆਪਣਿਆਂ ਸਾਥੀਆਂ ਨੂੰ ਛੱਡ ਗਏ ਬਾਬਾ ਕੁਲਵੰਤ ਸਿੰਘ ਜੀ ਜਦੋਂ ਤੁਰਕੇ ਯਾਤਰਾ ਕਰਨ ਲੱਗੇ ਤਾਂ ਆਪ ਜੀ ਨੇ ਕਿਹਾ ਕਿ ਸਿੰਘਾਂ ਉੱਚੀ-ਉੱਚੀ ਬਾਣੀ ਪੜ੍ਹੀ ਚੱਲ ਇੰਨਾਂ ਬਚਨਾਂ ਨਾਲ ਹੀ ਬਾਬਾ ਜੀ ਤੋੜ ਤੱਕ ਉੱਚੀ-ਉੱਚੀ ਬਾਣੀ ਪੜਦੇ ਹੋਏ ਸ਼੍ਰੀ ਹੇਮਕੁੰਟ ਸਾਹਿਬ ਪਹੁੰਚੇ।

ਗਿਆਨੀ ਜੀ ਦੇ ਸਾਥੀ ਜਦੋਂ ਵੀ ਤੁਰਨ ਲੱਗਦੇ ਸਨ ਉਸੇ ਵਕਤ ਹੀ ਥੱਕ ਕੇ ਬਹਿ ਜਾਂਦੇ ਸਨ। ਉਹਨਾਂ ਵਿੱਚੋ ਇੱਕ ਫੌਜੀ ਸਿੰਘ ਵੀ ਸੀ। ਉਹ ਆਪਜੀ ਨੂੰ ਦੇਖ ਕੇ ਕਹਿਣ ਲੱਗੇ ਕਿ ਸਾਨੂੰ ਵੀ ਕੋਈ ਜੁਗਤੀ ਦੱਸੋ ਤਾਂ ਆਪ ਜੀ ਦੇ ਕਹਿਣ ਤੇ ਉਹ ਵਾਹਿਗੁਰੂ ਵਾਹਿਗੁਰੂ ਕਹਿਣ ਲੱਗ ਪਏ ਅਤੇ ਪਿੱਛੇ-ਪਿੱਛੇ ਤੁਰਨ ਲੱਗੇ। ਉਹਨਾਂ ਦਾ ਸਾਰਾ ਥਕੇਵਾਂ ਆਪਣੇ ਸਰੀਰ ਤੇ ਲੈ ਲਿਆ। ਇਹ ਥਕੇਵਾਂ ਆਪ ਜੀ ਨੂੰ ਇਕ ਮੀਲ ਬਹੁਤ ਹੀ ਭਾਸਿਆ ਇਸ ਤਰ੍ਹਾਂ ਆਪ ਜੀ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਉਪਰ ਸ੍ਰੀ ਹੇਮਕੁੰਟ ਸਾਹਿਬ ਪਹੁੰਚੇ ਉਪਰ ਪਹੁੰਚ ਕੇ ਆਪ ਜੀ ਨੇ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਦੋ ਮਿੰਟ ਵਿੱਚ ਚੁੱਭੀ ਮਾਰ ਕੇ ਵਿੱਚੇ ਹੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਆਪਣੇ ਕੱਪੜੇ ਪਹਿਨ ਕੇ ਅਸਥਾਨ ਦੀ ਯਾਤਰਾ ਕੀਤੀ। ਅਸਥਾਨ ਦੀ ਯਾਤਰਾ ਕਰਕੇ ਹੇਠਾਂ ਉਤਰੇ ਰਾਹ ਵਿੱਚ ਆਉਣ ਵੇਲੇ ਸੰਗਤਾਂ ਦੀ ਬਦਰੀਨਾਥ ਦੇ ਦਰਸ਼ਨ ਕਰਨ ਦੀ ਇੱਛਾ ਹੋਈ। ਇਕ ਦਿਨ ਸਵੇਰੇ ਹੀ ਜਦੋਂ ਨਿਤਨੇਮ ਕਰਦੇ ਸਨ ਉਸ ਵੇਲੇ ਆਪ ਜੀ ਨੂੰ ਬਦਰੀਨਾਥ ਨੇ ਆਪਣੇ ਸੇਵਕ ਸਮੇਤ ਦਰਸ਼ਨ ਦਿੱਤੇ। ਫਿਰ ਜਦੋਂ ਆਪ ਮੋਟਰਗੱਡੀ ਰਾਹੀਂ ਆ ਰਹੇ ਸਨ ਆਪ ਜੀ ਨੂੰ ਗਿਆਨੀ ਉਥੇ ਨੇੜੇ ਹੀ ਪ੍ਰਤੀਤ ਹੋਇਆ ਤਾਂ ਫਿਰ ਭਗਤ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਨੂੰ ਭੇਜਿਆ ਅਤੇ ਫਿਰ ਬਾਬਾ ਕੁਲਵੰਤ ਸਿੰਘ ਜੀ ਨੇ ਗਿਆਨੀ ਗੁਰਨਾਮ ਸਿੰਘ ਜੀ ਨੂੰ ਭਾਲ ਲਿਆ। ਉਸ ਵਕਤ ਗਿਆਨੀ ਜੀ ਫੱਟੜ ਹੋਏ ਸਨ ਅਤੇ ਗੋਡੇ ਵਿੱਚ ਦਰਦ ਹੁੰਦਾ ਸੀ। ਫਿਰ ਗਿਆਨੀ ਜੀ ਨੂੰ ਮੋਟਰ ਗੱਡੀ ਵਿੱਚ ਬਿਠਾ ਲਿਆ।

ਫਿਰ ਗਿਆਨੀ ਗੁਰਨਾਮ ਸਿੰਘ ਜਦੋਂ ਬਾਅਦ ਵਿੱਚ ਆਪ ਜੀ ਦੇ ਪਿੰਡ ਆਇਆ ਤਾਂ ਉਸ ਵੇਲੇ ਆਪ ਜੀ ਘਰ ਨਹੀਂ ਸਨ। ਗਿਆਨੀ ਗੁਰਨਾਮ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਚਿੱਠੀ ਲਿਖ ਕੇ ਆਪ ਜੀ ਦੇ ਪਿਤਾ ਜੀ ਨੂੰ ਦਿੱਤੀ। ਜਦੋਂ ਆਪ ਜੀ ਘਰ ਆਏ ਤਾਂ ਗਿਆਨੀ ਗੁਰਨਾਮ ਸਿੰਘ ਦੀ ਨਿਮਰਤਾ ਵੇਖ ਕੇ ਤਰਸ ਦੇ ਘਰ ਵਿੱਚ ਆ

ਗਏ ਤਾਂ ਆਪ ਜੀ ਨੇ ਗਿਆਨੀ ਜੀ ਨੂੰ ਰਾਜੀ ਹੋਣ ਵਾਸਤੇ ਬਚਨ ਕੀਤੇ। ਉਸ ਤੋਂ ਬਾਅਦ ਸਿਰਫ ਗੋਡੇ ਵਿੱਚ ਪੀੜ ਹੁੰਦੀ ਸੀ। ਉਹ ਵੀ ਬਾਬਾ ਕੁਲਵੰਤ ਸਿੰਘ ਜੀ ਦਾ ਹੱਥ ਲਗਵਾ ਕੇ ਪੀੜ ਹਟਵਾਈ। ਉਥੇ ਗਿਆਨੀ ਜੀ ਨੇ ਲੱਖ-ਲੱਖ ਧੰਨਵਾਦ ਕੀਤਾ। ਜਦੋਂ ਗਿਆਨੀ ਜੀ ਝੋਕ ਬੈਠੇ ਸਨ ਉਸ ਵਕਤ ਆਪ ਨੇ ਸੁਣਿਆ ਕਿ ਇਹ ਗਿਆਨੀ ਜੀ ਦੇ ਬਾਣੀ ਬਹੁਤ ਕੰਠ ਹੈ ਅਤੇ ਗੁਪਤ ਪੜਦਾ ਰਹਿੰਦਾ ਹੈ। ਤਾਂ ਆਪ ਜੀ ਨੇ ਫੁਰਨਾ ਕੀਤਾ ਕਿ ਇਹ ਬਾਣੀ ਉੱਚੀ ਪੜ੍ਹੇ ਇੰਨੇ ਨੂੰ ਗਿਆਨੀ ਜੀ ਨੇ ਬਹੁਤ ਜੋਰ ਨਾਲ ਬਾਣੀ ਪੜੀ ਅਤੇ ਭਗਤ ਜੀ ਨੇ ਸੁਣ ਕੇ ਬੜਾ ਆਨੰਦ ਲਿਆ। ਜਦੋਂ ਆਪ ਜੀ ਜੱਥੇ ਸਮੇਤ ਛੀਨੇਵਾਲ ਪੁੱਜੇ ਤਾਂ ਗਿਆਨੀ ਜੀ ਨੇ ਵੀ ਆਪਣੇ ਕੋਲ ਹੀ ਆਪ ਜੀ ਦਾ ਆਸਣ ਲਗਵਾਇਆ ਅਤੇ ਸਾਰੇ ਅੰਦਰੂਨੀ ਬਚਨ ਤਕਰੀਬਨ-ਤਕਰੀਬਨ ਸੁਣੇ ਅਤੇ ਚੰਗਾ ਪ੍ਰੋਗਰਾਮ ਨਿਭਣ ਦੇ ਲਈ ਸਾਰੇ ਬੰਦਿਆਂ ਦੀ ਰਾਜਮੰਦੀ ਹੋਣ ਵਾਸਤੇ ਅਤੇ ਲੰਗਰ ਪਿੰਡ ਵਿੱਚ ਹੋਣ ਲਈ ਬੇਨਤੀ ਕੀਤੀ। ਇਹ ਸੁਣ ਕੇ ਆਪ ਜੀ ਨੇ ਬੜੀ ਦਲੇਰੀ ਨਾਲ ਬਚਨ ਕੀਤੇ ਕਿ ਕਿਸੇ ਗੱਲ ਦਾ ਫ਼ਿਕਰ ਨਾ ਕਰੋ। ਇੰਨ੍ਹਾਂ ਕੰਮਾਂ ਵਿੱਚੋਂ ਜਿਹੜਾ ਕੰਮ ਅੜੇਗਾ ਉਹ ਦੱਸਣਾਂ ਭਗਤ ਉਜਾਗਰ ਸਿੰਘ ਜੀ ਦੀ ਕਿਰਪਾ ਨਾਲ ਸਾਰੇ ਕੰਮ ਬੜੇ ਚੰਗੇ ਤਰੀਕੇ ਦੇ ਨਾਲ ਹੋਏ, ਜਿਸ ਵਿੱਚ ਗਿਆਨੀ ਜੀ ਦਾ ਅਤੇ ਜੱਥੇ ਦਾ ਬੜਾ ਜਸ ਹੋਇਆ ਜਿਸ ਘਰ ਵਿੱਚ ਲੰਗਰ ਹੁੰਦਾ ਉਸ ਘਰ ਵਿੱਚ ਸੰਤ ਜੀ ਅਤੇ ਭਗਤ ਜੀ ਸਿੰਘਾਂ ਸਮੇਤ ਜਾਂਦੇ ਅਤੇ ਘਰ ਵਾਲਿਆਂ ਦੀ ਇੱਛਾਂ ਮੁਤਾਬਕ ਕੋਈ ਅੜਿਆ ਕੰਮ ਜਾਂ ਕੋਈ ਇੱਛਾਂ ਸਭ ਨਵਿਰਤ ਕੀਤਾ ਜਾਂਦਾ ਅਤੇ ਮਨ ਨੂੰ ਟਿਕਾ ਦਿੱਤਾ ਜਾਂਦਾ।

ਕਲਾਲਾਂ ਦੇ ਵਿੱਚ ਬਾਬਾ ਬੱਗਾ ਸਿੰਘ ਜੀ ਨੇ ਆਪ ਜੀ ਦੇ ਬਚਨ ਸੁਣਕੇ ਬੜਾ ਅਨੰਦ ਲਿਆ ਅਤੇ ਸੰਗਤ ਦੀ ਬੜੀ ਭਾਰੀ ਸੇਵਾ ਕੀਤੀ। ਉਥੇ ਹੀ ਇਕ ਬੀਬੀ ਜੋ ਸੰਤਾਂ ਦੀ ਪ੍ਰੇਮਣ ਸੀ ਉਸਨੂੰ ਵੀ ਆਪ ਜੀ ਨੇ ਇਕ ਘੰਟਾਂ ਤਕਰੀਬਨ ਬਚਨ ਸੁਣਾ ਕੇ ਨਿਹਾਲ ਕੀਤਾ। ਕਲਾਲਾਂ ਤੋਂ ਆਪ ਬੋਪਾਰਾਏ ਅਤੇ ਲੁਧਿਆਣੇ ਸੰਤਾਂ ਅਤੇ ਰਾਗੀਆਂ ਸਮੇਤ ਪਹੁੰਚੇ।

ਬੋਪਾਰਾਏ ਵਿੱਚ ਭਾਈ ਦਇਆ ਸਿੰਘ ਨਾਲ ਵੱਡੇ ਸੰਤਾਂ ਬਾਰੇ ਅਤੇ ਹੋਰ ਕਾਫੀ ਬਚਨ ਹੋਏ। ਬੋਪਾਰਾਏ ਵਿਚ ਹੀ ਆਪ ਜੀ ਨੇ ਪੰਜਾਂ ਪਿਆਰਿਆਂ ਦੇ ਨਾਲ ਹੋ ਕੇ ਅੰਮ੍ਰਿਤ ਛਕਾਇਆ।

ਬੋਪਾਰਾਏ ਤੋਂ ਬਾਅਦ ਵਿੱਚ ਭੰਮੇ ਪਿੰਡ ਮਾਲਵੇ ਵਿੱਚ ਪਹੁੰਚੇ। ਭੰਮੇ ਪਿੰਡ ਵਿੱਚ ਮਹੰਤ ਤਾਰਾ ਸਿੰਘ ਜੀ ਨੇ ਆਪ ਜੀ ਦੇ ਅਗੰਮੀ ਬਚਨ ਸੁਣੇ। ਆਪ ਵੀ ਅਭਿਆਸ ਬਾਰੇ ਬਹੁਤ ਬਚਨ ਪੁੱਛੇ ਅਤੇ ਭਗਤਾਂ ਨੇ ਉਸਨੂੰ ਅਭਿਆਸ ਬਾਰੇ ਦੱਸਿਆ। ਮਹੰਤ ਜੀ ਨੂੰ ਕੰਮ ਕਰਦੇ ਸਮੇਂ ਵੀ ਪ੍ਰਕਾਸ਼ ਹੋ ਜਾਂਦਾ ਸੀ। ਉਥੇ ਹੀ ਇਕ ਬੀਬੀ ਜਿਸ ਨੂੰ ਮਹਾਰਾਜ ਸਾਹਿਬ ਜੀ ਦੇ ਦਰਸ਼ਨ ਹੋਏ ਸਨ। ਆਪ ਜੀ ਦੇ ਬਚਨ ਸੁਣ ਕੇ ਬੜੀ ਪ੍ਰਸੰਨ ਹੋਈ। ਭੰਮੇ ਪਿੰਡ ਵਿੱਚ ਕਈ ਪਤਵੰਤਿਆਂ ਨੇ ਆਪ ਜੀ ਦੇ ਬੜੇ ਬਚਨ ਸੁਣੇ ਅਤੇ ਅਨੰਦ ਮਾਣਿਆ।

ਮੌੜ ਪਿੰਡ ਵਿੱਚ ਇਕ ਸਿੰਘ ਜਿਸਨੇ ਅੰਮ੍ਰਿਤ ਛਕਿਆ ਸੀ ਉਸ ਉੱਤੇ ਇਕ

ਸ਼ਹੀਦ ਸਿੰਘ ਜੋ ਕਿ ਜੈਤੋ ਦੇ ਮੋਰਚੇ ਵਿੱਚ ਸ਼ਹੀਦ ਹੋਇਆ ਸੀ ਉਸਦਾ ਪਹਿਰਾ ਸੀ। ਉਸ ਸ਼ਹੀਦ ਸਿੰਘ ਨੇ ਸਿੰਘ ਵਿੱਚ ਪ੍ਰਵੇਸ਼ ਕਰਕੇ ਆਪਣੀ ਸਾਰੀ ਵਿਥਿਆ ਦੱਸੀ ਕਿ ਉਹ ਉਸ ਵਿੱਚ ਪ੍ਰਵੇਸ਼ ਹੋ ਕੇ ਸਿੱਖੀ ਦੇ ਅਸੂਲਾਂ ਵਿੱਚ ਤੋਰਦਾ ਸੀ ਅਤੇ ਬਾਣੀ ਪੜ੍ਹਾਉਂਦਾ ਸੀ ਅਤੇ ਰੋਜ਼ਾਨਾ ਗੁਰਦੁਆਰਾ ਸਾਹਿਬ ਮੱਥਾ ਵੀ ਟਿਕਾਉਂਦਾ ਅਤੇ ਖੇਤੀ ਦਾ ਵੀ ਸਾਰਾ ਕੰਮ ਕਰਾਉਣਾ ਅਤੇ ਬਿਨਾ ਖ਼ੁਰਾਕ ਤੋਂ ਸਰੀਰ ਨੂੰ ਚੰਗਾ ਭਲਾ ਕਰ ਦੇਣਾ।

ਜਦੋਂ ਆਪ ਜੀ ਮੌੜ ਪਿੰਡ ਗਏ ਤਾਂ ਪਿੰਡ ਵਾਲਿਆਂ ਨੇ ਆਪ ਜੀ ਦੀ ਬੜੀ ਸੇਵਾ ਕੀਤੀ ਅਤੇ ਕਾਫੀ ਦਿਨ ਹੋਰ ਜੱਥੇ ਨੂੰ ਰੱਖਣ ਲਈ ਬੇਨਤੀ ਕੀਤੀ ਪਰ ਪ੍ਰੋਗਰਾਮ ਪਹਿਲਾਂ ਬਣਨ ਕਰਕੇ ਉਹਨਾਂ ਨੂੰ ਸਿਰਫ਼ ਥੋੜੇ ਦਿਨ ਹੀ ਮਿਲੇ। ਉਥੋਂ ਆਪ ਜੀ 20 ਸਿੰਘਾਂ ਸਮੇਤ ਪਟਿਆਲੇ ਪਹੁੰਚੇ।

ਉਥੇ ਇਕ ਸਿੰਘ ਜਿਸ ਨੂੰ ਬਾਣੀ ਪੜ੍ਹਨ ਲੱਗਿਆ ਬੜੇ ਵਿਘਨ ਪੈਂਦੇ। ਉਸਨੇ ਆਪ ਜੀ ਨੂੰ ਬੇਨਤੀ ਕੀਤੀ ਤਾਂ ਆਪ ਜੀ ਨੇ ਬੜੇ ਜੋਸ਼ ਵਿੱਚ ਉਸਨੂੰ ਆਖਿਆ ਕਿ ਕਰ ਖਾ ਪੰਜਾਹ ਪਾਠ ਜਪੁਜੀ ਸਾਹਿਬ ਦੇ ਤਾਂ ਜਦੋਂ ਵੀ ਆਪ ਜੋਸ਼ ਵਿੱਚ ਆ ਕੇ ਕੋਈ ਬਚਨ ਕਰਦੇ ਤਾਂ ਉਹ ਕੰਮ ਸੁੱਤੇ ਸਿੱਧ ਹੀ ਸ਼ੁਰੂ ਹੋ ਜਾਂਦਾ।

ਉਥੇ ਆਪ ਜੀ ਨੂੰ ਗਿਆਨੀ ਪ੍ਰੀਤਮ ਸਿੰਘ ਹੁਡਿਆਰੇ ਵਾਲਾ ਮਿਲਿਆ। ਉਸ ਨਾਲ ਆਪ ਜੀ ਨੇ ਬੜੇ ਪ੍ਰੇਮ ਵਿੱਚ ਬਚਨ ਕੀਤੇ ਅਤੇ ਤਕਰੀਬਨ ਪੰਜ ਘੰਟੇ ਬੜੇ ਟਿਕਾਂ ਤੇ ਕਿਰਪਾ ਭਰੇ ਬਚਨ ਹੋਏ। ਗਿਆਨੀ ਜੀ ਨੇ ਆਪ ਜੀ ਨੂੰ ਗੁਰਦੁਆਰੇ ਦੂਖ ਨਿਵਾਰਨ ਸਾਹਿਬ ਵਿੱਚ ਵੇਖਿਆ ਅਤੇ ਬੜੇ ਪ੍ਰੇਮ ਨਾਲ ਮਹਾਰਾਜ ਤੋਂ ਹਾਰ ਲਾਹ ਕੇ ਆਪ ਜੀ ਦੇ ਗਲ ਵਿੱਚ ਪਾਇਆ ਅਤੇ ਪ੍ਰੇਮ ਨਾਲ ਫਤਹਿ ਬੁਲਾਈ ਅਤੇ ਆਪਣੇ ਨਾਲ ਭਾਈ ਰਾਮ ਸਿੰਘ ਜੋ ਸੰਤ ਗਿ: ਗੁਰਬਚਨ ਸਿੰਘ ਜੀ ਦਾ ਪ੍ਰੇਮੀ ਸੀ ਉਸਨੂੰ ਨਾਲ ਲੈ ਕੇ, ਇਕ ਰਾਗੀ ਬਖਸ਼ੀਸ ਸਿੰਘ ਦੇ ਜਥੇ ਦੇ ਜੋੜੀ ਵਾਲੇ ਸਿੰਘ ਨੂੰ ਅਤੇ ਕੁਝ ਬੀਬੀਆਂ ਨੂੰ ਅਤੇ ਹੋਰ ਕਈਆਂ ਨੂੰ, ਆਪ ਜੀ ਦੇ, ਜੋੜੀ ਵਾਲੇ ਦੇ ਕਮਰੇ ਵਿੱਚ ਦਰਸ਼ਨ ਕਰਵਾਏ ਅਤੇ ਆਪ ਜੀ ਨੇ ਹਾਰਮੋਨੀਅਮ ਵਜਾ ਕੇ ਹਜੂਰ ਸਾਹਿਬ ਦੀ ਕਵਿਤਾ ਸੁਣਾਈ।

ਰਾਤ ਨੂੰ ਤਿੰਨ ਵਜੇ ਹੀ ਰਾਗੀ ਭਗਵਾਨ ਸਿੰਘ ਜੀ, ਭਾਈ ਬਚਿੱਤਰ ਸਿੰਘ ਜੀ ਅਤੇ ਸੰਤ ਜੀ ਨੂੰ ਸੱਦ ਕੇ ਕਿਹਾ ਕਿ ਅਸੀਂ ਆਪਣੇ ਪਿੰਡ ਨੂੰ ਜਾਣਾ ਹੈ ਅਤੇ ਉਥੇ ਜਾ ਕੇ ਆਪਣੇ ਸਰੀਰ ਛੱਡਣ ਬਾਰੇ ਸਸਕਾਰ ਬਾਰੇ ਜਗ੍ਹਾ ਦੱਸੀ ਅਤੇ ਦਸਹਿਰੇ ਉਤੇ ਕੀਰਤਨ ਕਰਾਉਣਾ ਅਤੇ ਅਖੰਡ ਪਾਠ ਦਾ ਕਰਾਉਣਾ ਦੱਸਿਆ। ਜਦੋਂ ਆਪ ਜੀ ਪਟਿਆਲੇ ਤੋਂ ਚੱਲੇ ਸਨ। ਆਪ ਜੀ ਇਕ ਅਖੰਡ ਪਾਠ ਸਾਹਿਬ ਵਾਸਤੇ ਮਾਇਆ ਦੇ ਗਏ ਸਨ। ਪਿੰਡ ਵਿੱਚ ਆਉਣ ਸਮੇਂ ਆਪ ਪਹਿਲੇ ਜੀਰੇ ਪਹੁੰਚੇ ਅਤੇ ਬਾਬਾ ਸੁਰੈਣ ਸਿੰਘ ਮਿਸਤਰੀ ਨਾਲ ਬੜੇ ਪ੍ਰੇਮ ਦੇ ਬਚਨ ਕੀਤੇ ਸਨ ਅਤੇ ਆਪਣੇ ਕੰਮ ਕਰਾਉਣ ਬਾਰੇ ਭਾਵਨਾ ਨਾਲ ਮਹਾਰਾਜ ਦਾ ਓਟ ਆਸਰਾ ਲੈਣ ਲਈ ਆਖਿਆ।

ਬਾਬਾ ਸਰੈਣ ਸਿੰਘ ਨੂੰ ਪੱਟੀ ਭੇਜਿਆ। ਉਸਨੇ ਜਾ ਕੇ ਬਖਸ਼ੀਸ਼ ਸਿੰਘ ਨੂੰ ਭੂਰੀ

ਭੇਜਿਆ ਉਥੋਂ ਬਾਬਾ ਜਗਤ ਸਿੰਘ, ਸੁਰਜੀਤ ਸਿੰਘ ਨੂੰ ਅਤੇ ਅਜੈਬ ਸਿੰਘ ਨੂੰ ਖੇਮਕਰਨ ਤੋਂ ਸਾਰਿਆਂ ਨੂੰ ਸੁਨੇਹਾ ਦਿੱਤਾ ਅਤੇ ਛੇਤੀ ਸੱਦੂਵਾਲੇ ਪਿੰਡ ਭੇਜਿਆ ਇਹ ਆਪ ਜੀ ਨੇ ਦੱਸਿਆ ਕਿ ਸਾਡਾ ਫੁਰਨਾ ਹੈ ਕਿ ਸਰੀਰ ਛੱਡਣ ਸਮੇਂ ਸਾਡੇ ਸਾਰੇ ਮੇਲੂ ਇਕੱਠੇ ਹੋਣ ਅਤੇ ਉਨਾ ਨਾਲ ਗਿਆਨ ਦੇ ਬਚਨ ਹੋਣ। ਇਸ ਤਰ੍ਹਾਂ ਸੱਦੂਵਾਲੇ ਪਹੁੰਚ ਕੇ ਆਪ ਨੇ ਦਾਸ ਨੂੰ ਦੂਜੇ ਦਿਨ ਬਾਬਾ ਕੁਲਵੰਤ ਸਿੰਘ ਨੂੰ ਸੱਦਣ ਲਈ ਆਖਿਆ ਉਥੇ ਉਨ੍ਹਾਂ ਦੇ ਭੁਜੰਗੀ ਨੇ ਸ਼੍ਰੀ ਗੁਰਬਚਨ ਸਿੰਘ, ਗੁਲਾਬ ਸਿੰਘ, ਤਰਲੋਕ ਸਿੰਘ ਨੂੰ ਬੁਲਾਇਆ। ਉਹ ਸਾਰੇ ਉਸ ਤੋਂ ਅਗਲੇ ਦਿਨ ਪਹੁੰਚ ਗਏ।

ਇਸ ਤਰ੍ਹਾਂ ਉਹਨਾਂ ਨਾਲ ਬੜੇ ਗਿਆਨ ਦੇ ਬਚਨ ਹੋਏ ਇਹਨਾਂ ਦਿਨਾਂ ਵਿੱਚ ਭਾਈ ਤਰਲੋਕ ਸਿੰਘ ਨੂੰ ਸ਼ਹੀਦਾਂ ਦੇ ਦਰਸ਼ਨ ਹੋਏ। ਜਦੋਂ ਇਹ ਆਪ ਜੀ ਕੋਲ ਛੀਨੇਵਾਲ ਗਿਆ ਸੀ ਉਥੇ ਆਪ ਜੀ ਕੋਲ ਜਦੋਂ ਬੇਨਤੀ ਕੀਤੀ ਕਿ ਮੈਨੂੰ ਵੀ ਦਰਸ਼ਨ ਹੋਣ ਤਾਂ ਆਪ ਜੀ ਨੇ ਕਿਹਾ ਕਿ ਭਾਈ ਅੱਜ ਤੂੰ ਵੀ ਕਰਲੈ ਉਸ ਰਾਤ ਨੂੰ ਇਸਨੂੰ ਸੁਪਨੇ ਵਿੱਚ ਦਰਸ਼ਨ ਹੋਏ।

– **ਜੋ ਦੀਸੈ ਗੁਰਸਿਖੜਾ ਤਿਸ ਨਿਵਿ ਨਿਵਿ ਲਾਗਉ ਪਾਇ ਜੀਉ।**

ਭਾਈ ਸੁਰਜੀਤ ਸਿੰਘ ਨੇ ਸੱਦੂਆਲੇ ਪਹੁੰਚ ਕੇ ਬੜੇ ਬਚਨ ਸੁਣੇ ਅਤੇ ਆਪਣੀ ਤਕਲੀਫ ਅਤੇ ਆਪਣੇ ਲੜਕੇ ਦੀ ਤਕਲੀਫ ਜੋ ਕਿਸੇ ਸ਼ਹੀਦ ਸਿੰਘ ਦਾ ਡਰਾਇਆ ਹੋਇਆ ਸੀ ਬਾਰੇ ਦੱਸਿਆ ਤਾਂ ਆਪ ਜੀ ਨੇ ਬੜੇ ਜੋਸ਼ ਵਿੱਚ ਆ ਕੇ ਆਖਿਆ **"ਸ਼ਹੀਦ ਦਾ ਪਹਿਰਾ ਲੱਗ ਜਾਏਗਾ ਕਿਸੇ ਦੀ ਕੀ ਮਜਾਲ ਹੈ ਕਿ ਕੋਈ ਤੇਰੇ ਕੋਲ, ਜਾ ਤੇਰੇ ਜੀਆਂ ਕੋਲ, ਜਾਂ ਤੇਰੇ ਘਰ ਅੰਦਰ ਵੜ ਸਕਦਾ ਹੈ"** ਉਸ ਦਿਨ ਤੋਂ ਉਸਦੇ ਘਰ ਕੋਈ ਐਸੀ ਵਾਰਦਾਤ ਨਹੀਂ ਹੋਈ। ਜਦੋਂ ਆਪ ਜੀ ਸੱਦੂਆਲੇ ਆਏ ਤਾਂ ਪਤਾ ਲੱਗਾ ਕਿ ਕੁਝ ਦਿਨ ਹੋਏ ਬੀਬੀ ਅਮਰੋ ਅਰਦਾਸਾਂ ਕਰਦੀ ਗਈ ਕਿ ਆਪ ਜੀ ਆਉਣ ਤੇ ਮਿਲਣ, ਇਸ ਲਈ ਉਹ ਆਪਣੇ ਘਰ ਚਲੀ ਗਈ ਸੀ ਅਤੇ ਭੁਜੰਗੀ ਅਮਰ ਸਿੰਘ ਅਰਦਾਸ ਕਰਦਾ ਰਿਹਾ ਕਿ ਬਹੁਤ ਚਿਰ ਹੋ ਗਿਆ ਹੈ ਆਪ ਜੀ ਨੂੰ ਮਿਲਿਆ। ਇਧਰ ਬਾਬਾ ਕੁਲਵੰਤ ਸਿੰਘ ਜੀ ਵੀ ਤਿਆਰ ਸਨ ਕਿ ਆਪ ਜੀ ਕੋਲ ਆ ਕੇ ਜਥੇ ਵਿੱਚ ਮਿਲੀਏ ਸ਼੍ਰੀਮਾਨ ਤੇ ਗੁਲਾਬ ਸਿੰਘ ਤੇ ਹੋਰਾਂ ਨੇ ਵੀ ਦੱਸਿਆ ਕਿ ਅਸੀਂ ਵੀ ਤਿਆਰ ਸੀ ਕਿ ਜੱਥੇ ਵਿੱਚ ਜਾ ਕੇ ਮਿਲੀਏ। ਇਸ ਤਰ੍ਹਾਂ ਆਪ ਜੀ ਨੇ ਸਾਰਿਆਂ ਦਾ ਦਿਲ ਠਹਿਰਾਉਣ ਵਾਸਤੇ ਦੱਸਿਆ ਕਿ ਅਰਦਾਸਾਂ ਦਾ ਕਾਰਨ ਹੀ ਸੀ ਕਿ ਆਪ ਨੂੰ ਇੰਨੀ ਖਿੱਚ ਪਈ ਸੀ।

ਪਰ ਅਸਲ ਵਿੱਚ ਜਦੋਂ ਆਪ ਬਾਬਾ ਕੁਲਵੰਤ ਸਿੰਘ ਦੇ ਘਰ ਗਏ। ਆਪ ਜੀ ਨੂੰ ਬਾਬਾ ਜੀ ਨੇ ਪ੍ਰੇਮ ਦੇ ਵਿੱਚ ਸਾਈਕਲ ਤੇ ਬਿਠਾ ਲਿਆ ਅਤੇ ਆਪਣੇ ਘਰ ਲੈ ਗਏ ਸੀ। ਰਸਤੇ ਵਿੱਚ ਆਪ ਜੀ ਨੂੰ ਬਹੁਤ ਥਕੇਵਾਂ ਹੋ ਗਿਆ ਸੀ। ਆਪ ਜੀ ਨੂੰ ਰਾਤ ਨੂੰ ਬਹੁਤ ਤਕਲੀਫ ਹੋਈ। ਰਾਤ ਦੇ ਬਾਰ੍ਹਾਂ ਵਜ੍ਹੇ ਤੋਂ ਵੱਧ ਟਾਈਮ ਸੀ ਕਿ ਜਦੋਂ ਆਪ ਜੀ ਨੂੰ ਮੈਦਾਨ ਆਇਆ ਅਤੇ ਪੰਜ ਇਸ਼ਨਾਨਾਂ ਵਾਸਤੇ ਪਾਣੀ ਗਰਮ ਕੀਤਾ ਗਿਆ। ਬਾਬਾ ਕੁਲਵੰਤ

ਸਿੰਘ ਜੀ ਦੀ ਇਹ ਖਾਹਿਸ਼ ਸੀ ਇਸ ਲਈ ਬਾਬਾ ਜੀ ਨੇ ਭਗਤ ਜੀ ਦੀ ਤੰਦਰੁਸਤੀ ਲਈ ਅਖੰਡ ਪਾਠ ਸਾਹਿਬ ਸੁੱਖਿਆ ਤਾਂ ਮਹਾਰਾਜ ਨੇ ਕਿਹਾ ਸਿੰਘਾਂ ਚੰਗਾ ਭਗਤਾ ਨੂੰ ਜੇ ਰੱਖ ਲਿਆ ਹੈ ਤਾਂ ਦੇਖ ਭਾਲ ਰੱਖੀ। ਇਸ ਕਾਰਨ ਕਰਕੇ ਆਪ ਦਾ ਸਰੀਰ ਕੁਝ ਚਿਰ ਲਈ ਬਚਿਆ ਰਿਹਾ। ਸਾਰੀ ਰਾਤ ਆਪ ਨੂੰ ਬਹੁਤ ਤਕਲੀਫ ਰਹੀ ਅਤੇ ਸਵੇਰੇ ਹੀ ਇਕ ਹਕੀਮ ਨੂੰ ਬੁਲਾਇਆ ਗਿਆ। ਉਸ ਨੇ ਵੇਖ ਕੇ ਇਕ ਟੀਕਾ ਲਾਇਆ ਤੇ ਕੁਝ ਪੁੜੀਆਂ ਵੀ ਦਿੱਤੀਆਂ।

ਸੱਦੂਆਲੇ ਰਹਿੰਦੇ ਹੋਏ ਅਮਰ ਸਿੰਘ ਨੂੰ ਅੰਮ੍ਰਿਤ ਛਕਣ ਲਈ ਤਿਆਰ ਕਰ ਲਿਆ ਸੀ ਅਤੇ ਉਹ ਤਰਨਤਾਰਨ ਸਾਹਿਬ ਜਾ ਕੇ ਜੱਥੇ ਵਿੱਚੋਂ ਅੰਮ੍ਰਿਤ ਛਕਣ ਲਈ ਤਿਆਰ ਸੀ ਪਰ ਤਰਨਤਾਰਨ ਜੱਥਾ ਨਾ ਆ ਸਕਿਆ ਕਿਉਂਕਿ ਦਿੱਲੀ ਸੰਗਤਾਂ ਦੇ ਪ੍ਰੇਮ ਕਰਕੇ ਟਿਕਿਆ ਰਿਹਾ। ਆਪ ਜੀ ਨੇ ਅਮਰ ਸਿੰਘ ਨੂੰ ਕਿਹਾ ਕਿ ਜਦੋਂ ਅੰਮ੍ਰਿਤ ਛਕ ਲਵੋਗੇ ਤਾਂ ਘਰ ਵਿੱਚ ਕਿਸੇ ਚੀਜ ਦਾ ਘਾਟਾ ਨਹੀਂ ਰਹੇਗਾ ਅਤੇ ਜਦੋਂ ਆਪ ਜੀ ਕੀਰਤਨ ਸੋਹਿਲੇ ਦਾ ਪਾਠ ਕਰਦੇ ਤਾਂ ਅਮਰ ਸਿੰਘ ਦੇ ਘਰ ਦੁਆਲੇ ਪਹਿਰਾ ਲੱਗ ਜਾਂਦਾ ਸੀ।

ਜਦੋਂ ਆਪ ਜੀ ਨੇ ਘਰ ਵਿੱਚ ਆਉਣਾ ਹੁੰਦਾ ਤਾਂ ਭੁਜੰਗੀਆਂ ਨੂੰ ਪਤਾ ਲੱਗ ਜਾਂਦਾ ਸੀ ਕਿ ਆਪ ਜੀ ਨੇ ਆਉਣਾ ਹੈ ਤਾਂ ਮੂਲਮੰਤਰ ਦਾ ਅਭਿਆਸ ਭਾਈ ਅਮਰ ਸਿੰਘ ਤੇ ਭਾਈ ਭਗਵਾਨ ਸਿੰਘ ਦੋਨੋਂ ਹੀ ਕਰਦੇ ਸਨ। ਭਾਈ ਅਮਰ ਸਿੰਘ ਜੀ ਨੂੰ ਤਾਂ ਜਿਵੇਂ ਆਪ ਜੀ ਨੇ ਦੱਸਿਆ ਸੀ ਉਸ ਤਰ੍ਹਾਂ ਅਭਿਆਸ ਕਰਨ ਨਾਲ ਭਾਈ ਅਮਰ ਸਿੰਘ ਦੇ ਅੰਦਰ ਪ੍ਰਕਾਸ਼ ਵੀ ਹੋ ਜਾਂਦਾ ਸੀ।

ਇਸ ਤਰ੍ਹਾਂ ਆਪ ਠੀਕ ਹੋਣ ਤੋਂ ਬਾਅਦ ਸੱਦੂਆਲੇ ਤੋਂ ਲੁਧਿਆਣੇ ਅਤੇ ਲੁਧਿਆਣੇ ਤੋਂ ਦਿੱਲੀ ਪਹੁੰਚੇ ਉਥੇ ਆਪ ਨੂੰ ਪੂਰਨ ਚੰਦ ਸਹਿਜਧਾਰੀ ਸਿੱਖ ਬੜੇ ਚਿਰ ਦੀ ਉਡੀਕ ਕਰ ਰਿਹਾ ਸੀ। ਉਸਦੀ ਭਾਵਨਾ ਵੀ ਪੂਰਨ ਕਰਨ ਲਈ ਬੜੇ ਬਚਨ ਸੁਣਾਏ ਅਤੇ ਉਸਦੇ ਘਰ ਵੀ ਗਏ ਉਥੇ ਆਪ ਜੀ ਦੇ, ਘਰ ਦੇ ਜੀਆਂ ਨੇ ਦਰਸ਼ਨ ਕੀਤੇ ਅਤੇ ਬਚਨ ਬਿਲਾਸ ਸੁਣੇ ਕੁਝ ਚਿਰ ਮਾਡਲ ਟਾਊਨ ਰਹਿ ਕੇ ਫਿਰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਜਥੇ ਸਮੇਤ ਆਏ ਮਾਡਲ ਟਾਊਨ ਰਹਿੰਦਿਆਂ ਹੀ ਗੁਰਦੁਆਰਾ ਬੰਗਲਾ ਸਾਹਿਬ ਦੇ ਹਸਪਤਾਲ ਤੋਂ ਇਲਾਜ ਅਰੰਭ ਕਰ ਦਿੱਤਾ। ਇੱਥੇ ਆਪ ਜੀ ਨੇ ਰੱਜ ਕੇ ਅੰਮ੍ਰਿਤ ਪੀਤਾ ਤਾਂ ਆਪ ਕੁਝ ਰਾਜੀ ਹੋ ਗਏ ਸਨ।

ਅਵਤਾਰ ਸਿੰਘ ਉਰਫ ਜੋੜਾਂ ਭਗਤ ਜੀ ਆਪ ਜੀ ਦੇ ਨਾਲ ਤੀਜੇ ਦਿਨ ਹਸਪਤਾਲ ਜਾਂਦੇ ਸੀ। ਤਾਂ ਅਵਤਾਰ ਸਿੰਘ ਜੀ ਦੱਸਦੇ ਕਿ ਜਦੋਂ ਮੇਰੀ ਨਿਗ੍ਹਾ ਬਾਹਰ ਜਾਂਦੀ ਸੀ। ਸਰਕਾਰੀ ਹਾਊਸਾ ਵੱਲ ਜਾਂ ਦੁਕਾਨਦਾਰਾਂ ਵੱਲ ਉਠਦੀ ਤਾਂ ਵਰਜਦੇ ਸਨ ਕਿ ਨਿਗਾ ਬੱਸ ਤੋਂ ਬਾਹਰ ਨਹੀਂ ਜਾਣੀ ਚਾਹੀਦੀ।

ਬਾਬਾ ਮਲੂਕ ਸਿੰਘ ਜੋ ਰੋਜਾਨਾ ਗੁਰਦੁਆਰਾ ਸੀਸ ਗੰਜ ਸਾਹਿਬ ਕੀਰਤਨ ਸੁਣਦਾ ਸੀ ਅਤੇ ਜਿਸ ਦੇ ਵਾਹਿਗੁਰੂ ਨਾਮ ਵੀ ਚਲਦਾ ਸੀ। ਆਪ ਜੀ ਨੂੰ ਮਿਲਕੇ ਬੜੀ

ਖੁਸ਼ੀ ਪ੍ਰਾਪਤ ਕੀਤੀ ਅਤੇ ਰੋਜ਼ਾਨਾ ਹਾਜਰੀ ਭਰਕੇ ਬਚਨ ਸੁਣਕੇ ਜਾਂਦਾ ਸੀ ਅਤੇ ਸੇਵਾ ਵਾਸਤੇ ਬੇਨਤੀ ਕਰਦਾ ਰਹਿੰਦਾ ਸੀ ਅਤੇ ਕਈ ਵਾਰ ਆਪ ਜੀ ਨੂੰ ਘਰ ਲਿਜਾਣ ਵਾਸਤੇ ਵੀ ਬੇਨਤੀ ਕੀਤੀ ਪਰ ਆਪ ਜੀ ਦਾ ਸਰੀਰ ਢਿੱਲਾ ਹੋਣ ਕਰਕੇ ਨਹੀਂ ਜਾ ਸਕੇ ਅਤੇ ਫਿਰ ਸੰਤ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਕਥਾ ਕਰਨ ਲੱਗ ਪਏ ਉਥੇ ਸੰਤਾਂ ਦਾ ਕੁਝ ਗਲਾ ਵੀ ਖਰਾਬ ਰਿਹਾ ਅਤੇ ਤਕਰੀਬਨ ਇਕ ਮਹੀਨਾ ਬਾਅਦ ਵਿਚ ਵੀ ਖਰਾਬ ਹੀ ਰਿਹਾ। ਜਦੋਂ ਆਪ ਜੀ ਕਥਾ ਵਿੱਚ ਜਾਂਦੇ ਤਾਂ ਸਾਰੀ ਸੰਗਤ ਉਤੇ ੧ਓ ਜਾਂ ਵਾਹਿਗੁਰੂ ਮੰਤਰ ਦਾ ਸਾਇਆ ਕਰਕੇ ਸਾਰੀ ਸੰਗਤ ਦੇ ਮਨਾਂ ਨੂੰ ਬੰਨ ਦਿੰਦੇ ਅਤੇ ਇਸ ਤਰ੍ਹਾਂ ਸੰਗਤ ਵਿੱਚ ਇਕ ਅਨੋਖਾ ਰਸ ਛਾ ਜਾਂਦਾ ਸੀ। ਆਪ ਜੀ ਦੇ ਸੰਗਤ ਵਿੱਚ ਆਉਣ ਨਾਲ ਬਹੁਤ ਹੀ ਸੰਗਤ ਜੁੜ ਜਾਂਦੀ ਸੀ। ਜੱਥੇ ਦੇ ਰਾਗੀ ਆਪ ਜੀ ਨੂੰ ਉਡੀਕਦੇ ਰਹਿੰਦੇ ਸਨ। ਕਈ ਸਿੰਘਾਂ ਨੂੰ ਵੀ ਆਪ ਜੀ ਦੀ ਉਡੀਕ ਰਹਿੰਦੀ। ਗਿਆਨੀ ਜੀ ਨੂੰ ਬ੍ਰਹਮ ਦਾ ਕਟਾਖ ਦੇ ਕੇ ਉਨ੍ਹਾਂ ਦੀ ਸੁਰਤ ਨੂੰ ਖਿੜਾ ਦਿੰਦੇ ਸਨ ਅਤੇ ਅੰਦਰੋਂ ਨਾਮ ਦੇ ਅਰਥਾਂ ਦੇ ਫੁਆਰੇ ਨਿਕਲਣ ਲੱਗ ਪੈਂਦੇ ਸਨ ਅਤੇ ਜਦੋਂ ਕਿਸੇ ਵਕਤੇ ਦਾ ਗਲਾ ਰੁਕਦਾ ਤਾਂ ਆਪਣਾ ਕਟਾਖ ਦੇ ਕੇ ਉਸਨੂੰ ਨਿਹਾਲ ਕਰਦੇ ਤੇ ਗਲੇ ਨੂੰ ਠੀਕ ਕਰ ਦਿੰਦੇ। ਅਤੇ ਮਨ ਨੂੰ ਵੀ ਪੱਕਾ ਅਤੇ ਦ੍ਰਿੜ ਕਰ ਦਿੰਦੇ ਸਨ। ਇੱਥੇ ਆਪ ਜੀ ਨਾਲ ਮਲੂਕ ਸਿੰਘ ਨੇ ਵੀ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਮੇਲ ਕਰਵਾਇਆ। ਆਪ ਜੀ ਨੇ ਉਹਨਾਂ ਤੇ ਵੀ ਕਿਰਪਾ ਕੀਤੀ ਅਤੇ ਨਾਮ ਬਾਣੀ ਦਾ ਅਭਿਆਸ ਬਖਸ਼ਿਆ।

ਇਕ ਕੈਪਟਨ ਬੰਤ ਸਿੰਘ ਨੂੰ ਆਪ ਜੀ ਦੇ ਬਚਨ ਸੁਣ ਕੇ ਬੜਾ ਅਨੰਦ ਆਇਆ। ਉਸਦਾ ਵਾਹਿਗੁਰੂ ਮੰਤਰ ਚਲਣ ਲੱਗ ਪਿਆ। ਉਹ ਕਈ ਵਾਰ ਮੋਟਰ ਸਾਈਕਲ ਤੇ ਦਸ ਬਾਰਾਂ ਮੀਲ ਤੋਂ ਆਪ ਜੀ ਦੇ ਦਰਸ਼ਨ ਕਰਨ ਆਉਂਦਾ ਅਤੇ ਆਨੰਦ ਮਾਣਦਾ ਇਕ ਦਿਨ ਉਹ ਆਪ ਜੀ ਦੇ ਕੋਲ ਪੰਜ ਘੰਟੇ ਬੋਰੀ ਉੱਤੇ ਬੈਠਾ ਰਿਹਾ ਜਦੋਂ ਆਪ ਜੀ ਨੇ ਆਖਿਆ ਤਾਂ ਪ੍ਰੇਮ ਨਾਲ ਫਤਹਿ ਬੁਲਾ ਕੇ ਵਿਦਾ ਹੋਇਆ।

ਇਕ ਲੈਫਟੀਨੈਂਟ ਕਰਨਲ ਜਿਸਨੂੰ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਹੋਏ ਸਨ ਉਸਨੇ ਆਪਣੀ ਇਕ ਬੜੀ ਭਾਰੀ ਤਕਲੀਫ ਦੱਸੀ ਤਾਂ ਆਪ ਦ੍ਰਵ ਗਏ ਅਤੇ ਉਸਦੀ ਘਰਵਾਲੀ ਜੋ ਬੜਾ ਰੋਂਦੀ ਰਹਿੰਦੀ ਸੀ। ਬਚਨ ਸੁਣਾ ਕੇ ਉਹਨਾਂ ਨੂੰ ਭਰੋਸਾ ਦਿੱਤਾ ਅਤੇ ਅਖੰਡ ਪਾਠ ਸਾਹਿਬ ਕਰਵਾਉਣ ਲਈ ਪ੍ਰੇਰਨਾ ਕੀਤੀ। ਇਸ ਤਰ੍ਹਾਂ ਆਪ ਜੀ ਦੇ ਸਰੀਰ ਉਪਰ ਦਿਨੋ-ਦਿਨ ਲੋਕਾਂ ਦੇ ਦੁੱਖਾਂ ਦਾ ਭਾਰ ਵਧਦਾ ਗਿਆ ਅਤੇ ਆਪ ਜੀ ਆਪਣੀ ਦਿਆਲਤਾ ਵਿੱਚ ਹੀ ਰਹੇ। ਪਾਠੀ ਜਗਜੀਤ ਸਿੰਘ ਨੇ ਆਪ ਜੀ ਦੇ ਬਚਨ ਸੁਣਕੇ ਬੜੀ ਖੁਸ਼ੀ ਪ੍ਰਾਪਤ ਕੀਤੀ ਅਤੇ ਨਾਮ ਸਿਮਰਨ ਬਾਰੇ ਬਚਨ ਸੁਣੇ ਇਸਦੇ ਵੀ ਨਾਮ ਚੱਲਦਾ ਸੀ। ਰਾਗੀ ਅਵਤਾਰ ਸਿੰਘ ਵੀ ਆਪ ਜੀ ਨਾਲ ਬਚਨ ਬਿਲਾਸ ਕਰਕੇ ਆਨੰਦ ਮਾਣਦਾ ਸੀ। ਆਪ ਜੀ ਰਾਗੀਆਂ ਨਾਲ ਬੜਾ ਪ੍ਰੇਮ ਕਰਦੇ।

ਭਾਈ ਸੂਰਜ ਸਿੰਘ ਜਿਸ ਦੀ ਪਰੇ ਬਾਣੀ ਚਲਦੀ ਸੀ ਅਤੇ ਅੰਦਰੋਂ ਅਵਾਜ਼

ਆਉਂਦੀ ਕਿ ਪੰਜ ਵਾਰ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਆਖਿਆਂ ਮਹਾਰਾਜ ਦੇ ਦਰਸ਼ਨ ਵੀ ਹੋ ਜਾਂਦੇ ਸਨ। ਅੰਦਰੋਂ ਨਿਤਨੇਮ ਦੀਆਂ ਬਾਣੀਆਂ ਪਰੇ ਬਾਣੀ ਨਾਲ ਸੁਣਦਾ ਹੁੰਦਾ ਸੀ। ਆਪ ਜੀ ਤੋਂ ਇਸਤੋਂ ਅਗਲੀ ਅਵਸਥਾ ਬਾਰੇ ਬਚਨ ਸੁਣ ਕੇ ਬੜਾ ਨਿਹਾਲ ਹੋਇਆ। ਇੱਥੇ ਹੀ ਬਾਬਾ ਕੁਲਵੰਤ ਸਿੰਘ ਜੀ ਨੂੰ ਮੰਗਵਾਇਆ ਜਿਹਨਾਂ ਨੂੰ ਪਹਿਲਾਂ ਵਾਪਸ ਭੇਜ ਦਿੱਤਾ ਸੀ। ਤਕਲੀਫ ਜਿਆਦਾ ਹੋ ਗਈ ਸੀ। ਕਈ ਡਾਕਟਰਾਂ ਨੂੰ ਵਿਖਾਇਆ ਗਿਆ। ਆਪ ਜੀ ਨੇ ਖਿਚੜੀ ਅਤੇ ਦਹੀ ਖਾਣੀ ਆਰੰਭ ਕਰ ਦਿੱਤੀ। ਇੱਥੇ ਸਰੀਰ ਕਾਫੀ ਕਮਜ਼ੋਰ ਹੋ ਗਿਆ ਸੀ ਅਤੇ ਖੁਰਾਕ ਵੀ ਕਾਫ਼ੀ ਘਟ ਗਈ ਸੀ। ਆਪ ਜੀ ਨੇ ਆਪਣੇ ਪਿੰਡ ਆਉਣ ਸਮੇਂ ਬਾਣੀ ਸੁਣਨੀ ਸ਼ੁਰੂ ਕਰ ਦਿੱਤੀ। ਆਪ ਪੰਜ ਗਰੰਥੀ ਦਾ ਪਾਠ ਸੁਣਿਆ ਕਰਦੇ ਸਨ ਅਤੇ ਹੋਰ ਵੀ ਨਿਤਨੇਮ ਕਰਿਆ ਕਰਦੇ ਸਨ। ਆਪ ਜੀ ਨਾਲ ਗਿ: ਪੂਰਨ ਸਿੰਘ ਦਾ ਬੜਾ ਪਿਆਰ ਸੀ ਅਤੇ ਕਹਿੰਦਾ ਹੁੰਦਾ ਸੀ ਕਿ ਮੈਂ ਭਗਤਾਂ ਦਾ ਗੜਵਈ ਹਾਂ।

ਜਦੋਂ ਆਪ ਜੀ ਦਿੱਲੀ ਵਿੱਚ ਰਹਿੰਦੇ ਸਨ। ਗੁਰਦੁਆਰੇ ਸੀਸ਼ ਗੰਜ ਸਾਹਿਬ ਵਿੱਚ ਪਹੁੰਚ ਕੇ ਜਥੇ ਦੇ ਸਿੰਘ ਬਚਨ ਸਿੰਘ ਭਿੰਡਰਾਂ ਵਾਲੇ ਨੇ ਲੰਗਰ ਦਾ ਪ੍ਰਸ਼ਾਦਾ ਕੋਈ ਨਾ ਛਕਿਆ। ਆਪ ਜੀ ਨੇ ਸਾਖੀਆਂ ਸੁਣਾਈਆਂ ਕਿ ਲੰਗਰ ਦੇ ਪਰਸ਼ਾਦੇ ਤੇ ਤਰਕ ਕੋਈ ਸ਼ੰਕਾ ਨਹੀਂ ਕਰਨੀ ਚਾਹੀਂਦੀ ਪਰ ਉਹ ਨਾ ਹੀ ਮੰਨਿਆ ਅਖੀਰ ਉਸਨੂੰ ਬਹੁਤ ਤਕਲੀਫ ਸ਼ੁਰੂ ਹੋ ਗਈ ਤਾਂ ਫਿਰ ਉਹ ਪ੍ਰਸ਼ਾਦਾ ਛੱਕਣ ਲੱਗ ਪਿਆ। ਫਿਰ ਭਗਤ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਨੂੰ ਦਿੱਲੀ ਬਲਾਉਣ ਲਈ ਸਨੇਹਾ ਭੇਜਿਆ ਤਾਂ ਉਸ ਵਕਤ ਹਾੜੀ ਦੇ ਦਿਨ ਸਨ। ਕਣਕ ਦੀ ਵਾਢੀ ਦਾ ਕੰਮ ਚੱਲ ਰਿਹਾ ਸੀ ਅਤੇ ਘਰ ਵਿੱਚ ਬੀਬੀ ਗੁਰਨਾਮ ਕੌਰ ਜੋ ਕਿ ਬਾਬਾ ਕੁਲਵੰਤ ਸਿੰਘ ਜੀ ਦੇ ਘਰੋਂ ਬਹੁਤ ਬਿਮਾਰ ਸਨ ਪਰ ਫਿਰ ਵੀ ਬਾਬਾ ਕੁਲਵੰਤ ਸਿੰਘ ਜੀ ਨੇ ਭਗਤ ਜੀ ਦਾ ਸਨੇਹਾ ਮਿਲਦਿਆ ਹੀ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ ਤੇ ਘਰ ਦੇ ਕੰਮ ਤੇ ਘਰ ਦੇ ਜੀਆਂ ਦੀ ਕੋਈ ਪਰਵਾਹ ਨਾ ਕੀਤੀ। ਭਗਤ ਜੀ ਦੇ ਬਚਨ ਨੂੰ ਮੰਨਿਆ।

ਦਿੱਲੀ ਵਿੱਚ ਹੀ ਬਾਬਾ ਕੁਲਵੰਤ ਸਿੰਘ ਜੀ ਨੂੰ ਅਰਦਾਸ ਕਰਕੇ ਆਪਣੀ ਭਗਤੀ ਅਤੇ ਸਿਮਰਨ ਦੀ ਪੱਗ ਦਿੱਤੀ ਅਤੇ ਕਿਹਾ ਕਿ ਸਾਡੇ ਤੋਂ ਬਾਅਦ ਇਹਨਾਂ ਉੱਤੇ ਬਹੁਤ ਜਿਆਦਾ ਕਿਰਪਾ ਰਹੇਗੀ। ਉਸ ਵਕਤ ਅਵਤਾਰ ਸਿੰਘ ਉਰਫ ਜੋੜਾਂ ਭਗਤ ਵੀ ਹਾਜ਼ਰ ਸੀ। ਅਵਤਾਰ ਸਿੰਘ ਨੂੰ ਵੀ ਕਿਹਾ ਕਿ ਜੋ ਤੇਰਾ ਫੁਰਨਾ ਹੈ ਉਹ ਹੁਣ ਦੱਸ ਦੇ। ਦਾਸ ਨੇ ਇਹ ਸਮਝਿਆ ਕਿ ਹੁਣੇ ਹੀ ਸਰੀਰ ਛੱਡਣ ਲੱਗੇ ਹਨ। ਇਸ ਲਈ ਜੋੜਾਂ ਭਗਤ ਵੈਰਾਗ ਵਿੱਚ ਆ ਗਏ। ਜਦੋਂ ਆਪ ਜੀ ਨੇ ਫਿਰ ਪੁੱਛਿਆ ਤਾਂ ਨਾਮ ਦੀ ਮੰਗ ਕੀਤੀ ਤਾਂ ਆਪ ਜੀ ਨੇ ਮੰਜੇ ਤੇ ਬੈਠਿਆਂ ਹੀ ਦਾਸ ਲਈ ਬੇਨਤੀ ਮਹਾਰਾਜ ਅੱਗੇ ਕੀਤੀ।

**ਦਿੱਲੀ ਤੋਂ ਆਪਜੀ ਨੇ ਫਿਰ ਵਿਦਾਇਗੀ ਲਈ:**

ਆਪ ਵਾਪਸੀ ਪਿੰਡ ਸੱਦੂਆਲੇ ਪਹੁੰਚੇ। ਆਪ ਜੀ ਦੋ ਗੋਲੀਆਂ ਤਾਕਤ ਦੀਆਂ ਜਾਂ ਈਸਵਗੋਲ ਦਾ ਸ਼ਿਰਕਾ ਜਾਂ ਖਿਚੜੀ ਤੇ ਦਹੀ ਹੀ ਛਕਦੇ ਰਹੇ ਜਾਂ ਥੋੜ੍ਹਾ ਜਿਹਾ ਦੁੱਧ ਜਾਂ ਫਲ ਫਰੂਟ ਜੋ ਬਾਬਾ ਕੁਲਵੰਤ ਸਿੰਘ ਜੀ ਤਕਰੀਬਨ ਰੋਜ਼ਾਨਾ ਸਵੇਰੇ ਆਪਣੇ ਘਰ ਚਲੇ ਜਾਂਦੇ ਅਤੇ ਸ਼ਾਮ ਨੂੰ ਵਾਪਸ ਆਪ ਜੀ ਕੋਲ ਆ ਜਾਂਦੇ। ਜਿਹੜੀ ਵੀ ਕੋਈ ਚੀਜ਼ ਸ਼ਹਿਰ ਵਿੱਚੋਂ ਆਪ ਜੀ ਲਈ ਲੋੜ ਹੁੰਦੀ ਲੈ ਆਉਂਦੇ। ਆਲਮਗੀਰ ਤੋਂ ਹੀ ਆਪ ਮੈਦਾਨ ਕਮਰੇ ਵਿੱਚ ਕਰਦੇ ਅਤੇ ਗਰਮ ਪਾਣੀ ਨਾਲ ਪੰਜ ਇਸ਼ਨਾਨਾ ਕਰਦੇ ਰਾਤ ਨੂੰ ਜੋੜਾ ਭਗਤ ਤੇ ਸੰਤੋਖ ਸਿੰਘ ਅਤੇ ਬਾਬਾ ਜੀ ਵਾਰੀ-ਵਾਰੀ ਜਾਗਕੇ ਡਿਊਟੀ ਦਿੰਦੇ ਅਤੇ ਕਈ ਵਾਰ ਘੁਟਦੇ ਵੀ ਰਹਿੰਦੇ ਅਤੇ ਕਈ ਵਾਰ ਬਾਣੀ ਪੜ੍ਹਦੇ ਰਹਿਣਾ ਆਪ ਜੀ ਇੱਥੇ ਆ ਕੇ ਰਾਤ ਨੂੰ ਕਮਰੇ ਵਿੱਚ ਹੀ ਬਿਰਾਜਿਆ ਕਰਦੇ ਸਨ। ਸੇਵਾ ਕਰਦਿਆਂ ਕੋਈ ਫੁਰਨਾ ਜਾ ਥਕੇਵਾ ਜਾਂ ਕੋਈ ਚਿੰਤਾ ਜਾ ਮਨ ਦਾ ਅੱਕਣਾਂ ਕਦੇ ਵੀ ਨਹੀਂ ਸੀ ਹੁੰਦਾ ਦਿਨ ਵਿੱਚ ਆਪ ਜੀ ਕਲਗੀਧਰ ਚਮਤਕਾਰ ਦੀਆਂ ਇੱਕ ਜਾਂ ਦੋ ਸਾਖੀਆਂ ਸੁਣਦੇ ਅਤੇ ਵੈਰਾਗ ਵਿੱਚ ਆ ਜਾਂਦੇ ਅਤੇ ਸਰੋਤਿਆਂ ਨੂੰ ਬੜਾ ਆਨੰਦ ਆਉਂਦਾ ਆਪ ਜੀ ਨੂੰ ਬੜਾ ਆਨੰਦ ਆਉਂਦਾ ਆਪ ਜੀ ਨੂੰ ਤਕਰੀਬਨ ਪਿੰਡ ਦੀ ਸਾਰੀ ਸੰਗਤ ਹੀ ਮਿਲਣ ਆਉਂਦੀ ਅਤੇ ਆਪ ਜੀ ਬਾਰੇ ਪੁੱਛਗਿੱਛ ਕਰਕੇ ਜਾਂਦੇ ਕਿਉਂਕਿ ਆਪ ਜੀ ਪਿੰਡ ਦਾ ਕੋਈ ਵੀ ਧਾਰਮਿਕ ਕੰਮ ਹੁੰਦਾ ਤਾਂ ਆਪ ਬੜੇ ਸ਼ੌਂਕ ਅਤੇ ਲਗਨ ਨਾਲ ਕਰਦੇ ਸਨ। ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵੀ ਪਿੰਡ ਵਿੱਚ ਕਰਿਆ ਕਰਦੇ। ਜਦੋਂ ਗ੍ਰੰਥੀ ਸਿੰਘ ਨਾ ਹੁੰਦਾ ਅਤੇ ਸੰਗਤ ਵਿੱਚੋਂ ਕਈਆਂ ਦੇ ਫੁਰਨੇ ਵੀ ਨਵਿਰਤ ਕਰ ਦਿੰਦੇ। ਸਾਰੇ ਪਿੰਡ ਨੂੰ ਆਪ ਜੀ ਤੇ ਬੜਾ ਮਾਣ ਸੀ ਅਤੇ ਸਤਿਕਾਰ ਨਾਲ ਸਾਰੇ ਫਤਹਿ ਬੁਲਾਉਂਦੇ ਅਤੇ ਕਈ ਮੱਥਾ ਟੇਕਦੇ ਅਤੇ ਕਾਮਨਾਵਾਂ ਪੂਰੀਆਂ ਕਰਵਾਉਂਦੇ।

ਧੀਰੇ-ਪੱਤਰੇ, ਭੂਰਿਆਂ ਤੋਂ ਜੀਰੇ ਤੋਂ ਆਪ ਜੀ ਦੇ ਹੋਰ ਕਈ ਮੇਲੂ ਆਪ ਜੀ ਨੂੰ ਮਿਲਣ ਆਉਂਦੇ ਅਤੇ ਹਾਲ ਚਾਲ ਪੁੱਛ ਕੇ ਆਪ ਜੀ ਦੇ ਰਾਜੀ ਹੋਣ ਲਈ ਬੇਨਤੀ ਕਰਦੇ ਤਾਂ ਆਪ ਜੀ ਕਹਿੰਦੇ ਕਿ ਜਿਸ ਤਰ੍ਹਾਂ ਗੁਰੂ ਸਾਹਿਬ ਦਾ ਹੁਕਮ ਹੈ ਇਹ ਸਰੀਰ ਕੂੜੇ ਦੀ ਟੋਕਰੀ ਹੈ ਅਤੇ ਸੱਚਖੰਡ ਵਿੱਚ ਹੀਰੇ ਅਤੇ ਜਵਾਹਰਾਤ ਮਿਲਦੇ ਹਨ।

– **ਬੇਗਮਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀਂ ਤਿਹਿ ਠਾਉ ॥**

ਤੇ ਇਸ ਵਿੱਚ ਮੋਹ ਕਰਨ ਦੀ ਕੀ ਲੋੜ ਹੈ। ਇਹ ਸੁਣ ਕੇ ਮਾਰੇ ਅਚੰਭਾਂ ਹੋ ਜਾਂਦੇ ਅਤੇ ਸਾਰੇ ਸਤਸੰਗੀ ਕਹਿੰਦੇ ਕਿ ਸਾਨੂੰ ਆਪ ਜੀ ਦਾ ਬੜਾ ਆਸਰਾ ਹੈ ਤਾਂ ਆਪ ਜੀ ਕਹਿੰਦੇ ਕਿ ਗੁਰੂ ਸਾਹਿਬ ਦਾ ਆਸਰਾ ਲਉ ਇੱਥੇ ਆ ਕੇ ਪਹਿਲੇ ਭਾਈ ਭਗਵਾਨ ਸਿੰਘ ਭੁਜੰਗੀ ਦੇ ਘਰ ਰਹਿੰਦੇ ਰਹੇ ਫਿਰ ਅੱਠ ਦਿਨ ਬਾਅਦ ਭੁਜੰਗੀ ਭਾਈ ਅਮਰ ਸਿੰਘ ਦੇ ਘਰ ਰਹੇ ਤਿੰਨ ਦਿਨਾਂ ਬਾਅਦ ਹੀ ਬੀਬੀ ਅਮਰੋ ਨੂੰ ਵੀ ਆਪ ਜੀ ਨੇ ਭਾਈ ਅਮਰ ਸਿੰਘ ਜੀ ਨੂੰ ਭੇਜ ਕੇ ਮੰਗਵਾ ਲਿਆ ਸੀ। ਜਦੋਂ ਬੀਬੀ ਅਮਰੋ ਆਈ ਤਾਂ ਉਸ ਨੇ ਕਿਹਾ ਕਿ ਮੈਨੂੰ ਸੁਰਤ ਨਾਲ ਪਤਾ ਲੱਗਾ ਹੈ ਕਿ ਤੁਸੀਂ ਤਾਂ ਬਹੁਤ ਹੀ ਪ੍ਰੇਮੀਆਂ ਦਾ ਭਾਰ ਆਪਣੇ ਸਰੀਰ ਉੱਤੇ ਚੁੱਕ

ਲਿਆ ਹੈ ਇਸੇ ਲਈ ਸਰੀਰ ਇੰਨਾ ਕਮਜੋਰ ਅਤੇ ਢਿੱਲਾ ਹੈ। ਆਪ ਜੀ ਨੇ ਤਾਂ ਇਕ ਵਾਰ ਕਾਲ ਨੂੰ ਵੀ ਪਰੇ ਕਰ ਦਿੱਤਾ ਸੀ ਤਾਂ ਆਪ ਜੀ ਨੇ ਕਿਹਾ ਕਿ ਜਿਵੇਂ ਗੁਰੂ ਸਾਹਿਬ ਦਾ ਹਕੁਮ ਹੈ ਉਸ ਤਰ੍ਹਾਂ ਹੀ ਠੀਕ ਹੈ। ਗੁਰੂ ਸਾਹਿਬ ਸਾਨੂੰ ਪ੍ਰੀਖਿਆ ਵਿੱਚ ਪਾ ਕੇ ਪੱਕਿਆ ਕਰ ਰਹੇ ਹਨ ਅਤੇ ਆਪ ਹੀ ਪ੍ਰੀਖਿਆ ਵਿੱਚ ਪਾਸ ਕਰਨ ਵਾਲੇ ਹਨ। ਆਪ ਹੀ ਮਹਾਰਾਜ ਚੜ੍ਹਦੀ ਕਲਾ ਕਰਨ ਵਾਲੇ ਹਨ। ਜਦੋਂ ਸਿੰਘ ਆਪ ਜੀ ਕੋਲ ਆਉਂਦੇ ਉਹਨਾਂ ਨੂੰ ਵੈਰਾਗ ਮਈ ਬਚਨ ਸੁਣਾ ਕੇ ਨਿਹਾਲ ਕਰਦੇ ਸਨ।

– **ਸੁਨ ਸਖੀਏ ਪ੍ਰਭ ਮਿਲਨ ਨੀਸਾਨੀ**

**ਮਨ-ਤਨ ਅਰਪ ਤਜਿ ਲਾਜ ਲੋਕਾਨੀ**

ਆਪ ਜੀ ਨੇ ਇਕ ਵਾਰੀ ਸਿੰਘਾਂ ਕੋਲੋਂ ਮੁਆਫੀ ਮੰਗੀ ਕਿ ਅਸੀਂ ਤੁਹਾਡੇ ਕੋਲੋਂ ਸੇਵਾ ਕਰਵਾਉਂਦੇ ਰਹੇ ਹਾਂ ਤੇ ਤੁਸੀਂ ਖਾਲਸਾ ਰੂਪ ਹੋ ਅਤੇ ਇਹ ਕਹਿ ਕੇ ਹਉਕਾ ਲੈ ਕੇ ਆਪ ਵੈਰਾਗ ਵਿੱਚ ਆ ਗਏ। ਉਸ ਸਮੇਂ ਬਾਬਾ ਕੁਲਵੰਤ ਸਿੰਘ ਜੀ ਵੀ ਕੋਲ ਸੀ। ਇਸ ਹਾਲ ਨੂੰ ਜਦੋਂ ਹੋਰ ਸਿੰਘਾਂ ਕੋਲ ਦੁਹਰਾਇਆ ਗਿਆ ਤਾਂ ਸਿੰਘਾਂ ਨੇ ਵੀ ਕਾਫੀ ਵੈਰਾਗ ਕੀਤਾ। ਜਦੋਂ ਵੀ ਆਪ ਜੀ ਨੂੰ ਕੋਈ ਹਾਲ ਪੁੱਛਦਾ ਤਾਂ ਆਪ ਜੀ ਕਹਿੰਦੇ ਕਿ ਅਸੀਂ ਠੀਕ ਹਾਂ।

ਇਸ ਤਰ੍ਹਾਂ 21 ਜੇਠ ਨੂੰ ਫਿਰੋਜ਼ਪੁਰ ਡਾਕਟਰ ਤਾਰਾ ਸਿੰਘ ਕੋਲ ਦਾਖ਼ਲ ਹੋਏ ਅਤੇ ਫਿਰੋਜ਼ਪੁਰ ਵਿੱਚ ਡਾਕਟਰ ਤਾਰਾ ਸਿੰਘ ਨੇ ਪਹਿਲਾਂ ਆਪ ਜੀ ਦਾ ਬੜੇ ਪ੍ਰੇਮ ਨਾਲ ਇਲਾਜ ਕੀਤਾ। ਇੱਥੇ ਆਪ ਜੀ ਨੂੰ ਚਾਰ ਟਾਈਮ ਦਵਾਈ ਦਿੱਤੀ ਜਾਂਦੀ ਸੀ ਅਤੇ ਇਕ ਟੀਕਾ ਲਗਵਾਇਆ ਜਾਂਦਾ ਸੀ ਅਤੇ ਫਲ ਵੀ ਆਪ ਹੀ ਛੱਕ ਲੈਂਦੇ ਸਨ। ਅੱਠ ਦਿਨਾਂ ਬਾਅਦ ਆਪ ਜੀ ਦੇ ਪੇਟ ਵਿੱਚ ਅਫ਼ਾਰਾ ਹੋ ਗਿਆ ਸੀ। ਫਿਰ ਮਿਸ਼ਨ ਹਸਪਤਾਲ ਵਿੱਚ ਦਾਖਲ ਹੋਏ। ਇੱਥੇ ਵੀ ਡਾਕਟਰ ਅਤੇ ਨਰਸਾਂ ਬੜੇ ਪ੍ਰੇਮ ਨਾਲ ਆਪ ਜੀ ਦਾ ਇਲਾਜ ਅਤੇ ਸੇਵਾ ਸੰਤ ਜਾਣ ਕੇ ਕਰਦੇ। ਮਿਸ਼ਨ ਹਸਪਤਾਲ ਵਿੱਚ ਆਉਂਦਿਆਂ ਹੀ ਆਪ ਜੀ ਨੇ ਅਨੀਮੇ ਕਰਨੇ ਸ਼ੁਰੂ ਕਰ ਦਿੱਤੇ ਤੇ ਆਖਰੀ ਦਿਨ ਤੱਕ ਹੁੰਦੇ ਰਹੇ। ਗੁਲੂਕੋਸ਼ ਦੀਆਂ ਬੋਤਲਾਂ ਤਕਰੀਬਨ ਆਪ ਜੀ ਨੂੰ ਚਾਲੀ ਲਾਈਆਂ ਗਈਆਂ ਕਿਉਂਕਿ ਪੇਟ ਵਿੱਚ ਅਫਾਰਾ ਅਤੇ ਦਰਦ ਸੀ। ਤਾਂ ਜੋ ਵੀ ਆਪ ਜੀ ਨੂੰ ਮਿਲਣ ਆਉਦਾ ਤਾਂ ਆਪ ਠੀਕ ਹੀ ਦੱਸ ਦਿੰਦੇ। ਇਕ ਵਾਰੀ ਜੰਗੀਰ ਸਿੰਘ ਜਥੇਦਾਰ ਨੇ ਕਿਹਾ (ਜੋ ਆਪ ਜੀ ਦੇ ਕੁੜਮ ਸਨ) ਕਿ ਤੁਸੀਂ ਤਾਂ ਆਪਣੇ ਬ੍ਰਹਮ ਗਿਆਨ ਕਰਕੇ ਆਪਣੇ ਆਪ ਨੂੰ ਠੀਕ ਦੱਸ ਦਿੰਦੇ ਹੋ ਕਿਉਂਕਿ ਆਪ ਨੂੰ ਦੁੱਖ ਤੇ ਤਕਲੀਫ ਮਹਿਸੂਸ ਨਹੀਂ ਹੁੰਦੇ। ਜਦੋਂ ਆਪ ਜੀ ਬਾਹਰ ਖੇਤ ਨੂੰ ਜਾਣ ਲੱਗ ਪਏ ਤਾਂ ਅਸੀਂ ਠੀਕ ਸਮਝਾਂਗੇ।

ਇੱਥੇ ਆ ਕੇ ਆਪ ਜੀ ਨੇ ਦੋ ਅਖੰਡ ਪਾਠ ਸਾਹਿਬ ਹੋਰ ਹਰਿਮੰਦਰ ਸਾਹਿਬ ਵਿੱਚ ਕਰਵਾਉਣ ਲਈ ਬਾਬਾ ਕੁਲਵੰਤ ਸਿੰਘ ਜੀ ਨੂੰ ਫੇਰ ਭੇਜਿਆ ਇਕ ਅਖੰਡ ਪਾਠ ਸਾਹਿਬ ਆਪ ਆਲਮਗੀਰ ਕਰਵਾ ਆਏ ਸਨ ਇਕ ਅਖੰਡ ਪਾਠ ਜੱਥੇ ਵਾਲਿਆਂ ਨੇ ਚੌਦਾ

ਹਾੜ ਨੂੰ ਆਰੰਭ ਕੀਤਾ ਸੀ। ਇਕ ਅਖੰਡ ਪਾਠ ਆਪ ਜੀ ਦੇ ਦਸਹਿਰੇ ਤੇ ਜੱਥੇ ਵੱਲੋਂ ਕੀਤਾ ਗਿਆ ਸੀ। ਇਕ ਅਖੰਡ ਪਾਠ ਸਾਹਿਬ ਭਾਈ ਕਰਤਾਰ ਸਿੰਘ ਵੱਲੋਂ ਜੋ ਉਸਨੇ ਆਪ ਹੀ ਦੱਸਿਆ ਸੀ ਕਿ ਅਸੀਂ ਆਪਣੇ ਜੱਥੇ ਵਿੱਚ ਕੀਤਾ ਹੈ। ਇਸ ਤਰ੍ਹਾਂ ਅਖੰਡ ਪਾਠ ਸਾਹਿਬ ਆਪ ਜੀ ਦੇ ਲਈ ਹੋ ਗਏ ਸਨ।

ਆਪ ਜੀ ਕੋਲ ਘਰ ਵਾਲੇ ਤਕਰੀਬਨ ਸਾਰੇ ਸੰਬੰਧੀ ਫਿਰੋਜ਼ਪੁਰ ਵਿੱਚ ਹੀ ਮਿਲਨ ਆਏ ਪਤਰਾਵਾਂ ਦੀਆਂ ਬਹੁਤ ਸਾਰੀਆਂ ਮਾਈਆਂ ਵੀ ਆਈਆਂ। ਆਪ ਜੀ ਕੋਲ ਹਸਪਤਾਲ ਵਿੱਚ ਦਿਨੇ ਭੀੜ ਲੱਗੀ ਰਹਿੰਦੀ ਪਰ ਰਾਤ ਨੂੰ ਇਕ ਤੋਂ ਵੱਧ ਉਥੇ ਰਹਿਣ ਦੀ ਇਜ਼ਾਜਤ ਨਹੀਂ ਸੀ। ਬਾਬਾ ਕੁਲਵੰਤ ਸਿੰਘ ਜੀ ਅਤੇ ਦਾਸ ਤਕਰੀਬਨ ਅੱਠੇ ਪਹਿਰ ਹੀ ਕੋਲ ਰਹਿੰਦੇ ਸਨ। ਅਖੀਰ ਹਸਪਤਾਲ ਵਿੱਚ ਐਕਸਰੇ ਕਰਨ ਤੋਂ ਬਾਅਦ ਆਪ ਜੀ ਦਾ ਅਪਰੇਸ਼ਨ ਹੋਇਆ। ਸੰਤ ਗਿਆਨੀ ਮੋਹਨ ਸਿੰਘ ਜੀ ਆਪਣੇ ਛੇ ਸਿੰਘਾਂ ਸਮੇਤ ਜੀਪ ਵਿੱਚ ਚੌਦਾ ਹਾੜ ਨੂੰ ਪਹੁੰਚੇ ਅਤੇ ਆਪ ਜੀ ਨੂੰ ਮਿਲੇ ਅਤੇ ਉਦੋਂ ਆਪ ਜੀ ਬਚਨ ਵੀ ਕਰ ਲੈਂਦੇ ਸਨ।

ਭਾਈ ਅਵਤਾਰ ਸਿੰਘ ਅਤੇ ਬਾਬਾ ਕੁਲਵੰਤ ਸਿੰਘ ਜੀ ਜਦੋਂ ਆਪ ਜੀ ਨੂੰ ਦੁੱਖ ਹੁੰਦਾ ਦੇਖਦੇ ਤਾਂ ਵੈਰਾਗ ਵਿੱਚ ਆ ਜਾਂਦੇ ਪਰ ਜਦੋਂ ਆਪ ਜੀ ਦੇ ਕੋਲ ਆਉਂਦੇ ਤਾਂ ਆਉਣ ਸਾਰ ਹੀ ਆਪ ਜੀ ਉਹਨਾਂ ਦੇ ਮਨ ਠੰਡਾ-ਠਾਰ ਕਰ ਦਿੰਦੇ ਅਤੇ ਕੋਈ ਵੀ ਫੁਰਨਾ ਨਹੀਂ ਸੀ ਰਹਿਣ ਦਿੰਦੇ। ਉਸਤੋਂ ਅਗਲੇ ਦਿਨ ਵੀ ਆਪ ਵਧੀਆ ਬਚਨ ਬਿਲਾਸ ਕਰਦੇ ਰਹੇ ਅਤੇ ਹਸਦੇ ਵੀ ਰਹੇ ਉਸਤੋਂ ਅਗਲੇ ਦਿਨ ਆਪ ਜੀ ਜਦੋਂ ਢਾਈ ਵੱਜੇ ਤਾਂ ਭਾਈ ਅਵਤਾਰ ਸਿੰਘ ਜੀ ਨੇ ਆਪ ਜੀ ਨੂੰ ਕਿਹਾ ਕਿ ਹੁਣ ਰਾਜੀ ਹੋਣਾ ਹੈ ਅਤੇ ਤਿਆਰ ਬਰ ਤਿਆਰ ਹੋਣਾ ਹੈ ਤਾਂ ਆਪ ਜੀ ਨੇ ਹਾਸੇ ਵਾਲਾ ਮੂੰਹ ਕਰ ਲਿਆ ਤੇ ਕੋਈ ਵੀ ਫੁਰਨਾ ਉੱਠਣ ਨਾ ਦਿੱਤਾ। ਪੌਣੇ ਪੰਜ ਤੋਂ ਦੱਸ ਕੁ ਮਿੰਟ ਉਤੇ ਆਪ ਜੀ ਨੂੰ ਲੰਮੇ ਸਾਹ ਆਉਣ ਲੱਗ ਪਏ ਅਤੇ ਭਾਈ ਅਵਤਾਰ ਸਿੰਘ ਜੋੜਾ ਭਗਤ ਜੀ ਨੇ ਭਾਈ ਅਮਰ ਸਿੰਘ ਜੀ ਨੂੰ ਬੁਲਾਇਆ। ਇਸ ਤੋਂ ਪਹਿਲਾਂ ਭਾਈ ਅਵਤਾਰ ਸਿੰਘ ਜੀ ਭਗਤਾਂ ਨੂੰ ਨਿਤਨੇਮ ਦੀ ਬਾਣੀ ਸੁਣਾਉਂਦਾ ਰਿਹਾ ਸੀ ਅਤੇ ਵੱਡੇ ਡਾਕਟਰ ਆ ਜਾਣ ਮਗਰੋਂ ਪੂਰੇ ਪੰਜ ਵਜੇ ਆਪ ਜੀ ਨੇ ਸਰੀਰ ਛੱਡ ਦਿੱਤਾ ਸੀ ਅਤੇ ਕੋਈ ਵੀ ਲੱਤ ਜਾਂ ਬਾਂਹ ਆਪ ਜੀ ਦੀ ਨਹੀਂ ਹਿੱਲੀ। **ਭਗਤ ਉਜਾਗਰ ਸਿੰਘ ਜੀ ਨੇ 16 ਹਾੜ 1970 ਈ. ਨੂੰ ਫਿਰੋਜ਼ਪੁਰ ਮਿਸ਼ਨ ਹਸਪਤਾਲ ਵਿੱਚ ਸਰੀਰ ਛੱਡਿਆ।**

- **ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ॥**
- **ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥**
- **ਸਚੀ ਦਰਗਹ ਜਾਇ ਸਚਾਂ ਪਿੜ ਮਲਿਆ**
  **ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ।**
  **ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ।**
  **ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ।**

**ਗੁਰਮੁਖਿ ਸਦੇ ਜਾਨਿ ਆਵਨਿ ਘਲਿਆ ॥**

**– ਗੁਰਮੁਖ ਸਫ਼ਲ ਜਨੰਮ ਜਗ ਵਿੱਚ ਆਇਆ**


**– ਗੁਰਸਿਖਾ ਸ਼ਾਬਾਸ਼ ਜਨਮੁ ਸਵਾਰਿਆ**

ਭਗਤ ਜੀ ਜਦੋਂ ਮਿਸ਼ਨ ਹਸਪਤਾਲ ਵਿੱਚ ਦਾਖ਼ਲ ਸਨ ਤਾਂ ਭਗਤ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਨੂੰ ਕਿਹਾ ਕਿ ਸਾਡਾ ਹੁਣ ਸਰੀਰ ਛੱਡਣ ਦਾ ਸਮਾਂ ਆ ਗਿਆ ਹੈ ਤਾਂ ਬਾਬਾ ਕੁਲਵੰਤ ਸਿੰਘ ਜੀ ਦਾ ਭਗਤਾ ਨਾਲ ਪਿਆਰ ਸੀ। ਇਸ ਲਈ ਬਾਬਾ ਕੁਲਵੰਤ ਸਿੰਘ ਜੀ ਉਦਾਸ ਹੋ ਗਏ ਤਾਂ ਭਗਤ ਜੀ ਨੇ ਕਿਹਾ ਕਿ ਸਿੰਘਾਂ ਸਾਡੇ ਵੱਲ ਵੇਖ, ਤਾਂ ਭਗਤ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਵੱਲ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਿਆ ਤਾਂ ਬਾਬਾ ਜੀ ਅਡੋਲ ਚਿੱਤ ਹੋ ਗਏ ਅਤੇ ਭਗਤ ਜੀ ਦੇ ਸਰੀਰ ਛੱਡਣ ਤੋਂ ਬਾਅਦ ਸਾਰੀ ਕਿਰਿਆ ਬਾਬਾ ਜੀ ਨੇ ਅਡੋਲ ਚਿੱਤ ਹੋ ਕੇ ਨਿਭਾਉਣਾ ਕੀਤੀ।

**ਸੰਸਕਾਰ:–**

ਭਗਤ ਉਜਾਗਰ ਸਿੰਘ ਜੀ ਦੇ ਪਾਵਨ ਸਰੀਰ ਦਾ ਸੰਸਕਾਰ ਭਗਤ ਜੀ ਦੇ ਆਪਣੇ ਪਿੰਡ ਸੱਦੂਵਾਲੇ ਵਿਖੇ ਆਪਣੀ ਜੱਦੀ ਜਮੀਨ ਦੇ ਵਿੱਚ ਕੀਤਾ ਗਿਆ ਤੇ ਉਸ ਜਗ੍ਹਾ ਤੇ ਨਿਸ਼ਾਨ ਸਾਹਿਬ ਲਾਇਆ ਗਿਆ ਅਤੇ ਬਾਅਦ ਵਿੱਚ ਬਾਬਾ ਕੁਲਵੰਤ ਸਿੰਘ ਜੀ ਨੇ ਸੰਗਤ ਦੇ ਸਹਿਯੋਗ ਦੇ ਨਾਲ ਉਸ ਜਗ੍ਹਾ ਤੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਵਾਈ ਸੀ ਅਤੇ ਜੋ ਗੁਰਦੁਆਰਾ ਸਾਹਿਬ ਨਗਰ ਸੱਦੂਵਾਲੇ ਦੇ ਵਿੱਚ ਹੈ। ਜਿੱਥੇ ਭਗਤ ਉਜਾਗਰ ਸਿੰਘ ਜੀ ਨੇ ਭਗਤੀ ਵੀ ਕੀਤੀ ਸੀ ਉਸ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਵੀ ਬਾਬਾ ਕੁਲਵੰਤ ਸਿੰਘ ਜੀ ਨੇ ਸੱਚਖੰਡ ਪਿਆਨਾਂ ਕਰਨ ਤੋਂ ਪਹਿਲਾਂ ਆਪਣੀ ਮੌਜੂਦਗੀ ਦੇ ਵਿੱਚ ਮੁਕੰਮਲ ਕਰਵਾਈ ਅਤੇ ਜਿੱਥੇ ਅੱਜਕੱਲ 16 ਹਾੜ ਨੂੰ ਭਗਤ ਉਜਾਗਰ ਸਿੰਘ ਜੀ ਦੀ ਬਰਸੀ ਸਮੂਹ ਸੰਗਤ ਅਤੇ ਨਗਰ ਸੱਦੂਵਾਲੇ ਦੇ ਸਹਿਯੋਗ ਨਾਲ ਮਨਾਈ ਜਾਂਦੀ ਹੈ ਅਤੇ ਸੰਗਤਾਂ ਦੂਰ ਦੁਰੇਡੇ ਇਲਾਕਿਆਂ ਤੋਂ ਪਹੁੰਚ ਕੇ ਲਾਹਾ ਪ੍ਰਾਪਤ ਕਰਦੀਆਂ ਹਨ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਮਹਾਪੁਰਖ ਜੋ ਕਿ ਭਗਤ ਉਜਾਗਰ ਸਿੰਘ ਜੀ ਤੋਂ ਇੱਕ ਸਾਲ ਇੱਕ ਦਿਨ ਪਹਿਲਾਂ ਭਾਵ 15 ਹਾੜ 1969 ਈ. ਨੂੰ ਸੰਸਾਰਕ ਯਾਤਰਾ ਪੂਰੀ ਕਰਦਿਆ ਹੋਇਆ ਸੱਚਖੰਡ ਪਿਆਨਾਂ ਕੀਤੇ। ਅਤੇ ਭਿੰਡਰੀ ਆਏ ਸਾਲ ਜਦੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ ਬਰਸੀ ਮਨਾਈ ਜਾਂਦੀ ਹੈ ਤਾਂ ਨਾਲ ਹੀ ਇੱਕ ਦਿਨ ਬਾਅਦ ਭਗਤ ਉਜਾਗਰ ਸਿੰਘ ਜੀ ਦੀ ਵੀ ਬਰਸੀ ਮਨਾਈ ਜਾਂਦੀ ਹੈ।



ਸੰਤ ਬਾਬਾ ਕੁਲਵੰਤ ਸਿੰਘ ਜੀ

# ਮਹਾਪੁਰਸ਼ ਬਾਬਾ ਕੁਲਵੰਤ ਸਿੰਘ ਜੀ ਦਾ ਜੀਵਨ

**– ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥**
**– ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥**
**ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥**
**– ਜਨਮ ਮਰਣ ਦੁਹਹੂ ਮਾਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**

**ਜਨਮ ਅਤੇ ਬਚਪਨ :** ਬਾਬਾ ਕੁਲਵੰਤ ਸਿੰਘ ਜੀ ਮਹਾਪੁਰਖਾਂ ਦਾ ਜਨਮ ਪਿੰਡ ਕਾਲੀਆ ਸੰਗਤਰਾਂ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰ. ਦਰਸ਼ਨ ਸਿੰਘ ਜੀ ਦੇ ਘਰ ਮਾਤਾ ਜਿੰਦ ਕੋਰ ਜੀ ਦੀ ਕੁੱਖ ਤੋਂ ਸੰਨ 1930 ਈਸਵੀ ਵਿੱਚ ਹੋਇਆ। ਆਪ ਜੀ ਚਾਰ ਭਰਾ ਅਤੇ ਦੋ ਭੈਣਾਂ ਸਨ। ਆਪ ਜੀ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ (1) ਬਾਬਾ ਕੁਲਵੰਤ ਸਿੰਘ ਜੀ (2) ਅਜੀਤ ਸਿੰਘ (3) ਜਸਵੰਤ ਸਿੰਘ (4) ਸ੍ਰ. ਬਖਸ਼ੀਸ ਸਿੰਘ, ਦੋ ਭੈਣਾਂ (1) ਬੀਬੀ ਜੰਗੀਰ ਕੌਰ (2) ਕੁਲਵੰਤ ਕੌਰ

ਆਪ ਜੀ ਬਚਪਨ ਵਿੱਚ ਹੀ ਆਪਣੇ ਭਰਾਵਾਂ ਤੋਂ ਵੱਖਰੇ ਸੁਭਾਅ ਦੇ ਮਾਲਕ ਸਨ ਕਿਉਂ ਕਿ ਗੁਰਬਾਣੀ ਵਿੱਚ ਵੀ ਭਗਤਾਂ ਦੇ ਬਾਰੇ ਬਚਨ ਹਨ:-

– **ਭਗਤਾ ਤੈ ਸੈਸਾਰੀਆ ਜੋੜ ਕਦੇ ਨਾ ਆਇਆ।**
– **ਭਗਤਾ ਕੀ ਚਾਲ ਨਿਰਾਲੀ**
**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**

ਬਚਪਨ ਵਿੱਚ ਆਪ ਜੀ ਪੜ੍ਹਾਈ ਦੇ ਨਾਲ-ਨਾਲ ਖੇਤੀਬਾੜੀ ਦਾ ਕੰਮ ਵੀ ਕਰਦੇ ਸਨ।

**ਭਗਤਾ ਨਾਲ ਮੇਲ ਮਿਲਾਪ:** ਭਗਤ ਉਜਾਗਰ ਸਿੰਘ ਜੀ ਦਾ ਵਿਆਹ ਪਿੰਡ ਕਾਲੀਏ ਸੰਗਤਰੇ ਵਿਖੇ ਹੋਇਆ ਸੀ ਅਤੇ ਕਾਲੀਆ ਸੰਗਤਰਾਂ ਬਾਬਾ ਕੁਲਵੰਤ ਸਿੰਘ ਜੀ ਦਾ ਜੱਦੀ ਪਿੰਡ ਸੀ। ਇਕ ਦਿਨ ਬਾਬਾ ਕੁਲਵੰਤ ਸਿੰਘ ਡਰੇਨ ਦੇ ਕੋਲ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ ਕਿ ਇੱਧਰ ਭਗਤ ਉਜਾਗਰ ਸਿੰਘ ਜੀ ਆਪਣੇ ਸਹੁਰੇ ਪਿੰਡ ਸਹੁਰੇ ਘਰ ਆਏ ਸਨ ਅਤੇ ਆਪਣਿਆਂ ਸਾਲਿਆਂ ਦੇ ਨਾਲ ਬਾਹਰ ਤੁਰਨ ਫਿਰਨ ਆਏ ਤਾਂ ਭਗਤ ਉਜਾਗਰ ਸਿੰਘ ਦੀ ਨਿਗ੍ਹਾ ਬਾਬਾ ਕੁਲਵੰਤ ਸਿੰਘ ਜੀ ਉਪਰ ਪਈ ਤਾਂ ਭਗਤ ਜੀ ਨੇ

ਆਪਣੇ ਰਿਸ਼ਤੇਦਾਰਾਂ ਨੂੰ ਪੁੱਛਿਆ ਕਿ ਇਹ ਸਿੰਘ ਕੌਣ ਹੈ ਤਾਂ ਉਹਨਾਂ ਨੇ ਭਗਤ ਜੀ ਨੂੰ ਦੱਸਿਆ ਕਿ ਇਹ ਭਾਈ ਕਿਆ ਦਾ ਲੜਕਾ ਹੈ ਤਾਂ ਭਗਤ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਨੂੰ ਆਪਣੇ ਕੋਲ ਬੁਲਾਇਆ ਤਾਂ ਬਾਬਾ ਜੀ ਭਗਤ ਜੀ ਕੋਲ ਆਏ ਤਾਂ ਭਗਤ ਜੀ ਨੇ ਪੁੱਛਿਆ ਕਾਕਾ ਕੀ ਕਰਦਾ ਹੈ ਤਾਂ ਬਾਬਾ ਜੀ ਨੇ ਉੱਤਰ ਦਿੱਤਾ ਕਿ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ ਤਾਂ ਭਗਤ ਜੀ ਇਹ ਗੱਲ ਸੁਣ ਕੇ ਬੜੇ ਖੁਸ਼ ਹੋਏ ਅਤੇ ਇਸੇ ਤਰ੍ਹਾਂ ਹੀ ਗੁਰਬਾਣੀ ਨੂੰ ਹੋਰ ਵੀ ਪੜ੍ਹਨ ਦਾ ਉਪਦੇਸ਼ ਦਿੱਤਾ ਅਤੇ ਇਸ ਤਰ੍ਹਾ ਹੌਲੀ-ਹੌਲੀ ਬਾਬਾ ਜੀ ਦਾ ਅਤੇ ਭਗਤ ਜੀ ਆਪਸ ਵਿੱਚ ਪ੍ਰੇਮ ਵਧਦਾ ਗਿਆ। ਜਦੋਂ ਵੀ ਭਗਤ ਜੀ ਆਪਣੇ ਸਹੁਰੇ ਪਿੰਡ ਆਉਂਦੇ ਤਾਂ ਬਾਬਾ ਕੁਲਵੰਤ ਸਿੰਘ ਜੀ ਭਗਤਾਂ ਨੂੰ ਜਰੂਰ ਮਿਲਦੇ ਅਤੇ ਭਗਤ ਜੀ ਨੇ ਬਾਬਾ ਕੁਲਵੰਤ ਸਿੰਘ ਜੀ ਨੂੰ 25 ਪਾਠ ਜਪੁਜੀ ਸਾਹਿਬ ਦੇ ਪੜ੍ਹਨ ਦਾ ਉਪਦੇਸ਼ ਦਿੱਤਾ।

**ਵਿਆਹ :** ਬਾਬਾ ਕੁਲਵੰਤ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਬਾਬਾ ਬੋਹੜ ਸਿੰਘ ਜੀ ਦੀ ਸਪੁੱਤਰੀ ਬੀਬੀ ਗੁਰਨਾਮ ਕੌਰ ਦੇ ਨਾਲ ਵਿਆਹ ਪਿੰਡ ਕਾਹਨੇ ਕਾਛੇ ਵਿਖੇ ਹੋਇਆ ਜੋ ਕਿ ਭਗਤ ਉਜਾਗਰ ਸਿੰਘ ਜੀ ਦਾ ਜੱਦੀ ਪਿੰਡ ਸੀ। ਇਸ ਤਰ੍ਹਾਂ ਹੋਰ ਵੀ ਮੇਲ ਮਿਲਾਪ ਵੱਧ ਗਿਆ। ਜਦੋਂ ਬਾਬਾ ਕੁਲਵੰਤ ਸਿੰਘ ਜੀ ਸੱਤਵੀਂ ਜਮਾਤ ਵਿੱਚ ਪੜ੍ਹਦੇ ਸਨ ਉਦੋਂ ਤੋਂ ਸੰਗਤ ਕਰਨੀ ਸ਼ੁਰੂ ਕੀਤੀ ਅਤੇ ਵੱਧ ਤੋਂ ਵੱਧ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ ਅਤੇ ਜਦੋਂ ਵੀ ਬਾਬਾ ਕੁਲਵੰਤ ਸਿੰਘ ਜੀ ਨੂੰ ਆਪਣੇ ਸਹੁਰੇ ਪਿੰਡ ਕਈ ਦਿਨ ਰਹਿਣਾ ਪੈਂਦਾਂ ਤਾਂ ਬਾਬਾ ਕੁਲਵੰਤ ਸਿੰਘ ਜੀ ਭਗਤਾਂ ਦੀ ਵੱਧ-ਵੱਧ ਸੰਗਤ ਦਾ ਲਾਭ ਉਠਾਉਂਦੇ।

**ਕਬੀਰ ਏਕ ਘਰੀ ਆਧੀ ਘਰੀ ਆਧੀ ਹੂ ਤੇ ਆਧ**
**ਭਗਤਨ ਸੇਤੀ ਗੋਸਟੇ ਜੋ ਕੀਨੋ ਸੋ ਲਾਭ॥**

**ਅੰਮ੍ਰਿਤ ਸੰਚਾਰ :** ਇਕ ਦਿਨ ਬਾਬਾ ਕੁਲਵੰਤ ਸਿੰਘ ਜੀ ਦੇ ਪਿਤਾ ਸ੍ਰ. ਦਰਸ਼ਨ ਸਿੰਘ ਜੀ ਨੇ ਆਪਣੇ ਸਪੁੱਤਰ ਸ੍ਰ. ਜਸਵੰਤ ਸਿੰਘ ਦੀਆਂ ਕਿਤਾਬਾਂ ਖਰੀਦ ਕੇ ਲਿਆਉਣ ਲਈ ਬਾਬਾ ਕੁਲਵੰਤ ਸਿੰਘ ਜੀ ਨੂੰ ਪੈਸੇ ਦਿੱਤੇ ਤਾਂ ਬਾਬਾ ਕੁਲਵੰਤ ਸਿੰਘ ਜੀ ਘਰੋਂ ਕਿਤਾਬਾਂ ਲੈਣ ਦੇ ਲਈ ਗਏ ਪਰ ਕਿਤਾਬਾਂ ਨਾ ਲਿਆਂਦੀਆਂ ਸਗੋਂ ਉਹਨਾਂ ਪੈਸਿਆਂ ਨਾਲ ਕਕਾਰ ਖਰੀਦੇ ਅਤੇ ਟਰੇਨ ਤੇ ਚੜ੍ਹ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚ ਕੇ ਅੰਮ੍ਰਿਤ ਛਕ ਆਏ ਤੇ ਜਦੋਂ ਘਰ ਆਏ ਤਾਂ ਪਿਤਾ ਸ੍ਰ. ਦਰਸ਼ਨ ਸਿੰਘ ਜੀ ਕੋਲੋਂ ਬਹੁਤ ਝਿੜਕਾਂ ਮਿਲੀਆਂ।

ਬਾਬਾ ਕੁਲਵੰਤ ਸਿੰਘ ਜੀ ਭਗਤ ਉਜਾਗਰ ਸਿੰਘ ਜੀ ਦੀ ਵੱਧ-ਵੱਧ ਸੰਗਤ ਕਰਨ ਲੱਗ ਪਏ ਅਤੇ ਨਾਮ ਬਾਣੀ ਦਾ ਵੀ ਭਗਤ ਜੀ ਦੇ ਕਹਿਣ ਅਨੁਸਾਰ ਵੱਧ ਅਭਿਆਸ ਕਰਨ ਲੱਗ ਪਏ ਅਤੇ ਜੋ ਵੀ ਹੁਕਮ ਭਗਤ ਜੀ ਨੇ ਕਰਨਾ ਉਸ ਨੂੰ ਮੰਨਣਾ ਅਤੇ ਭਗਤ ਉਜਾਗਰ ਸਿੰਘ ਜੀ ਦੇ ਨਾਲ ਸੰਤ ਗਿ: ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਦੇ ਜੱਥੇ ਵਿੱਚ ਵੀ ਜਾਣਾ

ਸ਼ੁਰੂ ਕਰ ਦਿੱਤਾ ਅਤੇ ਇੱਧਰ ਬਾਬਾ ਕੁਲਵੰਤ ਸਿੰਘ ਜੀ ਉਸ ਵੇਲੇ ਦਸਵੀਂ ਕਲਾਸ ਵਿੱਚ ਪੜ੍ਹਦੇ ਸਨ ਅਤੇ ਦਸਵੀਂ ਦੇ ਪੇਪਰ ਨੇੜੇ ਆ ਗਏ ਅਤੇ ਦਸਵੀਂ ਦੇ ਪੇਪਰਾਂ ਦੀ ਤਿਆਰੀ ਨਾ ਹੋ ਸਕੀ ਅਤੇ ਬਾਬਾ ਕੁਲਵੰਤ ਸਿੰਘ ਜੀ ਨੇ ਭਗਤ ਉਜਾਗਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਦਾਸ ਦੀ ਦਸਵੀਂ ਦੇ ਪੇਪਰਾਂ ਦੀ ਬਿਲਕੁਲ ਵੀ ਤਿਆਰੀ ਨਹੀਂ ਹੈ ਅਤੇ ਪੇਪਰ ਨੇੜੇ ਆ ਗਏ ਹਨ। ਤਾਂ ਭਗਤ ਜੀ ਨੇ ਕਿਹਾ ਚੰਗਾ ਸਿੰਘਾਂ ਬੇਫਿਕਰ ਹੋ ਜਾ ਜਦੋਂ ਤੇਰੇ ਪੇਪਰ ਹੋਣਗੇ ਉਸ ਮੌਕੇ ਇਕ ਪਾਸੇ ਤੈਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਹੋਣਗੇ ਅਤੇ ਇਕ ਪਾਸੇ ਸਾਰੇ ਪ੍ਰਸ਼ਨਾ ਦੇ ਉੱਤਰ ਹੋਣਗੇ ਜਿੰਨਾ ਮਰਜੀ ਲਿਖੀ ਜਾਈਂ। ਇਸ ਤਰ੍ਹਾਂ ਹੀ ਹੋਇਆ ਤਾਂ ਬਾਬਾ ਕੁਲਵੰਤ ਸਿੰਘ ਜੀ ਨੂੰ ਪਹਿਲੀ ਵਾਰ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ ਫਿਰ ਆਪ ਜੀ ਨੇ ਦੁਨਿਆਵੀ ਪੜ੍ਹਾਈ ਛੱਡ ਦਿੱਤੀ ਅਤੇ ਵੱਧ ਤੋਂ ਵੱਧ ਨਾਮ ਅਭਿਆਸ ਅਤੇ ਭਗਤ ਜੀ ਦੀ ਸੰਗਤ ਵਿੱਚ ਰਹਿਣ ਲੱਗ ਪਏ।

ਜਦੋਂ ਵੀ ਆਪ ਜੀ ਖੇਤੀਬਾੜੀ ਦਾ ਕੰਮ ਕਾਜ ਕਰਦੇ ਤਾਂ ਆਪਣੇ ਭਰਾਵਾਂ ਤੋਂ ਵੱਖਰੇ ਹੋ ਕੰਮ ਕਾਜ ਕਰਦੇ ਤਾਂ ਜੋ ਕੰਮ ਕਾਜ ਕਰਦਿਆਂ ਵੀ ਗੱਲਬਾਤਾਂ ਨਾ ਕੀਤੀਆ ਜਾਣ ਸਗੋਂ ਵੱਧ ਤੋਂ ਵੱਧ ਨਾਮ ਅਭਿਆਸ ਕਰਦੇ ਬਾਣੀ ਪੜ੍ਹਦੇ। ਜਿਆਦਾਤਰ ਬਾਬਾ ਜੀ ਜੱਥੇ ਵਿੱਚ ਰਹਿੰਦੇ ਤਾਂ ਘਰ ਦੇ ਕੰਮ ਕਾਜ ਲਈ ਟਾਈਮ ਨਾ ਨਿਕਲਦਾ ਤਾਂ ਬਾਬਾ ਜੀ ਦੇ ਭਰਾ ਇਤਰਾਜ ਕਰਦੇ ਕਿ ਇਹ ਘਰ ਦਾ ਕੋਈ ਵੀ ਕੰਮ ਨਹੀਂ ਕਰਦਾ ਤਾਂ ਭਰਾਵਾਂ ਨੇ ਸਲਾਹ ਕਰਕੇ ਬਾਬਾ ਕੁਲਵੰਤ ਜੀ ਨੂੰ ਘਰੋਂ ਅੱਡ ਕਰ ਦਿੱਤਾ ਤਾਂ ਬਾਬਾ ਕੁਲਵੰਤ ਸਿੰਘ ਜੀ ਦੀ ਧਰਮ ਸੁਪਤਨੀ ਬੀਬੀ ਗੁਰਨਾਮ ਕੌਰ ਖੇਤੀਬਾੜੀ ਦਾ ਕੰਮ ਕਰਵਾਉਂਦੇ ਤਾਂ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਆਪ ਜੀ ਦੀ ਫਸਲ ਦਾ ਝਾੜ ਬਾਕੀ ਭਰਾਵਾਂ ਨਾਲੋਂ ਵੱਧ ਨਿਕਲਦਾ ਤਾਂ ਆਪ ਜੀ ਦੇ ਭਰਾ ਵੀ ਹੈਰਾਨ ਹੁੰਦੇ।

1965 ਈਸਵੀ ਦੀ ਜੰਗ ਦੇ ਸਮੇਂ ਪਰਿਵਾਰ ਨੂੰ ਪਿੰਡ ਕਾਲੀਆ ਸੰਗਤਰਾ ਛੱਡਣਾ ਪਿਆ ਕਿਉਂਕਿ ਇਹ ਪਿੰਡ ਬਾਰਡਰ ਉਪਰ ਸਥਿਤ ਹੈ। ਜੰਗ ਤੋਂ ਬਾਅਦ ਬਾਕੀ ਭਰਾ ਵਾਪਸ ਆਪਣੇ ਪਿੰਡ ਕਾਲੀਏ ਪਹੁੰਚੇ ਪਰ ਭਗਤ ਉਜਾਗਰ ਸਿੰਘ ਜੀ ਦੇ ਕਹਿਣ ਤੇ ਬਾਬਾ ਕੁਲਵੰਤ ਸਿੰਘ ਜੀ ਕਾਲੀਏ ਸੰਗਤਰੇ ਨਾ ਗਏ ਫਿਰ ਆਪ ਜੀ ਫਿਰੋਜ਼ਪੁਰ ਦੇ ਨਜ਼ਦੀਕ ਨਵਾਂ ਪੂਰਬਾਂ ਪਿੰਡ ਵਿਖੇ ਆ ਗਏ। ਕਾਲੀਏ ਸੰਗਤਰੇ ਜੋ ਵੀ ਜਮੀਨ ਜਾਇਦਾਦ ਹਿੱਸੇ ਆਉਂਦੀ ਸੀ ਉਸ ਜ਼ਮੀਨ ਜਾਇਦਾਦ ਵਿੱਚੋਂ ਕੁਝ ਵੀ ਹਿੱਸਾ ਬਾਬਾ ਕੁਲਵੰਤ ਸਿੰਘ ਜੀ ਨੂੰ ਨਾ ਮਿਲਿਆ। ਇੱਥੇ ਪਰਿਵਾਰ ਸਮੇਤ ਜ਼ਮੀਨ ਠੇਕੇ ਤੇ ਲੈ ਕੇ ਬੈਠ ਗਏ ਅਤੇ ਭਗਤਾਂ ਦੇ ਬਚਨ ਸਨ ਕਿ ਸਿੰਘਾਂ ਇਸ ਠੇਕੇ ਵਾਲੀ ਜ਼ਮੀਨ ਤੋਂ ਹੀ ਤੇਰੀ ਕਮਾਈ ਵਿੱਚ ਬਰਕਤਾਂ ਪੈਣਗੀਆਂ। ਤੂੰ ਆਪ ਇਸ ਕਮਾਈ ਦੇ ਸਦਕਾ ਰਾਜਾ ਬਣੇਗਾ ਭਾਵ ਤੇਰੀ ਆਪਣੀ ਜ਼ਮੀਨ ਹੋਵੇਗੀ ਫਿਰ ਇਸ ਤਰ੍ਹਾਂ ਮਿਹਨਤ ਮਸ਼ੱਕਤ ਕਰਦਿਆਂ ਹੋਇਆਂ ਜ਼ਮੀਨ ਮੁੱਲ ਖਰੀਦੀ।

**ਸੰਤਾਨ:** ਬਾਬਾ ਕੁਲਵੰਤ ਸਿੰਘ ਜੀ ਗ੍ਰਹਿ ਵਿਖੇ ਮਾਤਾ ਗੁਰਨਾਮ ਕੌਰ ਜੀ ਦੀ ਕੁੱਖ ਤੋਂ ਤਿੰਨ ਬੱਚਿਆਂ ਨੇ ਜਨਮ ਲਿਆ। ਸ੍ਰ. ਬਲਵਿੰਦਰ ਸਿੰਘ ਵੱਡਾ ਸਪੁੱਤਰ ਅਤੇ ਬੀਬੀ ਪਰਮਿੰਦਰ ਕੌਰ ਸਪੁੱਤਰੀ ਇਹਨਾਂ ਦਾ ਜਨਮ ਕਾਲੀਏ ਸੰਗਤਰੇ ਵਿਖੇ ਹੋਇਆ ਅਤੇ ਛੋਟੇ ਸਪੁੱਤਰ ਸ੍ਰ. ਗੁਰਮੀਤ ਸਿੰਘ ਦਾ ਜਨਮ ਪਿੰਡ ਨਵਾਂ ਪੂਰਬਾ ਵਿਖੇ ਹੋਇਆ। ਜਦੋਂ ਪਿੰਡ ਨਵਾਂ ਪੂਰਬਾ ਵਿਖੇ ਜਮੀਨ ਠੇਕੇ ਤੇ ਲੈ ਕੇ ਵਾਹੁਣੀ ਸ਼ੁਰੂ ਕਰ ਦਿੱਤੀ ਤਾਂ ਬਾਬਾ ਕੁਲਵੰਤ ਸਿੰਘ ਮਹਾਂਪੁਰਖ ਤਾਂ ਜਿਆਦਾ ਨਾਮ ਬਾਣੀ ਦੇ ਅਭਿਆਸ ਅਤੇ ਜੱਥੇ ਵਿੱਚ ਹੀ ਜਿਆਦਾਤਰ ਰਹਿੰਦੇ ਸਨ ਜੋ ਵੀ ਖੇਤੀਬਾੜੀ ਦਾ ਕੰਮ ਹੁੰਦਾ ਉਹ ਵੱਡਾ ਸਪੁੱਤਰ ਸ੍ਰ. ਬਲਵਿੰਦਰ ਸਿੰਘ ਕਰਦਾ ਅਤੇ ਨਾਲ ਮਾਤਾ ਗੁਰਨਾਮ ਕੌਰ ਜੀ ਕੰਮ-ਧੰਦੇ ਵਿੱਚ ਸਹਾਇਤਾ ਕਰਵਾਉਂਦੇ। ਇਸ ਲਈ ਛੋਟੀ ਉਮਰ ਵਿੱਚ ਹੀ ਖੇਤੀਬਾੜੀ ਦੇ ਕੰਮ ਵਿੱਚ ਲੱਗਣੇ ਕਰਕੇ ਸ੍ਰ. ਬਲਵਿੰਦਰ ਸਿੰਘ ਜਿਆਦਾ ਪੜ੍ਹ ਵੀ ਨਾ ਸਕੇ। ਬਾਬਾ ਕੁਲਵੰਤ ਸਿੰਘ ਜੀ ਦਾ ਸਹੁਰਾ ਪਰਿਵਾਰ ਜਿਨ੍ਹਾਂ ਦਾ ਪਿਛੋਕੜ ਪਿੰਡ ਕਾਹਨੇ ਕਾਛੇ ਦਾ ਹੈ ਉਹ ਤਾਂ ਵੰਡ ਵੇਲੇ ਇਧਰ ਪੈਲੀ ਅਲਾਟ ਹੋ ਗਈ ਤਾਂ ਸ੍ਰ. ਬਲਵਿੰਦਰ ਸਿੰਘ ਪਹਿਲਾਂ ਸਾਰਾ ਕੰਮ ਆਪਣੇ ਨਾਨਕੇ ਪਰਿਵਾਰ ਨਾਲ ਕਰਵਾਉਂਦਾ ਖੇਤੀਬਾੜੀ ਦਾ ਤੇ ਬਾਅਦ ਵਿੱਚ ਉਹਨਾਂ ਦੇ ਖੇਤੀਬਾੜੀ ਦੇ ਸੰਦਾਂ ਦੇ ਨਾਲ ਆਪਣੀ ਜ਼ਮੀਨ ਜੋ ਠੇਕੇ ਤੇ ਲਈ ਹੁੰਦੀ ਸੀ ਉਸ ਵਿੱਚ ਵਾਹੀ ਜੋਤੀ ਦਾ ਕੰਮ ਕਰਦੇ। ਇਸ ਤਰ੍ਹਾਂ ਸ੍ਰ. ਬਲਵਿੰਦਰ ਸਿੰਘ ਜੀ ਨੇ ਆਪਣੀ ਉਮਰ ਵਿੱਚ ਬਹੁਤ ਹੱਡਭੰਨਵੀ, ਮਿਹਨਤ, ਮਸ਼ੱਕਤ ਕੀਤੀ ਅਤੇ ਸ੍ਰ. ਬਲਵਿੰਦਰ ਸਿੰਘ ਜੀ ਦੀ ਧਰਮ ਸੁਪਤਨੀ ਬੀਬੀ ਪਰਮਜੀਤ ਕੌਰ ਨੇ ਵੀ ਆਪਣੀ ਸੱਸ ਮਾਤਾ ਗੁਰਨਾਮ ਕੌਰ ਅਤੇ ਆਪਣੇ ਸਹੁਰਾ ਸਾਹਿਬ ਬਾਬਾ ਕੁਲਵੰਤ ਸਿੰਘ ਜੀ ਮਹਾਂਪੁਰਖਾਂ ਦੀ ਬਹੁਤ ਸੇਵਾ ਕੀਤੀ।

ਜਦੋਂ ਬਾਬਾ ਕੁਲਵੰਤ ਸਿੰਘ ਜੀ ਜੱਥੇ ਵਿੱਚ ਹੁੰਦੇ ਘਰ ਤੋਂ ਬਾਹਰ ਕਈ-ਕਈ ਦਿਨ ਰਹਿੰਦੇ ਤਾਂ ਪਿੰਡ ਨਵਾਂ ਪੂਰਬਾਂ ਵਿਖੇ ਮਕਾਨ ਬਣਾਇਆ ਤਾਂ ਘਰ ਦੀ ਕੋਈ ਵੀ ਚਾਰਦੀਵਾਰੀ ਨਹੀਂ ਸੀ ਤਾਂ ਜਦੋਂ ਵੀ ਆਪ ਜੱਥੇ ਦੇ ਵਿੱਚ ਜਾਣ ਲਗਦੇ ਤਾਂ ਮਾਤਾ ਗੁਰਨਾਮ ਕੌਰ ਚਿੰਤਾਂ ਕਰਦੇ ਕਿ ਬੱਚੇ ਛੋਟੇ ਹਨ ਤੇ ਤੁਸੀਂ ਵੀ ਜੱਥੇ ਵਿੱਚ ਜਾ ਰਹੇ ਹੋ ਤਾਂ ਆਪ ਜੀ ਬਚਨ ਕਰਦੇ ਕਿ ਤੁਸੀਂ ਫ਼ਿਕਰ ਨਾ ਕਰੋ। ਭਗਤਾਂ ਦੀ ਕਿਰਪਾ ਸਦਕਾ ਸ਼ਹੀਦ ਸਿੰਘਾਂ ਦਾ ਪਹਿਰਾ ਹੈ ਤਾਂ ਜਦੋਂ ਕਿਤੇ ਵੀ ਮਾਤਾ ਗੁਰਨਾਮ ਕੌਰ ਜੀ ਰਾਤ ਨੂੰ ਘਰ ਵਿੱਚ ਹੁੰਦੇ ਤਾਂ ਖਿਆਲ ਆਉਂਦਾ ਤਾਂ ਘਰ ਵਿੱਚ ਚੱਕਰ ਕੱਢਦੇ ਤਾਂ ਮਾਤਾ ਗੁਰਨਾਮ ਕੌਰ ਜੀ ਨੂੰ ਸ਼ਹੀਦ ਸਿੰਘਾਂ ਦਾ ਪਹਿਰਾਂ ਵਿਖਾਈ ਦਿੰਦਾ ਤਾਂ ਫਿਰ ਆਪ ਜੀ ਨਿਸ਼ਚਿਤ ਹੋ ਜਾਂਦੇ।

1947 ਈਸਵੀਂ ਦੀ ਵੰਡ ਤੋਂ ਬਾਅਦ ਭਗਤ ਉਜਾਗਰ ਸਿੰਘ ਜੀ ਜਿਹਨਾਂ ਦਾ ਪਹਿਲਾਂ ਪਿੰਡ ਕਾਹਨਾ ਕਾਛਾ, ਜਿਲ੍ਹਾ ਲਾਹੌਰ ਵਿੱਚ ਸੀ ਭਗਤ ਉਜਾਗਰ ਸਿੰਘ ਨੂੰ ਪਿੰਡ ਸੱਦੂਆਲਾ ਜ਼ਿਲ੍ਹਾ ਫਿਰੋਜ਼ਪੁਰ ਦੇ ਵਿੱਚ ਜਮੀਨ ਅਲਾਟ ਹੋਈ ਸੀ। ਪਿੰਡ ਸੱਦੂਵਾਲਾ ਤੋਂ ਪਿੰਡ ਨਵਾਂ ਪੂਰਬਾਂ ਦੀ ਦੂਰੀ 20 ਤੋਂ 22 ਕਿਲੋਮੀਟਰ ਦੇ ਵਿਚਕਾਰ ਹੈ ਤਾਂ ਬਾਬਾ ਕੁਲਵੰਤ ਸਿੰਘ ਜੀ ਨੇ ਆਪਣੇ ਪਿੰਡ ਨਵਾਂ ਪੂਰਬਾਂ ਤੋਂ ਭਗਤ ਉਜਾਗਰ ਸਿੰਘ ਜੀ ਦੇ ਪਿੰਡ ਸੱਦੂਵਾਲੇ

ਜਾਣਾਂ ਕਈ ਵਾਰ ਭਗਤ ਜੀ ਦੀ ਜਮੀਨ ਵਿੱਚ ਜੋ ਵੀ ਫਸਲ ਦੀ ਗੋਡੀ ਕਰਨੀ, ਪਾਣੀ ਲਾਉਣਾ ਜਾਂ ਹੋਰ ਜੋ ਵੀ ਖੇਤੀਬਾੜੀ ਦਾ ਕੰਮ ਹੋਣਾ ਉਹ ਕਰਦੇ ਰਹਿਣਾ ਤੇ ਨਾਲ-ਨਾਲ ਬਾਣੀ ਪੜ੍ਹਦੇ ਰਹਿਣਾ।

ਇਕ ਵਾਰੀ ਭਗਤ ਜੀ ਬਾਬਾ ਕੁਲਵੰਤ ਸਿੰਘ ਜੀ ਨੂੰ ਗੰਗਾਨਗਰ ਦੇ ਕੋਲ ਕਰੜ ਵਾਲੇ ਹਿੰਦੂ ਮਲਕੋਟ ਜਿੱਥੇ ਜੱਥਾ ਸੀ ਉਥੇ ਨਾਲ ਲੈ ਗਏ ਉਥੇ ਬਾਬਾ ਜੀ ਕੇਵਲ ਇਕ ਘੰਟਾ ਹੀ ਸੌਂਦੇ ਰਹੇ। ਡਾਕਟਰ ਅਰਜਨ ਸਿੰਘ ਜੋ ਗੰਗਾਨਗਰ ਦਾ ਸੀ ਉਸਦਾ ਹੰਕਾਰ ਤੋੜਨ ਵਾਸਤੇ ਭਗਤ ਜੀ ਇਨ੍ਹਾਂ ਸਿੰਘ ਤੋਂ ਇੰਨਾ ਅਭਿਆਸ ਕਰਵਾਉਂਦੇ ਤਾਂ ਡਾਕਟਰ ਅਰਜਨ ਸਿੰਘ ਨੇ ਇਹ ਸਭ ਕੁਝ ਵੇਖਕੇ ਭਗਤ ਜੀ ਨੂੰ ਮੱਥਾ ਟੇਕਆ।

ਇਕ ਵਾਰੀ ਭਗਤ ਜੀ ਅਤੇ ਬਾਬਾ ਕੁਲਵੰਤ ਸਿੰਘ ਜੀ ਗੰਗਾਨਗਰ ਹੀ ਟਾਹਲੀਆਂ ਦੇ ਦਰੱਖਤਾਂ ਵਿੱਚ ਬੈਠੇ ਸਨ ਤਾਂ ਭਗਤ ਜੀ ਨੇ ਬਾਬਾ ਨੂੰ ਕਿਹਾ ਕਿ ਇਹ ਟਾਹਲੀ ਦਰੱਖਤਾਂ ਦੇ ਜਿੰਨੇ ਵੀ ਪੱਤੇ ਹਨ। ਇਹਨਾਂ ਵਿੱਚੋਂ ਵਾਹਿਗੁਰੂ ਮੰਤਰ ਦੇ ਦਰਸ਼ਨ ਹੋਣ ਲੱਗ ਪੈਣ। ਨਾਮ ਚਲਾ ਦਿਉ ਤਾਂ ਦੂਜੇ ਸਿੰਘ ਸੁਣ ਕੇ ਹੈਰਾਨ ਹੋਏ ਕਿਉਂਕਿ ਉਸ ਵਕਤ ਬਾਬਾ ਕੁਲਵੰਤ ਸਿੰਘ ਜੀ ਇਸ ਅਵਸਥਾ ਤੇ ਪਹੁੰਚੇ ਹੋਏ ਸਨ ਤਾਂ ਬਾਬਾ ਕੁਲਵੰਤ ਸਿੰਘ ਜੀ ਨੇ ਭਗਤ ਜੀ ਦਾ ਬਚਨ ਮੰਨ ਕੇ ਇਸ ਤਰ੍ਹਾਂ ਹੀ ਪੱਤੇ-ਪੱਤੇ ਵਿੱਚੋਂ ਵਾਹਿਗੁਰੂ ਮੰਤਰ ਦੇ ਦਰਸ਼ਨ ਕਰਵਾ ਦਿੱਤੇ ਤੇ ਨਾਮ ਚਲਾ ਦਿੱਤਾ ਤਾਂ ਭਗਤ ਜੀ ਬਾਬਾ ਜੀ ਉਪਰ ਬਹੁਤ ਖੁਸ਼ ਹੋਏ।

ਜਦੋਂ ਭਗਤ ਉਜਾਗਰ ਸਿੰਘ ਜੀ ਨੇ ਸੰਤ ਗਿ: ਗੁਰਬਚਨ ਸਿੰਘ ਜੀ ਦੇ ਕਹਿਣ ਤੇ ਕਿ ਭਗਤ ਜੀ ਤੁਸੀਂ ਆਪ ਤਾਂ ਦਰਸ਼ਨ ਕਰ ਲਏ ਹਨ ਹੁਣ ਹੋਰ ਸਿੰਘਾਂ ਨੂੰ ਵੀ ਦਰਸ਼ਨ ਕਰਵਾਉ ਤਾਂ ਆਪ ਜੀ ਨੇ ਅਠਾਰਾਂ-ਉੱਨੀ ਸਿੰਘਾਂ ਨੂੰ ਹਜੂਰ ਸਾਹਿਬ ਜਾਣ ਲਈ ਪ੍ਰੇਰਿਆ ਤਾਂ ਉਹਨਾਂ ਸਿੰਘਾਂ ਵਿੱਚ ਬਾਬਾ ਕੁਲਵੰਤ ਸਿੰਘ ਜੀ ਸਨ ਜੋ ਕਿ ਉਸ ਵੇਲੇ ਬਾਬਾ ਕੁਲਵੰਤ ਸਿੰਘ ਜੀ ਵੱਡੇ ਗੜਵਈ ਸਨ ਭਗਤ ਜੀ ਨੇ ਹਜੂਰ ਸਾਹਿਬ ਵਿਖੇ ਚਾਲੀ ਦਿਨ ਨੌ-ਨੌ ਘੰਟੇ ਹਾਜਰੀ ਪਰੀ ਅਤੇ ਨਾਲ ਹੀ ਨੌ-ਨੌ ਘੰਟੇ ਸਿੰਘਾਂ ਕੋਲੇ ਹਾਜਰੀ ਭਰਵਾਈ ਅਤੇ ਇਹਨਾਂ ਕਮਾਈ ਵਾਲੇ ਸਿੰਘਾਂ ਨੂੰ ਆਪਣੇ ਬਲ ਸਦਕਾ ਮਹਾਰਾਜ ਦੇ ਪ੍ਰਤੱਖ ਦਰਸ਼ਨ ਕਰਵਾਏ ਅਤੇ ਮੁੜਦੇ ਸਮੇਂ ਭਗਤ ਜੀ ਨੇ ਸਿੰਘਾਂ ਨੂੰ ਪਟਨਾ ਸਾਹਿਬ ਅਤੇ ਹੋਰ ਵੀ ਕਈ ਅਸਥਾਨਾਂ ਦੇ ਦਰਸ਼ਨ ਕਰਵਾਏ। ਭਗਤ ਜੀ ਜਦੋਂ ਵੀ ਅਸਥਾਨ ਤੇ ਜਾਂਦੇ ਸਨ ਤਾਂ ਸਾਰੇ ਸਿੰਘਾਂ ਦੀ ਸਮਾਧੀ ਲਵਾ ਦਿੰਦੇ ਸਨ ਅਤੇ ਜਿਸ ਅਸਥਾਨ ਦਾ ਜੈਸਾ ਇਤਿਹਾਸ ਹੁੰਦਾ ਵੈਸੇ ਕੌਤਕ ਤੇ ਦਰਸ਼ਨ ਸਿੰਘਾਂ ਨੂੰ ਕਰਵਾ ਦਿੰਦੇ ਅਤੇ ਇਸ ਸੰਗਤ ਦਾ ਪੂਰਾ-ਪੂਰਾ ਲਾਭ ਬਾਬਾ ਕੁਲਵੰਤ ਸਿੰਘ ਜੀ ਨੇ ਉਠਾਇਆ।

ਭਗਤ ਉਜਾਗਰ ਸਿੰਘ ਜੀ ਨੇ ਸਰੀਰ ਛੱਡਣ ਤੋਂ ਪਹਿਲਾ ਦਿੱਲੀ ਵਿਖੇ ਹੀ ਬਾਬਾ ਕੁਲਵੰਤ ਸਿੰਘ ਜੀ ਨੂੰ ਅਰਦਾਸ ਕਰਕੇ ਆਪਣੀ ਭਗਤੀ ਅਤੇ ਸਿਮਰਨ ਦੀ ਪੱਗ ਦਿੱਤੀ ਅਤੇ ਕਿਹਾ ਕਿ ਸਾਡੇ ਤੋਂ ਬਾਅਦ ਇਹਨਾਂ ਉੱਤੇ ਬਹੁਤ ਜਿਆਦਾ ਕਿਰਪਾ ਰਹੇਗੀ। ਬਾਬਾ

ਕੁਲਵੰਤ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਜਿਸ ਭਾਵਨਾ ਨਾਲ ਸੰਗਤ ਬਾਬਾ ਕੁਲਵੰਤ ਸਿੰਘ ਜੀ ਕੋਲ ਦਰਸ਼ਨ ਕਰਨ ਆਉਂਦੀ ਤਾਂ ਬਾਬਾ ਕੁਲਵੰਤ ਸਿੰਘ ਸੰਗਤ ਦੀ ਭਾਵਨਾ ਪੂਰੀ ਕਰਦੇ ਅਤੇ ਨਾਲ ਹੀ ਆਪ ਜੀ ਨੇ ਭਗਤ ਜੀ ਦੇ ਅਸਥਾਨਾਂ ਦੀ ਸੇਵਾ ਵੀ ਸੰਪੂਰਨ ਕਰਵਾਈ।

ਬਾਬਾ ਜੀ ਦਾ ਅੰਤਲਾ ਸਮਾਂ

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ**
**ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥**
**ਪਵਨੈ ਮਹਿ ਪਵਨ ਸਮਾਇਆ**
**ਜੋਤੀ ਮਹਿ ਜੋਤਿ ਰਲਿ ਜਾਇਆ॥**
**ਗੁਰਮੁਖ ਜਨਮ ਸਵਾਰ ਦਰਗਾਹ ਚਲਿਆ**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ॥**

ਬਾਬਾ ਕੁਲਵੰਤ ਸਿੰਘ ਜੀ ਨੇ ਜਿੱਥੇ ਆਪਣੀ ਸਾਰੀ ਆਯੂ ਦੌਰਾਨ ਪ੍ਰਮਾਤਮਾ ਦੀ ਬੰਦਗੀ ਭਗਤੀ ਕੀਤੀ। ਉਥੇ ਆਪਣੇ ਅੰਤਲੇ ਸਮੇਂ ਦੌਰਾਨ ਵੀ ਨਿਤਨੇਮ, ਸਿਮਰਨ, ਬੰਦਗੀ ਦਾ ਨਾਗਾ ਨਹੀਂ ਪੈਣ ਦਿੱਤਾ। ਬਾਬਾ ਕੁਲਵੰਤ ਸਿੰਘ ਜੀ ਨੂੰ ਅੰਤਲੇ ਸਮੇਂ ਮਿਸ਼ਨ ਹਸਪਤਾਲ ਫਿਰੋਜ਼ਪੁਰ ਵਿਖੇ ਦਾਖਲ ਕਰਵਾਇਆ ਗਿਆ ਤਾਂ ਆਪ ਜੀ ਨੇ ਦੱਸਿਆ ਕਿ ਸਾਨੂੰ ਸਰੀਰਕ ਤਕਲੀਫ ਕੋਈ ਵੀ ਨਹੀਂ ਹੈ। ਇਹ ਤਾਂ ਸਿਰਫ਼ ਸਰੀਰ ਨੂੰ ਛੱਡਣ ਦਾ ਕੇਵਲ ਬਹਾਨਾ ਹੈ। 4 ਅੱਸੂ 2019, ਨੂੰ ਮਿਸ਼ਨ ਹਸਪਤਾਲ ਵਿਖੇ ਸਵੇਰੇ 10 ਵਜੇ ਆਪ ਜੀ ਨੇ ਸਰੀਰ ਛੱਡ ਦਿੱਤਾ। ਆਪ ਜੀ ਦੇ ਸਰੀਰ ਦਾ ਸੰਸਕਾਰ ਗੁਰਦੁਆਰਾ ਸਾਹਿਬ ਪਿੰਡ ਸੱਦੂਵਾਲਾ ਵਿਖੇ ਕੀਤਾ ਗਿਆ ਅਤੇ ਉਸ ਜਗ੍ਹਾ ਤੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਹੈ ਅਤੇ ਗੁਰਦੁਆਰਾ ਸਾਹਿਬ ਸੱਦੂਵਾਲਾ ਵਿਖੇ ਹੀ ਬਾਬਾ ਕੁਲਵੰਤ ਸਿੰਘ ਜੀ ਦੀ ਬਰਸੀ 4 ਅੱਸੂ ਨੂੰ ਮਨਾਈ ਜਾਂਦੀ ਹੈ।

ਬਾਬਾ ਕੁਲਵੰਤ ਸਿੰਘ ਜੀ ਨੇ ਆਪਣੀ ਮੌਜੂਦਗੀ ਵਿੱਚ ਸੰਤ ਬਾਬਾ ਮਲਕੀਤ ਸਿੰਘ ਜੀ ਨੂੰ ਆਪਣੀ ਜਗ੍ਹਾ ਤੇ ਦਸਤਾਰ ਬਖਸ਼ਿਸ਼ ਕੀਤੀ ਅਤੇ ਜੋ ਹੁਣ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਨ ਦੀ ਸੇਵਾ ਕਰ ਰਹੇ ਹਨ।